Space for Advertisement

12ਵਾਂ ਸਾਲ
ਹਫਤਾਵਾਰੀ
# ਦੇਸ਼ ਦੁਆਬਾ
VOL -12 ISSUE -15
July 19, 2023
Postal Address
Desh Doaba
5101 Doe Hollow Pl., Antelope, CA-95843
www.deshdoaba.com
www.ambedkartimes.com

Golden State Truck Sales Inc.
ਟਰੱਕ-ਟਰੇਲਰ
ਖਰੀਦਣ ਅਤੇ ਵੇਚਣ ਲਈ ਮਿਲੋ
ਸਸਤੀਆਂ ਵਿਆਜ ਦਰਾਂ ਤੇ ਟਰੱਕ
ਦਾ ਲੋਨ ਲੈਣ ਲਈ
ਅਸੀਂ ਤੁਹਾਡੀ ਮਦਦ ਕਰਾਂਗੇ
Call : Dharminder Singh
Cell : 530-870-6600
Email: myfuturetruck@gmail.com

ਮੁੱਖ ਸੰਪਾਦਕ : ਪ੍ਰੇਮ ਕੁਮਾਰ ਚੁੰਬਰ ਸੰਪਰਕ : 916-947-8920 ਫੈਕਸ : 916-238-1393 E-mail : deshdoaba@yahoo.com ਸੰਪਾਦਕ : ਤਰਸੇਮ ਜਲੰਧਰੀ / ਵਿਵੇਕ ਭਾਟੀਆ

# ਭਾਰਤ ਵਿਚ ਲੋਕ ਸਭਾ ਚੋਣਾਂ ਲਈ ਮੈਦਾਨ 9 ਮਹੀਨੇ ਪਹਿਲਾਂ ਹੀ ਤਿਆਰ

## ਐਨਡੀਏ ਨੂੰ ਚੁਣੌਤੀ ਦੇਣ ਲਈ 26 ਪਾਰਟੀਆਂ ਇੱਕਜੁਟ

**ਬੰਗਲੌਰ (ਬਿਊਰੋ)–** ਭਾਰਤ ਵਿਚ ਲੋਕ ਸਭਾਂ ਚੋਣਾਂ ਨੂੰ ਹਾਲੇ 9 ਮਹੀਨੇ ਬਾਕੀ ਹਨ ਪਰ ਮੱਧਕਾਲੀ ਚੋਣਾਂ ਲਈ ਸਾਰੀਆਂ




ਪਾਰਟੀਆਂ ਦੋ ਝੰਡਿਆਂ ਹੇਠ ਇਕੱਠੀਆਂ ਹੋਣੀਆਂ ਆਰੰਭ ਹੋ ਗਈਆਂ ਹਨ। ਅਗਲੇ ਸਾਲ ਹੋਣ ਵਾਲੀਆਂ ਲੋਕ ਸਭਾ ਚੋਣਾਂ ਵਿਚ ਭਾਜਪਾ ਦੀ ਅਗਵਾਈ ਵਾਲੇ ਸੱਤਾਧਾਰੀ ਕੌਮੀ ਜਮਹੂਰੀ ਗੱਠਜੋੜ (ਐਨਡੀਏ) ਨਾਲ ਮੱਥਾ ਲਾਉਣ ਲਈ 26 ਵਿਰੋਧੀ ਪਾਰਟੀਆਂ ਨੇ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਨਾਂ ਦਾ ਗੱਠਜੋੜ ਬਣਾਇਆ ਹੈ। ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਕਿਹਾ ਕਿ 2024 ਵਿੱਚ ਹੋਣ ਵਾਲੀ ਇਹ ਲੜਾਈ 'ਇੰਡੀਆ ਬਨਾਮ ਪ੍ਰਧਾਨ ਮੰਤਰੀ ਨਰਿੰਦਰ ਮੋਦੀ' ਹੋਵੇਗੀ। ਇਥੇ 26 ਵਿਰੋਧੀ ਪਾਰਟੀਆਂ ਦੇ ਆਗੂਆਂ ਦੀ ਚਾਰ ਘੰਟੇ ਦੇ ਕਰੀਬ ਚੱਲੀ ਮੀਟਿੰਗ ਉਪਰੰਤ ਸਾਂਝੀ ਪ੍ਰੈਸ ਕਾਨਫਰੰਸ ਦੌਰਾਨ ਵਿਰੋਧੀ ਧਿਰਾਂ

(ਬਾਕੀ ਸਫਾ 10 'ਤੇ)

## ਮੋਦੀ ਦੀ ਅਗਵਾਈ ਵਿੱਚ 38 ਪਾਰਟੀਆਂ ਇਕ ਮੰਚ 'ਤੇ

**ਨਵੀਂ ਦਿੱਲੀ– (ਬਿਊਰੋ)–** ਵਿਰੋਧੀ ਧਿਰਾਂ ਦੀ ਏਕਤਾ ਨੂੰ ਚੁਣੌਤੀ ਦੇਣ ਲਈ ਰਾਜਧਾਨੀ ਦਿੱਲੀ ਵਿਚ ਪ੍ਰਧਾਨ ਮੰਤਰੀ




ਨਰਿੰਦਰ ਮੋਦੀ ਦੀ ਅਗਵਾਈ ਵਿਚ 38 ਪਾਰਟੀਆਂ ਇਕੱਠੀਆਂ ਹੋ ਗਈਆਂ। ਇਸ ਮੌਕੇ ਮੋਦੀ ਨੇ ਕਿਹਾ ਕਿ ਸੱਤਾ ਹਾਸਲ ਕਰਨ ਦੀ ਲਾਲਸਾ ਨਾਲ ਕਾਇਮ ਗੱਠਜੋੜ, ਜੋ ਪਰਿਵਾਰਵਾਦ ਦੀ ਸਿਆਸਤ 'ਤੇ ਅਧਾਰਿਤ ਹੋਵੇ ਤੇ ਜਿਸ ਨੂੰ ਜਾਤੀਵਾਦ ਤੇ ਖੇਤਰਵਾਦ ਜ਼ਿਹਨ ਵਿੱਚ ਰੱਖ ਕੇ ਬਣਾਇਆ ਗਿਆ ਹੋਵੇ, ਦੇਸ਼ ਲਈ ਨੁਕਸਾਨਦੇਹ ਹੈ। ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ ਵਿੱਚ ਸ਼ਾਮਲ ਪਾਰਟੀਆਂ ਦੀ ਇਥੇ ਅਹਿਮ ਬੈਠਕ ਨੂੰ ਸੰਬੋਧਨ ਕਰਦਿਆਂ ਸ੍ਰੀ ਮੋਦੀ ਨੇ ਕਿਹਾ ਕਿ ਐਨਡੀਏ ਨੇ ਦੇਸ਼ ਦੇ ਲੋਕਾਂ ਨੂੰ ਜੋੜਿਆ ਹੈ ਜਦੋਂਕਿ ਵਿਰੋਧੀ ਧਿਰਾਂ ਨੇ ਵੰਡਣ ਦਾ ਕੰਮ ਕੀਤਾ ਹੈ। ਉਨ੍ਹਾਂ ਕਿਹਾ ਕਿ ਐਨਡੀਏ ਨੇ ਹਾਲ ਹੀ ਵਿੱਚ 25 ਸਾਲ ਪੂਰੇ ਕੀਤੇ ਹਨ ਤੇ ਇਹ ਇਕ ਅਰਸਾ ਹੈ,

(ਬਾਕੀ ਸਫਾ 10 'ਤੇ)

## ਕੈਲੀਫੋਰਨੀਆ ਸਟੇਟ ਅਸੈਂਬਲੀ ਨੇ 1984 ਸਿੱਖ ਨਸਲਕੁਸ਼ੀ ਦੇ ਮਤੇ ਨੂੰ ਮਾਨਤਾ ਦਿੱਤੀ




**ਸੈਕਰਾਮੈਂਟੋ, ਕੈਲੀਫੋਰਨੀਆ –** ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਭਾਰਤ ਵਿੱਚ ਹੋਈ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ "ਨਸਲਕੁਸ਼ੀ" ਵਜੋਂ ਮਾਨਤਾ ਦੇ ਦਿਤੀ ਹੈ। ਅਸੈਂਬਲੀ ਅਤੇ ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਸਾਂਝੇ ਤੌਰ 'ਤੇ, ਭਾਰਤ ਵਿੱਚ 1984 ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਘੋਸ਼ਿਤ ਕਰ ਦਿਤਾ ਹੈ। ਇਹ ਮਤਾ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ

(ਰਿਪੋਰਟ ਅੰਦਰ ਦੇਖੋ)

## ਮਾਣਯੋਗ ਅਦਾਲਤਾਂ ਦੇ ਹੁਕਮਾਂ ਅਤੇ ਸਰਕਾਰਾਂ ਦੀਆਂ ਹਦਾਇਤਾਂ ਤੋਂ ਬਾਦ ਵੀ ਅਪਮਾਨਜਨਕ ਹਰੀਜਨ ਸ਼ਬਦ ਦੀ ਕੀਤੀ ਜਾ ਰਹੀ ਦੁਰਵਰਤੋਂ




(ਰਿਪੋਰਟ ਅੰਦਰ ਦੇਖੋ)

Amrik Chand (CPA)
Phone : 510-490-8200
Fax : 510-490-8202
Email : achand@pacbell.net
Income Tax Preparation
(Individual, Corporation & LLC)
Payroll Services & Bookkeeping Services
* We are in this business since 1989.
Your satisfaction is our goal.
* Please call us for Professional & reliable services at reasonable rates.
959 Corporate Way, Fremont, CA. 94539

SKY TRANSPORT SOLUTIONS
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ
PLEASE CONTACT US FOR MORE INFORMATION
PHONE: 209-855-6938, FAX: 209-762-6540
121 E 11th St. Tracy, CA 95376

SAROAY INVESTMENT REALTY
Ram Saroay
Broker/Realtor
Business License 031035
ramsaroay@hotmail.com
39039 Paseo Padre Parkway Suite # 205 Fremont, CA 94538
Office: (510) 742-8120, Cell; (510) 368-3983

MAJESTIC HOMES
RAMESH SUMAN
Broker Realtor
RCS-D TM
Office (925) 779-1234
Direct (925) 366-3618
Fax (905) 219-3918
DRE Licence- 00871752
www.majestichomes.us ramesh@rameshsuman.com
P.O. Box 3434, Antioch, CA 94531-3434

DR. TAKHAR'S FAMILY MEDICINE & URGENT CARE CLINIC
8191 Timberlake Way, Suite # 400, Sacramento, CA 95823, Phone: 916-688-8888 Fax: 916-688-8837
Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed
Dr. Paramjit S Takhar, MD
Goodie Takhar, PhD
We speak your language: Panjabi, Hindi, Urdu, Farsi, Arabic and Spanish
URGENT CARE CLINIC

BAGGA JEWELERS
SINCE 1996
916-912-8842, 916-329-8772
jewelers.Bagga@gmail.com
ਸੈਕਰਾਮੈਂਟੋ ਵਿਚ 22 ਅਤੇ 24 ਕੈਰੇਟ ਦੇ ਗਹਿਣਿਆਂ ਦਾ ਸਟੋਰ ਖੁੱਲ੍ਹ ਗਿਆ ਹੈ, ਜਿੱਥੇ ਸੋਨੇ, ਚਾਂਦੀ ਦੇ ਗਹਿਣੇ ਆਰਡਰ 'ਤੇ ਵੀ ਤਿਆਰ ਕਰਵਾ ਸਕਦੇ ਹੋ। ਸੋਨਾ ਵੇਚਣ, ਖਰੀਦਣ ਅਤੇ ਪੁਰਾਣੇ ਬਦਲੇ ਨਵਾਂ ਸੋਨੇ ਤੇ ਕੈਸ਼ ਵੀ ਲੈ ਸਕਦੇ ਹੋ। ਇੱਥੇ ਚਾਂਦੀ ਦੇ ਗਹਿਣੇ ਅਤੇ ਚਾਂਦੀ ਦੇ ਬਰਤਨ ਵੀ ਮਿਲਦੇ ਹਨ। ਹਰ ਕਿਸਮ ਦੇ ਗਹਿਣੇ ਸਟੋਰ ਦੇ ਅੰਦਰ ਹੀ ਤਿਆਰ ਕੀਤੇ ਜਾਂਦੇ ਹਨ।
Sandeep Jony Bagga
6930 65TH STREET # 115 SACRAMENTO CA 95823

ਸੋਹੰ

ਹਰਿ

# SRI GURU RAVIDASS SABHA (CA)

2150 Crestview Drive, Pittsburg CA 94565
Tel : (925) 439-2355

ਗੁਰੂ ਪਿਆਰੀ ਸਾਧ ਸੰਗਤ ਜੀਓ।।

ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।

ਸ੍ਰੀ ਰਾਮ ਆਸਰਾ ਦਦਰਾਲ ਜੀ ਅਤੇ ਸ੍ਰੀਮਤੀ ਮੁਹਿੰਦਰ ਕੌਰ ਦਦਰਾਲ ਜੀ ਵੱਲੋਂ ਆਪਣੀਆਂ ਪੋਤਰੀਆਂ ਮਹਿਕ ਤੇ ਮੁਸਕਾਨ ਦੀ ਗ੍ਰੈਜੂਏਸ਼ਨ ਹੋਣ ਦੀ ਖੁਸ਼ੀ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ ਪਿਟਸਬਰਗ ਵਿਖੇ ਗੁਰੂ ਸਾਹਿਬ ਦੇ ਸ਼ੁਕਰਾਨੇ ਵਜੋਂ **ਜੁਲਾਈ 23, 2023** ਨੂੰ ਸ੍ਰੀ ਸੁਖਮਨੀ ਸਾਹਿਬ ਦੇ ਪਾਠ ਪ੍ਰਾਰੰਭ ਹੋਣਗੇ ਜੀ। ਉਪਰੰਤ ਗੁਰੂ ਘਰ ਦਾ ਜਥਾ ਭਾਈ ਬਲਵਿੰਦਰ ਸਿੰਘ ਜੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਗੁਰੂ ਕਾ ਲੰਗਰ ਅਤੁੱਟ ਵਰਤੇਗਾ ਜੀ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਗੁਰੂ ਘਰ ਵਿਖੇ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**JULY 23rd, 2023 (SUNDAY):-**

Shri Ram Asra Dadral and Bibi Mohinder Kaur Dadral will host Path Sukhmani Sahib and Langar Sewa to celebrate the graduation ceremony of their twin grand daughters, Mahak and Muskan. The host family is performing this Sewa to express their gratitude to Akalpurkh for His blessings. The entire Sangat is requested to join the family on the occasion.


**"NANAK NAM CHARDI KALA TERE BHANE SARBAT DA BHALA"**

**ਗੁਰੂ ਪਿਆਰੀ ਸਾਧ ਸੰਗਤ ਜੀਓ।**
**ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਿਹ।।**

ਆਪ ਸਭ ਨੂੰ ਬੇਨਤੀ ਹੈ ਕਿ ਰੱਤੂ ਪਰਿਵਾਰ ਦੇ ਬੱਚੇ ਆਪਣੇ ਪਰਿਵਾਰ ਦੇ ਸਤਿਕਾਰਯੋਗ ਅੰਕਲ **ਸਵ. ਸਤਿੰਦਰ ਕਾਲਾ ਜੀ ਦੀ 10ਵੀਂ ਬਰਸੀ** ਦੇ ਸਬੰਧ ਵਿਚ ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ ਵਿਖੇ **6 ਅਗਸਤ** 2023 ਦਿਨ ਐਤਵਾਰ ਨੂੰ ਗੁਰੂ ਘਰ ਵਿਖੇ ਸ੍ਰੀ ਸੁਖਮਨੀ ਸਾਹਿਬ ਜੀ ਦੇ ਪਾਠ ਆਰੰਭ ਹੋਣਗੇ। ਉਪਰੰਤ ਗੁਰੂ ਘਰ ਦਾ ਜਥਾ ਭਾਈ ਬਲਵਿੰਦਰ ਸਿੰਘ ਜੀ ਤੇ ਸਾਥੀ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਨਗੇ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤੇਗਾ। ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਸਮੇਂ ਸਿਰ ਪਹੁੰਚ ਕੇ ਗੁਰੂ ਘਰ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

**August 06, 2023 (Sunday)**

This Sewa is being hosted at this temple on behalf of all the nephews and nieces in the loving memory of their beloved uncle on the occasion of his 10th Anniversary. May Waheguru bestow peace and tranquility to the departed soul.




**ਗੁਰੂ ਪਿਆਰੀ ਸਾਧ ਸੰਗਤ ਜੀਓ**

**30 ਜੁਲਾਈ ਦਿਨ ਐਤਵਾਰ 2023 ਨੂੰ ਲੰਗਰ ਦੀ ਸੇਵਾ ਖਾਲੀ ਹੈ ਜੀ। ਕੋਈ ਵੀ ਚਾਹਵਾਨ ਪਰਿਵਾਰ ਸੇਵਾ ਲੈ ਸਕਦਾ ਹੈ ਜੀ।**

**Sangat Sewadars** **www.sriguruavidasstemple.com**

| Chairperson | President | General Secretary | Treasurer |
| --- | --- | --- | --- |
| Kulwant Kaur Banga | Vinod Kumar | Dharam Pal Chonkria | Sunita Bangar |
| (925) 698-3059 | (408) 718-2506 | (925) 334-2877 | (415) 233-3319 |

# ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫੋਰਨੀਆ)




## ਮਹੀਨਾ ਵਾਰ ਕੀਰਤਨ ਦਰਬਾਰ 23 ਜੁਲਾਈ 2023

ਸ਼੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ ਸਮੂਹ ਸੰਗਤ ਜੀ ਨੂੰ ਨਿਮਰਤਾ ਸਹਿਤ ਬੇਨਤੀ ਕਰਦੀ ਹੈ ਕੀ ਮਹੀਨਾ ਵਾਰ ਕੀਰਤਨ ਦਰਬਾਰ 23 ਜੁਲਾਈ 2023 ਦਿਨ ਐਤਵਾਰ 31252 ਵਿਜ਼ਈ ਸਟ੍ਰੀਟ ਯੂਨੀਅਨ ਸਿਟੀ (ਕੈਲੀਫੋਰਨੀਆ) 94587 ਵਿਖੇ ਕੀਤਾ ਜਾ ਰਿਹਾ ਹੈ। ਪ੍ਰੋਗਰਾਮ ਸਵੇਰੇ 10 ਵਜੇ ਤੋਂ ਲੈ ਕੇ ਬਾਅਦ ਦੁਪਹਿਰ 3 ਵਜੇ ਤੱਕ ਹੈ। ਇਸ ਪ੍ਰੋਗਰਾਮ ਦੀ ਸੇਵਾ ਸਤਿਕਾਰਯੋਗ ਚੰਦਰ ਮੋਹਨ ਜੀ ਅਤੇ ਬੀਬੀ ਸੁਰਜੀਤ ਕੌਰ ਅਤੇ ਉਹਨਾਂ ਦੇ ਪਰਿਵਾਰ ਵੱਲੋਂ ਲਈ ਗਈ ਹੈ। ਪ੍ਰਮਾਤਮਾ ਇਸ ਪਰਿਵਾਰ ਨੂੰ ਚੜ੍ਹਦੀ ਕਲਾ ਵਿਚ ਰੱਖੇ।

ਗੁਰੂ ਘਰ ਦੀ ਸਲਾਨਾ ਜਨਰਲ ਬਾਡੀ ਮੀਟਿੰਗ 20 ਅਗਸਤ ਦਿਨ ਐਤਵਾਰ ਦੁਪਹਿਰ 12.00 ਵਜੇ ਸੰਗਤ ਦੀ ਹਾਜਰੀ ਵਿਚ ਕੀਤੀ ਜਾਏਗੀ।

ਬੇਨਤੀ ਕਰਦੇ ਹਾਂ ਕਿ ਸਭ ਦੀ ਕੋਸ਼ਿਸ਼ ਅਤੇ ਉਸਾਰੂ ਸੋਚ ਗੁਰੂ ਘਰ ਦੀ ਤਰੱਕੀ ਅਤੇ ਭਲੇ ਦੀ ਹੋਵੇ।

ਮੀਟਿੰਗ ਦਾ ਏਜੰਡਾ ਇਸ ਤਰਾਂ ਹੋਵੇਗਾ।

1- ਗੁਰੂ ਘਰ ਨੂੰ ਬਣਾਉਣ ਲਈ ਫੰਡ ਇਕੱਠੇ ਕਰਨੇ ਅਤੇ ਗੁਰੂ ਘਰ ਨੂੰ ਲੋਨ ਦੇਣ ਲਈ ਬੇਨਤੀ ਕਰਨੀ।

2- ਗੁਰੂ ਘਰ ਦੀ ਕਮੇਟੀ ਦੀ ਨਿਯੁਕਤੀ ਜਨਵਰੀ 2024 ਲਈ ਤਿਆਰੀ।

ਆਪ ਸਭ ਨੂੰ ਬੇਨਤੀ ਹੈ ਕਿ ਇਸ ਮੀਟਿੰਗ ਤੇ ਆ ਕੇ ਆਪਣੇ ਗੁਰੂ ਘਰ ਦੀ ਬਣਦੀ ਇਮਾਰਤ ਦੇ ਲਈ ਵੱਧ ਤੋਂ ਵੱਧ ਦਾਨ ਦੇ ਕੇ ਜਾ ਫਿਰ ਗੁਰੂ ਘਰ ਨੂੰ ਲੋਨ ਦੇ ਕੇ ਇਸ ਕੰਮ ਨੂੰ ਮੁਕੰਮਲ ਕਰਨ ਲਈ ਹਿੱਸਾ ਪਾਓ। ਇਸ ਸ਼ੁਭ ਕਾਰਜ ਲਈ ਆਪਣਾ ਦਸਵੰਧ ਕੱਢੋ ਤਾਂ ਕਿ ਆਪਣੇ ਆਉਣ ਵਾਲੀ ਪੀੜੀਆਂ ਦੀ ਦੁਨਿਆਵੀ ਲੋੜਾਂ ਨੂੰ ਪੂਰਾ ਕਰ ਸਕੀਏ। ਪ੍ਰੋਗਰਾਮ ਦੀ ਸੇਵਾ ਲੈਣ ਲਈ ਕਮੇਟੀ ਦੇ ਕਿਸੇ ਵੀ ਮੈਂਬਰ ਨੂੰ ਕਾਲ ਕਰ ਸਕਦੇ ਹੋ।


Vinod Kumar Chumber (Chairman) 510-953-9800


Ram Lubhaya (President) 408-449-1105


Naresh Kumar (Gen. Secretary) 510-857-4551


Sohan Singh Dhanda (Treasurer) 510-200-6649

**Future Program dates: August 20 and September 24, 2023**

**For langar Sewa please contact : any of the committee members.**

**ਸਮੂਹ ਪ੍ਰਬੰਧਕ ਕਮੇਟੀ, ਸ੍ਰੀ ਗੁਰੂ ਰਵਿਦਾਸ ਸਭਾ ਬੇ-ਏਰੀਆ (ਕੈਲੇਫਰਨੀਆ) 31252 Veasy Street, Union City, CA 94587**


# SUNSHINE AUTO CARE INC.

WE REPAIR ALL MAKES & MODELS. AUTO, DIESEL TRUCK & TRAILERS

- DPF Filter Cleaning
- Clutch
- Transmission
- New/Used Tires
- Oil Changes
- Wheel Balancing
- Truck & Trailer Repair
- All Major & Minor Repairs
- We Do Aluminum Welding
- Computer Check
- Differential
- Inspections
- Van/Reefer Work

WE PROVIDE SHUTLE SERVICE FOR ALL CUSTOMERS

hablamos español
We Speak English, Spanish & Punjabi

We Provide Towing &
24/7 Mobile Road Services
For All Autos, Trucks & Trailers

Open Monday to Saturday

Com-Check
T-Check
EFS Check

ACCEPTED HERE
VISA MasterCard AMERICAN EXPRESS DISCOVER NETWORK





1003 Moffat Blvd, Manteca CA 95336

209-239-1551

# ਗੁਰੂਮਿਲਾਪ ਸੰਸਥਾ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਸਲਾਨਾ ਸਮਾਗਮ







**ਗੁਰਿੰਦਰਜੀਤ ਨੀਟਾ ਮਾਛੀਕੇ / ਕੁਲਵੰਤ ਧਾਲੀਆਂ**

**ਫਰਿਜਨੋ (ਕੈਲੀਫੋਰਨੀਆ)–** ਸਥਾਨਿਕ ਗੁਰੂਮਿਲਾਪ ਸੰਸਥਾ ਜਿਹੜੀ ਸਿੱਖੀ ਸਿੱਖਿਆ ਗੁਰ ਵਿਚਾਰ ਦੇ ਸਲੋਗਨ ਹੇਠ ਰਾਜਸਥਾਨ ਦੇ ਅਲਵਰ ਵਿਖੇ ਗਰੀਬ ਸਾਬਤ ਸੂਰਤ ਸਿੱਖ ਬੱਚਿਆਂ ਲਈ ਸਕੂਲ ਚਲਾਕੇ ਟੋਟਲੀ ਮੁਫ਼ਤ ਵਿੱਦਿਆ ਮਹੱਇਆ ਕਰਵਾ ਰਹੀ ਹੈ। ਇਹਨਾਂ ਵੱਲੋ ਵਿੱਦਿਆ ਦਾ ਚਾਨਣ ਵੰਡਣ ਲਈ, ਸੰਗਤ ਨੂੰ ਸੰਸਥਾ ਦੇ ਕੰਮਾਂ ਤੋਂ ਜਾਣੂ ਕਰਵਾਉਣ ਲਈ ਸਲਾਨਾ ਕੀਰਤਨ ਦਰਬਾਰ ਗੁਰਦਵਾਰਾ ਸਿੰਘ ਸਭਾ ਵਿਖੇ 9 ਜੁਲਾਈ ਦਿਨ ਐਤਵਾਰ ਨੂੰ ਕਰਵਾਇਆ ਗਿਆ, ਜਿੱਥੇ ਸੰਸਥਾ ਦੇ ਮੋਢੀ ਸ. ਜਗਦੀਸ਼ ਸਿੰਘ ਨੇ ਦੱਸਿਆ ਕਿ ਅਗਰ ਸੰਗਤ ਦੇ ਵਿੱਚੋਂ ਕੋਈ ਬੱਚਾ ਗੋਦ ਲੈਕੇ ਪੜ੍ਹਾਉਣਾ ਚਾਹੇ ਤਾਂ ਮਹੀਨੇ ਦੀ ਫੀਸ 20 ਡਾਲਰ ਦੇਕੇ ਸੇਵਾ ਲੈ ਸਕਦਾ ਹੈ। ਅਗਰ ਇੰਡੀਆ ਤੋ ਕਿਸੇ ਨੇ ਸੇਵਾ ਲੈਣੀ ਹੋਵੇ ਤਾਂ 1600 ਰੁਪਏ ਪ੍ਰਤੀ ਮਹੀਨਾ ਆਪਣੇ ਦਸਵੰਧ ਵਿੱਚੋਂ ਕੱਢਕੇ ਲੈ ਸਕਦਾ ਹੈ। ਇਸੇ ਤਰੀਕੇ ਅਲਵਰ ਦੇ ਸਕੂਲ ਦੇ ਵਿੱਚ ਤਕਰੀਬਨ 300 ਤੋਂ ਜ਼ਿਆਦਾ ਬੱਚੇ ਪੜ੍ਹਦੇ ਹਨ, ਅਤੇ ਤਕਰੀਬਨ 25 ਤੋਂ ਜ਼ਿਆਦਾ ਸਟਾਫ ਦੇ ਮੈਂਬਰ ਨੇ।

ਇੱਥੇ ਬੱਚਿਆਂ ਲਈ ਲੰਚ ਦਾ ਵੀ ਮੁੱਫਤ ਪ੍ਰਬੰਧ ਹੈ। ਅਗਰ ਲੰਚ ਦੀ ਸੇਵਾ ਲੈਣੀ ਹੋਵੇ ਤਾਂ ਮਹੀਨੇ ਦੀ ਸੇਵਾ ਤਕਰੀਬਨ 1300 ਡਾਲਰ ਦੇਕੇ ਲੈ ਸਕਦਾ ਹੈ। ਇਸ ਮੌਕੇ ਜਿੱਥੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ, ਓਥੇ ਗੁਰਦਵਾਰਾ ਸਹਿਬ ਦੇ ਸੈਕਟਰੀ ਭਾਈ ਗੁਰਪ੍ਰੀਤ ਸਿੰਘ ਮਾਨ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਵੀ ਸੰਗਤਾਂ ਨੂੰ ਗੁਰੂਮਿਲਾਪ ਸੰਸਥਾਂ ਦੀਆਂ ਪ੍ਰਾਪਤੀਆਂ ਤੋਂ ਸੰਗਤ ਨੂੰ ਜਾਣੂ ਕਰਵਾਇਆ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਆਪਣੇ ਤਜ਼ਰਬੇ ਵਿੱਚੋਂ ਗੁਰਮਿਲਾਪ ਸੰਸਥਾ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ। ਇਸ ਤੋਂ ਬਿਨਾ ਪ੍ਰਕਾਸ਼ ਸਿੰਘ ਪ੍ਰੇਮੀ, ਬੀਬੀ ਕੁਲਵੰਤ ਕੌਰ, ਬੀਬੀ ਕਮਲਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਅਤੇ ਪੰਥ ਦੇ ਮਹਾਨ ਕੀਰਤਨੀਏ ਭਾਈ ਓਂਕਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕਰਕੇ ਸ਼ਪੈਸ਼ਲ ਹਾਜ਼ਰੀ ਭਰੀ। ਉਪਰੰਤ ਗੁਰੂ ਕਾ ਲੰਗਰ ਅਤੁੱਟ ਵਰਤਿਆ, ਅਤੇ ਸੰਗਤਾਂ ਨੇ ਗੁਰੂਮਿਲਾਪ ਸੰਸਥਾ ਨੂੰ ਮੱਦਦ ਦਾ ਭਰੋਸਾ ਦਿੱਤਾ। ਪੂਰੇ ਪ੍ਰੋਗਰਾਮ ਦੀ ਫੋਟੋ ਅਤੇ ਵੀਡੀਓ ਗ੍ਰਾਫੀ ਓਮਨੀ ਵੀਡੀਓ ਵਾਲੇ ਸ਼ਿਆਰਾ ਸਿੰਘ ਢੀਡਸਾ ਨੇ ਕੀਤੀ।

*ਫੋਟੋ– ਸ਼ਿਆਰਾ ਸਿੰਘ ਢੀਡਸਾ ਓਮਨੀ ਵੀਡੀਓ*









# ਗੁਰੂਮਿਲਾਪ ਸੰਸਥਾ ਵੱਲੋਂ ਗੁਰਦਵਾਰਾ ਸਿੰਘ ਸਭਾ ਵਿਖੇ ਸਲਾਨਾ ਸਮਾਗਮ

**ਸੈਕਰਾਮੈਂਟੋ (ਕੈਲੀਫੋਰਨੀਆ) (ਹੁਸਨ ਲੜੋਆ ਬੰਗਾ)–** ਗੁਰੂਮਿਲਾਪ ਸੰਸਥਾ ਜਿਹੜੀ ਸਿੱਖੀ ਸਿੱਖਿਆ ਗੁਰ ਵਿਚਾਰ ਦੇ ਸਲੋਗਨ ਹੇਠ ਰਾਜਸਥਾਨ ਦੇ ਅਲਵਰ ਵਿਖੇ ਗਰੀਬ ਸਾਬਤ ਸੂਰਤ ਸਿੱਖ ਬੱਚਿਆਂ ਲਈ ਸਕੂਲ ਚਲਾਕੇ ਟੋਟਲੀ ਮੁਫ਼ਤ ਵਿੱਦਿਆ





ਮਹੱਇਆ ਕਰਵਾ ਰਹੀ ਹੈ। ਇਹਨਾਂ ਵੱਲੋ ਵਿੱਦਿਆ ਦਾ ਚਾਨਣ ਵੰਡਣ ਲਈ, ਸੰਗਤ ਨੂੰ ਸੰਸਥਾ ਦੇ ਕੰਮਾਂ ਤੋਂ ਜਾਣੂ ਕਰਵਾਉਣ ਲਈ ਸਲਾਨਾ ਕੀਰਤਨ ਦਰਬਾਰ ਗੁਰਦਵਾਰਾ ਸਿੰਘ ਸਭਾ ਵਿਖੇ 9 ਜੁਲਾਈ ਦਿਨ ਐਤਵਾਰ ਨੂੰ ਕਰਵਾਇਆ ਗਿਆ, ਜਿੱਥੇ ਸੰਸਥਾ ਦੇ ਮੋਢੀ ਸ. ਜਗਦੀਸ਼ ਸਿੰਘ ਨੇ ਦੱਸਿਆ ਕਿ ਅਗਰ ਸੰਗਤ ਦੇ ਵਿੱਚੋਂ ਕੋਈ ਬੱਚਾ ਗੋਦ ਲੈਕੇ ਪੜ੍ਹਾਉਣਾ ਚਾਹੇ ਤਾਂ ਮਹੀਨੇ ਦੀ ਫੀਸ 20 ਡਾਲਰ ਦੇਕੇ ਸੇਵਾ ਲੈ ਸਕਦਾ ਹੈ। ਅਗਰ ਇੰਡੀਆ ਤੋ ਕਿਸੇ ਨੇ ਸੇਵਾ ਲੈਣੀ ਹੋਵੇ ਤਾਂ 1600 ਰੁਪਏ ਪ੍ਰਤੀ ਮਹੀਨਾ ਆਪਣੇ ਦਸਵੰਧ ਵਿੱਚੋਂ ਕੱਢਕੇ ਲੈ ਸਕਦਾ ਹੈ। ਇਸੇ ਤਰੀਕੇ ਅਲਵਰ ਦੇ ਸਕੂਲ ਦੇ ਵਿਚ ਤਕਰੀਬਨ 300 ਤੋਂ ਜ਼ਿਆਦਾ ਬੱਚੇ ਪੜ੍ਹਦੇ ਹਨ, ਅਤੇ ਤਕਰੀਬਨ 25 ਤੋਂ ਜ਼ਿਆਦਾ ਸਟਾਫ ਦੇ ਮੈਂਬਰ ਨੇ। ਇੱਥੇ ਬੱਚਿਆਂ ਲਈ ਲੰਚ ਦਾ ਵੀ ਮੁੱਫਤ ਪ੍ਰਬੰਧ ਹੈ। ਅਗਰ ਲੰਚ ਦੀ ਸੇਵਾ ਲੈਣੀ ਹੋਵੇ ਤਾਂ ਮਹੀਨੇ ਦੀ ਸੇਵਾ ਤਕਰੀਬਨ 1300 ਡਾਲਰ ਦੇਕੇ ਲੈ ਸਕਦਾ ਹੈ। ਇਸ ਮੌਕੇ ਜਿੱਥੇ ਗੁਰੂ ਘਰ ਦੇ ਕੀਰਤਨੀਏ ਭਾਈ ਸਰਬਜੀਤ ਸਿੰਘ ਦੇ ਜਥੇ ਨੇ ਕੀਰਤਨ ਕੀਤਾ, ਓਥੇ ਗੁਰਦਵਾਰਾ ਸਹਿਬ ਦੇ ਸੈਕਟਰੀ ਭਾਈ ਗੁਰਪ੍ਰੀਤ ਸਿੰਘ ਮਾਨ ਅਤੇ ਗੁਰੂਘਰ ਦੇ ਮੁੱਖ ਸੇਵਾਦਾਰ ਭਾਈ ਮਲਕੀਤ ਸਿੰਘ ਕਰਨਾਲ ਨੇ ਵੀ ਸੰਗਤਾਂ ਨੂੰ ਗੁਰੂਮਿਲਾਪ ਸੰਸਥਾਂ ਦੀਆਂ ਪ੍ਰਾਪਤੀਆਂ ਤੋਂ ਸੰਗਤ ਨੂੰ ਜਾਣੂ ਕਰਵਾਇਆ। ਪੀਸੀਏ ਮੈਂਬਰ ਗੁਰਨੇਕ ਸਿੰਘ ਬਾਗੜੀ ਨੇ ਵੀ ਆਪਣੇ ਤਜ਼ਰਬੇ ਵਿੱਚੋਂ ਗੁਰਮਿਲਾਪ ਸੰਸਥਾ ਦੇ ਸੰਬੰਧ ਵਿੱਚ ਆਪਣੇ ਵਿਚਾਰ ਰੱਖੇ। ਇਸ ਤੋਂ ਬਿਨਾ ਪ੍ਰਕਾਸ਼ ਸਿੰਘ ਪ੍ਰੇਮੀ, ਬੀਬੀ ਕੁਲਵੰਤ ਕੌਰ, ਬੀਬੀ ਕਮਲਪ੍ਰੀਤ ਕੌਰ, ਭਾਈ ਹਰਵਿੰਦਰ ਸਿੰਘ ਆਦਿ ਨੇ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕੀਤਾ, ਅਤੇ ਪੰਥ ਦੇ ਮਹਾਨ ਕੀਰਤਨੀਏ ਭਾਈ ਓਂਕਾਰ ਸਿੰਘ ਨੇ ਗੁਰਬਾਣੀ ਦਾ ਕੀਰਤਨ ਕਰਕੇ ਸ਼ਪੈਸ਼ਲ ਹਾਜ਼ਰੀ ਭਰੀ।

# ਪੰਜਾਬੀ ਲਿਖਾਰੀ ਸਭਾ ਸਿਆਟਲ (ਰਜਿ.) ਵੱਲੋਂ ਨਵੀਂ ਕਮੇਟੀ ਗਠਿਤ

**ਸਿਆਟਲ–** ਮਾਂ ਬੋਲੀ ਪੰਜਾਬੀ ਨੂੰ ਸਮਰਪਿਤ, ਪੰਜਾਬੀ ਅਤੇ ਪੰਜਾਬੀਅਤ ਦੇ ਸਰਬ ਪੱਖੀ ਵਿਕਾਸ ਲਈ ਬਚਨਬੱਧ, ਸਾਲ 1992 ਤੋਂ ਵਸ਼ਿੰਗਟਨ ਸਟੇਟ ਦੇ ਸ਼ਹਿਰ ਸਿਆਟਲ ਦੀ ਸਰਜ਼ਮੀਂ ਤੇ ਕੰਮ ਕਰ ਰਹੀ, ਨਫ਼ਾ-ਰਹਿਤ ਸੰਸਥਾ ਪੰਜਾਬੀ ਲਿਖਾਰੀ ਸਭਾ ਸਿਆਟਲ(ਰਜਿ.) ਦੇ ਸਮੂਹ ਮੈਂਬਰਾਂ ਵੱਲੋਂ ਆਪਸੀ ਵਿਚਾਰ ਵਟਾਂਦਰੇ ਤੋਂ ਬਾਅਦ ਸਰਬ ਸੰਮਤੀ ਨਾਲ ਅਹੁਦਿਆਂ ਦੀਆਂ ਜ਼ਿਮੇਵਾਰੀਆਂ ਹੇਠ ਲਿਖੇ ਅਨੁਸਾਰ ਬਖ਼ਸ਼ੀਆਂ ਗਈਆਂ-ਬਲਿਹਾਰ ਲਹਿਲ ਨੂੰ ਪ੍ਰਧਾਨ, ਡਾ. ਸੁਖਵੀਰ ਸਿੰਘ ਬੀਹਲਾ ਨੂੰ ਮੀਤ ਪ੍ਰਧਾਨ, ਪ੍ਰਿਤਪਾਲ ਸਿੰਘ ਟਿਵਾਣਾ ਨੂੰ ਜਨਰਲ ਸਕੱਤਰ,ਸਾਧੂ ਸਿੰਘ ਝੱਜ ਨੂੰ ਮੀਤ ਸਕੱਤਰ ਅਤੇ ਮੰਗਤ ਕੁਲਜਿੰਦ ਨੂੰ ਪ੍ਰੈਸ ਸਕੱਤਰ ਦੀ, ਜਦੋਂ ਕਿ ਪ੍ਰਧਾਨਗੀ ਦੇ ਅਹੁਦੇ ਤੋਂ ਸੇਵਾ-ਮੁਕਤ ਹੋ ਰਹੇ ਹਰਪਾਲ ਸਿੰਘ ਸਿੱਧੂ ਹੁਣ ਖਜ਼ਾਨਚੀ ਦਾ ਅਹੁਦਾ ਸੰਭਾਲਣਗੇ। ਸ੍ਰ.ਸ਼ਿੰਗਾਰ ਸਿੰਘ ਸਿੱਧੂ, ਬੀਬੀ ਸਵਰਾਜ ਕੌਰ ਅਤੇ ਸ੍ਰ.ਵਾਸਦੇਵ ਪਰਿਹਾਰ ਦੀ ਸਰਪ੍ਰਸਤੀ ਵਿੱਚ ਸਭਾ ਦੀਆਂ ਗਤੀਵਿਧੀਆਂ ਵਿੱਚ ਲਗਾਤਾਰਤਾ ਨੂੰ ਕਾਇਮ ਰੱਖਣ ਅਤੇ ਇਸ ਨੂੰ ਸਚਾਰੂ ਢੰਗ ਨਾਲ ਚਲਾਉਣ ਲਈ,ਸਾਬਕਾ ਪ੍ਰਧਾਨ ਹਰਦਿਆਲ ਸਿੰਘ ਚੀਮਾ, ਸਾਬਕਾ ਪ੍ਰਧਾਨ ਅਵਤਾਰ ਸਿੰਘ ਆਦਮਪੁਰੀ, ਸਭਾ ਦੀ ਸਤਿਕਾਰਿਤ ਸ਼ਖਸ਼ੀਅਤ ਡਾ.ਪ੍ਰੇਮ ਕੁਮਾਰ, ਧਾਰਮਿਕ ਅਤੇ ਸਮਾਜਿਕ ਕੰਮਾਂ ਵਿੱਚ ਮੋਹਰੀ ਹਰਸ਼ਿੰਦਰ ਸਿੰਘ ਸੰਧੂ ਅਤੇ ਮਾਤ ਭਾਸ਼ਾ ਪੰਜਾਬੀ ਦੀ ਸਪੁੱਤਰੀ ਡਾ.ਜਸਬੀਰ ਕੌਰ ਦਾ ਸਲਾਹਕਾਰ-ਬੋਰਡ ਬਣਾਇਆ ਗਿਆ ਹੈ।ਨਵੀਂ ਬਣੀ ਕਮੇਟੀ ਵੱਲੋਂ ਬਹੁਤ ਜਲਦੀ ਸਿਆਟਲ ਵਿਖੇ ਪ੍ਰੋਗਰਾਮ ਕਰਵਾਇਆ ਜਾ ਰਿਹਾ ਹੈ।




ਪ੍ਰਧਾਨ ਬਲਿਹਾਰ ਲੇਹਲ +1 (206) 244 4663
ਜ.ਸਕੱਤਰ ਪ੍ਰਿਤਪਾਲ ਸਿੰਘ ਟਿਵਾਣਾ+1 (206) 765 9069
ਪ੍ਰੈ. ਸਕੱਤਰ ਮੰਗਤ ਕੁਲਜਿੰਦ, +1 (425) 286 0163

# ਵਿਸ਼ਵ ਗੱਤਕਾ ਫੈਡਰੇਸ਼ਨ ਦਾ ਟੀਚਾ ਗੱਤਕੇ ਨੂੰ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ : ਹਰਜੀਤ ਗਰੇਵਾਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਵਿਸ਼ਵ ਗੱਤਕਾ ਫੈਡਰੇਸ਼ਨ ਅਤੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਆਫ਼ ਇੰਡੀਆ ਵੱਲੋਂ ਗੱਤਕੇ ਨੂੰ ਭਾਰਤ ਦੀਆਂ ਵੱਕਾਰੀ ਨੈਸ਼ਨਲ ਖੇਡਾਂ ਵਿੱਚ ਸ਼ਾਮਿਲ ਕਰਾਉਣ ਪਿੱਛੋਂ ਹੁਣ ਅਗਲਾ ਟੀਚਾ ਪੜਾਅਵਾਰ ਏਸ਼ੀਆਈ ਖੇਡਾਂ, ਕਾਮਨਵੈਲਥ ਖੇਡਾਂ ਤੇ ਉਲੰਪਿਕ ਖੇਡਾਂ ਵਿੱਚ ਸ਼ਾਮਲ ਕਰਵਾਉਣਾ ਹੈ। ਇਸ ਤੋਂ ਇਲਾਵਾ ਗੱਤਕਾ ਆਫੀਸ਼ੀਅਲਾਂ ਨੂੰ ਢੁੱਕਵੀਂ ਸਿਖਲਾਈ ਦੇਣ ਤੇ ਵਿਗਿਆਨਿਕ ਖੋਜਾਂ ਲਈ ਉਨ੍ਹਾਂ ਵੱਲੋਂ ਕੌਮਾਂਤਰੀ ਪੱਧਰ ਦੀ ਇੱਕ ਬਿਹਤਰੀਨ ਗੱਤਕਾ ਟ੍ਰੇਨਿੰਗ ਤੇ ਰਿਸਰਚ ਅਕੈਡਮੀ ਸਥਾਪਿਤ ਕਰਨ ਦੀ ਯੋਜਨਾ ਵੀ ਹੈ। ਗੱਤਕਾ ਖੇਡ ਦੀ ਪ੍ਰਫੁੱਲਤਾ ਲਈ ਆਪਣੇ ਵਿਸ਼ਵ ਦੌਰੇ ਦੌਰਾਨ ਅਮਰੀਕਾ ਪੁੱਜੇ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਪ੍ਰਧਾਨ ਸ. ਹਰਜੀਤ ਸਿੰਘ ਗਰੇਵਾਲ ਨੇ ਇਹ ਐਲਾਨ ਗੁਰਦਵਾਰਾ ਸਾਹਿਬ ਸ਼ਹੀਦ ਅਕਾਲੀ ਬਾਬਾ ਫੂਲਾ ਸਿੰਘ ਜੀ, ਪਲੇਨਫੀਲਡ, ਇੰਡਿਆਨਾ ਵਿਖੇ ਇੱਕ ਮੀਟਿੰਗ ਦੌਰਾਨ



ਕੀਤਾ ਜਿਸ ਵਿੱਚ ਹੋਰਨਾਂ ਤੋਂ ਇਲਾਵਾ ਵਿਸ਼ਵ ਗੱਤਕਾ ਫੈਡਰੇਸ਼ਨ ਦੇ ਜਨਰਲ ਸਕੱਤਰ ਡਾ. ਦੀਪ ਸਿੰਘ ਅਤੇ ਭਾਈ ਮੁਖਤਿਆਰ ਸਿੰਘ ਮੁਖੀ ਟੋਡਰਵਾਲ , ਬਾਬਾ ਮਨਮੋਹਨ ਸਿੰਘ ਬਾਰਨ, ਪਟਿਆਲਾ, ਸ. ਅਮਰਦੀਪ ਸਿੰਘ, ਚੇਅਰਮੈਨ ਗੁਰਦੁਆਰਾ ਸ਼੍ਰੀ ਹਰਗੋਬਿੰਦ ਸਾਹਿਬ, ਗ੍ਰੀਨਵੁੱਡ, ਇੰਡੀਆਨਾ, ਯੂਐਸਏ ਅਤੇ ਸ. ਸਿਮਰਨਜੀਤ ਸਿੰਘ ਵੀ ਹਾਜਰ ਸਨ। ਇਸ ਮੌਕੇ ਉਕਤ ਗੁਰਦੁਆਰਾ ਸਾਹਿਬ ਦੀ ਪ੍ਰਬੰਧਕ ਕਮੇਟੀ ਵੱਲੋਂ ਹਰਜੀਤ ਸਿੰਘ ਗਰੇਵਾਲ ਅਤੇ ਡਾ. ਦੀਪ ਸਿੰਘ ਨੂੰ ਗੱਤਕੇ ਨੂੰ ਕੌਮੀ ਪੱਧਰ ਉੱਤੇ ਮਾਨਤਾ ਦਿਵਾਉਣ ਅਤੇ ਅਣਥੱਕ ਸੇਵਾਵਾਂ ਨਿਭਾਉਣ ਬਦਲੇ ਸਨਮਾਨਿਤ ਵੀ ਕੀਤਾ ਗਿਆ। ਗੱਲਬਾਤ ਦੌਰਾਨ ਉਨ੍ਹਾਂ ਦੱਸਿਆ ਕਿ ਮਈ ਮਹੀਨੇ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਉੱਦਮ ਸਦਕਾ ਭਾਰਤੀ ਓਲੰਪਿਕ ਐਸੋਸੀਏਸ਼ਨ ਵੱਲੋਂ ਗੱਤਕੇ ਨੂੰ ਬਤੌਰ ਖੇਡ ਵਜੋਂ ਮਾਨਤਾ ਦਿੰਦਿਆਂ 37ਵੀਆਂ ਨੈਸ਼ਨਲ ਖੇਡਾਂ ਵਿੱਚ ਸ਼ਾਮਿਲ ਕੀਤਾ ਗਿਆ ਹੈ। ਇਸ ਤੋਂ ਪਹਿਲਾਂ ਉਨ੍ਹਾਂ ਵੱਲੋਂ ਗੱਤਕਾ ਖੇਡ ਨੂੰ ਖੇਲੋ ਇੰਡੀਆ ਯੁਵਾ ਖੇਡਾਂ, ਆਲ ਇੰਡੀਆ ਅੰਤਰ ਯੂਨੀਵਰਸਿਟੀ ਖੇਡਾਂ ਅਤੇ ਰਾਸ਼ਟਰੀ ਸਕੂਲ ਖੇਡਾਂ ਵਿੱਚ ਵੀ ਸ਼ਾਮਿਲ ਕਰਵਾਇਆ ਜਾ ਚੁੱਕਾ ਹੈ। ਗੱਤਕਾ ਪ੍ਰਮੋਟਰ ਸ. ਗਰੇਵਾਲ, ਜੋ ਕਿ ਨੈਸ਼ਨਲ ਗੱਤਕਾ ਐਸੋਸੀਏਸ਼ਨ ਦੇ ਪ੍ਰਧਾਨ ਵੀ ਹਨ, ਨੇ ਦੱਸਿਆ ਕਿ ਗੱਤਕੇ ਨੂੰ ਪੰਜਾਬ ਸਪੋਰਟਸ ਗ੍ਰੇਡੇਸ਼ਨ ਸੂਚੀ ਵਿੱਚ ਸ਼ਾਮਿਲ ਕਰਾਉਣ ਸਦਕਾ ਗੱਤਕਾ ਖਿਡਾਰੀ ਵੀ ਸਰਕਾਰੀ ਨੌਕਰੀਆਂ ਵਿੱਚ ਭਰਤੀ ਹੋਣ ਸਮੇਂ ਅਤੇ ਵਿੱਦਿਅਕ ਅਦਾਰਿਆਂ ਵਿੱਚ ਦਾਖਲੇ ਵੇਲੇ 3 ਫ਼ੀਸਦ ਖੇਡ ਕੋਟੇ ਦੇ ਤਹਿਤ ਲਾਭ ਲੈਣ ਦੇ ਯੋਗ ਹੋਏ ਹਨ।

SKY TRANSPORT SOLUTIONS
STRIVE FOR MORE
WE PROVIDE ALL TRUCKING RELATED PERMITS AND SERVICES
ਟਰੱਕਾਂ ਵਾਲਿਆਂ ਵੀਰਾਂ ਦੇ ਲਈ ਸਕਾਈ ਟਰਾਂਸਪੋਰਟ ਸਾਲਿਊਸ਼ਨ ਦੀਆਂ ਵਿਸ਼ੇਸ਼ ਸੇਵਾਵਾਂ



SPECIAL BIT INSPECTION AND DOT AUDIT COMPLIANCE:
ICC, DOT, IFTA, IRP Plates, PERMITS, NYP, KYU, OR, Canada Permit, CORPORATION AND LLC FILLING SERVICES, 2290, PTI, Trailer plates.
NOTORY PUBLIC SERVICES.
ON THE SPOT VIN VERIFICATION SERVICES.
DOT OUT OF SERVICES??
AUTHORIZED IRS E- FILE PROVIDER.
WE HAVE COMPLETE SOLUTIONS FOR OUT OF SERVICE DOT.
SPECIAL DOT COMPLIANCE FOR SAFETY, AUDITS AND RECORD KEEPING.
PLEASE CONTACT US FOR MORE INFORMATION
PHONE: 209-855-6938, FAX: 209-762-6540
Email: skytransportsolution@gmail.com
Give us a chance to provide you best services
121 E 11th St. Tracy, CA 95376

ਦੇਸ਼ ਦੁਆਬਾ

## ਸਮਾਜ ਦੀਆਂ ਲੋੜਾਂ

ਕੌਮਾਂ ਹਮੇਸ਼ਾ ਸੁਸਾਇਟੀ ਦੀ ਆਵਾਜ਼ ਨਾਲ ਤਰੱਕੀ ਕਰਦੀਆਂ ਹਨ। ਹਿੰਦੂ, ਮੁਸਲਮਾਨ, ਸਿੱਖ, ਇਸਾਈ ਕੌਮਾਂ ਆਪਣੇ ਸਮਾਜ ਨੂੰ ਪੁਖਤਾ ਬਣਾ ਕੇ ਆਪਣੀ ਕੌਮੀ ਆਵਾਜ਼ ਦੇ ਨਾਲ ਹੀ ਅੱਗੇ ਵਧੀਆਂ ਹਨ। ਅੱਜ ਇਹ ਕੌਮਾਂ ਦੇਸ਼ ਵਿਚ ਹਰ ਤਰ੍ਹਾਂ ਨਾਲ ਪ੍ਰਫੁੱਲਿਤ ਹਨ ਪਰ ਜਦ ਅਸੀਂ ਕੌਮ ਵੱਲ ਧਿਆਨ ਮਾਰ ਕੇ ਵੇਖਦੇ ਹਾਂ ਤਾਂ ਪਤਾ ਲੱਗਦਾ ਹੈ ਕਿ ਅਸੀਂ ਇਹਨਾਂ ਨਾਲੋਂ ਬਹੁਤ ਪਿੱਛੇ ਹਾਂ।

ਅੱਜ ਦੇਸ਼ ਦੀ ਆਜ਼ਾਦੀ ਦੇ ਸਮੇਂ ਵਿਚ ਵੀ ਅਸੀਂ ਗੁਲਾਮੀ ਦੀ ਜ਼ਿੰਦਗੀ ਭੋਗਦੇ ਰਹੇ ਹਾਂ। ਅਸੀਂ ਦੇਸ਼ ਦੀ ਆਜ਼ਾਦੀ ਤੋਂ ਕੀ ਲਾਭ ਉਠਾ ਸਕਦੇ ਹਾਂ। ਸਾਥੀਓ ਤੇ ਨੌਜਵਾਨੋ, ਸਾਨੂੰ ਆਪਣੀ ਕੌਮੀ ਸਮਾਜ ਦੀ ਛੇਤੀ ਤੋਂ ਛੇਤੀ ਲੋੜ ਹੈ। ਸਾਰੇ ਨੌਜਵਾਨਾਂ ਨੂੰ ਮਿਲ ਕੇ ਆਪਣੀ ਸੁਸਾਇਟੀ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ ਪੰਜਾਬ, ਜਲੰਧਰ ਨਾਲ ਮਿਲ ਕੇ ਆਪਣੇ ਕੌਮੀ ਹੱਕਾਂ ਦੀ ਪ੍ਰਾਪਤੀ ਲਈ ਹਰ ਪ੍ਰਕਾਰ ਦੀ ਕੁਰਬਾਨੀ ਦੇ ਕੇ ਅਗਾਂਹ ਵਧੀਏ।

ਸਾਥੀਓ! ਮੈਂ ਤੁਹਾਡਾ ਪਿਛਲੇ ਸਮੇਂ ਵੱਲ ਧਿਆਨ ਦਿਵਾਉਂਦਾ ਹਾਂ ਜਦ ਹਿੰਦੁਸਤਾਨ ਗੁਲਾਮ ਸੀ। ਅਸੀਂ ਦੋ ਪਾਸਿਆਂ ਤੋਂ ਗੁਲਾਮ ਬਣੇ ਹੋਏ ਸੀ। ਇਕ ਹਿੰਦੁਸਤਾਨ ਦੀਆਂ ਉਚੀਆਂ ਸ਼੍ਰੇਣੀਆਂ ਦੇ ਅਤੇ ਦੂਸਰੇ ਪਾਸੇ ਅੰਗਰੇਜ਼ੀ ਹਕੂਮਤ ਦੇ ਗੁਲਾਮ ਸੀ। 14 ਜਨਵਰੀ 1886 ਨੂੰ ਜਦ ਮੇਰਾ ਜਨਮ ਹੋਇਆ ਉਸ ਸਮੇਂ ਊਚ ਨੀਚ ਦੀ ਬਿਮਾਰੀ ਜ਼ੋਰਾਂ ’ਤੇ ਸੀ। ਇੱਥੋਂ ਤੱਕ ਕਿ ਜਦੋਂ ਸਾਡਾ ਆਦਮੀ ਕਿਸੇ ਦੇ ਕੱਪੜੇ ਨਾਲ ਛੋਹ ਜਾਵੇ ਤਾਂ ਆਪਣੇ ਉਪਰੋਂ ਪਾਣੀ ਦਾ ਛਿੱਟਾ ਮਾਰ ਕੇ ਭਿੱਟ ਉਤਾਰਦਾ ਹੁੰਦਾ ਸੀ ਤੇ ਜੇਕਰ ਪਾਣੀ ਨਾ ਮਿਲੇ ਤਾਂ ਆਪਣੇ ਹੁੱਕੇ ਦੇ ਪਾਣੀ ਨੂੰ ਆਪਣੇ ਉਪਰ ਸੁੱਟ ਕੇ ਪਵਿੱਤਰ ਬਣ ਜਾਂਦਾ ਸੀ। ਕੁੱਤਾ, ਬਿੱਲੀ, ਕਾਂ ਆਦਿ ਜਾਨਵਰਾਂ ਦੇ ਜੂਠੇ ਪਾਣੀ ਪੀਣ ਤੋਂ ਕਿਸੇ ਤਰ੍ਹਾਂ ਦੀ ਭਿੱਟ ਨਹੀਂ ਮੰਨਦੇ ਸੀ ਤੇ ਜਿਸ ਤਰ੍ਹਾਂ ਸਾਡੀ ਕੌਮ ਦਾ ਵਸੇਬਾ ਹੁੰਦਾ ਸੀ ਉਹਦਾ ਨਕਸ਼ਾ ਨੌਜਵਾਨਾਂ ਅੱਗੇ ਪੇਸ਼ ਕਰਦਾ ਹਾਂ।

ਜਿਹਨਾਂ ਘਰਾਂ ਵਿਚ ਅਸੀਂ ਰਹਿੰਦੇ ਸੀ, ਉਹ ਤਹਿ ਜ਼ਮੀਨ ਜਿੰਨੀ ਮਕਾਨ ਦੇ ਹੇਠ ਆ ਜਾਵੇ ਜ਼ਿਮੀਂਦਾਰਾਂ ਦੀ ਹੋਇਆ ਕਰਦੀ ਸੀ। ਜਦ ਕਿਸੇ ਜ਼ਿਮੀਂਦਾਰ ਦਾ ਹੁਕਮ ਨਹੀਂ ਸੀ ਮੰਨਿਆ ਜਾਂਦਾ ਤਾਂ ਉਸ ਸਮੇਂ ਹੁਕਮ ਮਿਲ ਜਾਂਦਾ ਸੀ ਕਿ ਭਾਈ ਮੇਰੇ ਕਹੇ ਅਨੁਸਾਰ ਮੇਰਾ ਮੁਫਤ ਕੰਮ ਨਹੀਂ ਕਰਨਾ ਤਾਂ ਇੱਥੋਂ ਆਪਣਾ ਬਿਸਤਰਾ ਚੁੱਕ ਕੇ ਲੈ ਜਾਵੋ। ਅਸੀਂ ਆਪਣੇ ਪੈਸੇ ਲਾ ਕੇ ਉਸ ਮਕਾਨ ਨੂੰ ਆਪਣੀ ਗਰਜ਼ ਵਾਸਤੇ ਵੇਚ ਨਹੀਂ ਸੀ ਸਕਦੇ। ਸਾਡੀ ਕੌਮ ਨੂੰ ਦੇਸ਼ ਵਿਚ ਜ਼ਮੀਨ ਦਾ ਕੋਈ ਅਧਿਕਾਰ ਨਹੀਂ ਸੀ। ਜੇ ਅਸੀਂ ਘਰ ਬਣਾਉਣ ਵਾਸਤੇ ਥਾਂ ਮੱਲ ਲੈਂਦੇ ਸੀ ਤਾਂ ਪੰਜ ਮਰਲੇ ਤੋਂ ਵੱਧ ਨਹੀਂ ਸੀ ਲੈ ਸਕਦੇ। ਉਹ ਵੀ 'ਰਜਤਨਾਮਾ’ ਬਣਾ ਕੇ ਦਿੰਦੇ ਸੀ। ਇਸ ਵਿਚ ਸ਼ਰਤ ਇਹ ਹੁੰਦੀ ਸੀ ਕਿ ਜਿਹੜਾ ਦਰੱਖਤ ਅਸੀਂ ਆਪਣੇ ਘਰ ਵਿਚ ਪਾਲਦੇ ਸੀ, ਉਹ ਜ਼ਿਮੀਂਦਾਰਾ ਕੱਟਦਾ ਸੀ। ਦੂਸਰੇ ਪਾਸੇ ਬਗਾਰ ਇਨ੍ਹਾਂ ਦੀ ਤੇ ਹਕੂਮਤ ਦੀ ਦੇਣੀ ਪੈਂਦੀ ਸੀ ਕਿ ਮਰੇ ਹੋਏ ਪਸ਼ੂ ਸਾਡੇ ਕੋਲੋਂ ਜ਼ੋਰ ਨਾਲ ਚੁਕਾਏ ਜਾਂਦੇ ਸਨ। ਉਚੀਆਂ ਸ਼੍ਰੇਣੀਆਂ ਦੀ ਆਪਸ ਵਿਚ ਲੜ ਕੇ ਮੌਤ ਹੋ ਜਾਂਦੀ ਸੀ ਤਾਂ ਉਹ ਮੁਰਦਾ ਲਾਸ਼ ਸਾਡੇ ਆਦਿ ਧਰਮੀਆਂ ਤੋਂ ਚੁਕਵਾ ਕੇ ਵੀਹ ਵੀਹ ਮੀਲ ਤੱਕ ਲਿਜਾਈ ਜਾਂਦੀ ਸੀ। ਪੁਲਿਸ ਦੇ ਆਦਮੀ ਤੇ ਪਿੰਡ ਦੇ ਨੰਬਰਦਾਰ ਦੀਆਂ ਬੋਹਜ਼ੇ ਤੇ ਬੁੱਤੀਆਂ ਚੈਨ ਨਾਲ ਨਹੀਂ ਸੀ ਬੈਠਣ ਦਿੰਦੀਆਂ। ਅਗਰ ਘਰ ਵਿਚ ਆਦਮੀ ਨਾ ਹੋਵੇ ਤਾਂ ਔਰਤਾਂ ਤੋਂ ਵੰਗਾਰਾਂ ਲਈਆਂ ਜਾਂਦੀਆਂ ਸਨ। ਲੱਕੜੀ ਦੇ ਪਰਨਾਲੇ ਗੱਡ ਕੇ ਉਹਨਾਂ ਰਾਹੀਂ ਪਾਣੀ ਪਿਆਇਆ ਜਾਂਦਾ ਸੀ। ਚੰਗਾ ਕੱਪੜਾ ਤੇ ਚੰਗਾ ਮਕਾਨ ਬਣਾਉਣ ਦੀ ਇਜਾਜ਼ਤ ਨਹੀਂ ਸੀ। ਪੜ੍ਹਨ ਤੇ ਪਾਬੰਦੀ ਲਾਈ ਹੋਈ ਸੀ। ਵਿੱਦਿਆ ਤੋਂ ਵਾਝੇ ਰੱਖ ਕੇ ਸਾਡੇ ਤੋਂ ਹਰ ਤਰ੍ਹਾਂ ਦੀ ਗੁਲਾਮੀ ਕਰਾਉਂਦੇ ਸਨ। ਸਾਥੀਓ ਤੇ ਨੌਜਵਾਨੋ, ਇਹ ਥੋੜ੍ਹੀਆਂ ਜਿਹੀਆਂ ਝਲਕੀਆਂ ਗੁਲਾਮੀ ਦੀਆਂ ਤੁਹਾਡੇ ਅੱਗੇ ਪੇਸ਼ ਕੀਤੀਆਂ ਹਨ। ਪਿਛਲੇ ਸਾਰੇ ਹਾਲਾਤ ਮੈਂ ਆਪਣੇ ਜੀਵਨ ਬਿਰਤਾਂਤ ਵਿਚ ਲਿਖੇ ਹਨ ਉਸ ਤੋਂ ਪਤਾ ਲੱਗ ਜਾਵੇਗਾ ਕਿ ਸਾਡੇ ਬਜ਼ੁਰਗ ਤੇ ਕੌਮ ਕਿੰਨੀਆਂ ਮੁਸੀਬਤਾਂ ਤੋਂ ਗੁਜ਼ਰ ਕੇ ਅੱਜ ਆਜ਼ਾਦੀ ਵਿਚ ਆਈ ਹੈ। ਉਹ ਕੌਮੀ ਤਕਲੀਫਾਂ ਅੱਖੀਂ ਦੇਖ ਕੇ ਆਪ ਅੱਗੋਂ ਅਪੀਲ ਕਰਦਾ ਹਾਂ ਕਿ ਜਿਸ ਤਰ੍ਹਾਂ ਅੱਜ ਮੈਂ ਨੌਜਵਾਨਾਂ ਨੂੰ ਖੇਰੂੰ ਖੇਰੂੰ ਦੇਖਦਾ ਹਾਂ, ਕਿਤੇ ਉਹ ਪਿਛਲਾ ਸਮਾਂ ਮੁੜ ਕੇ ਕੌਮ ਤੇ ਨਾ ਆ ਜਾਵੇ। ਅਸੀਂ ਦੇਸ਼ ਵਿਚ ਤਾਂ ਹੀ ਤਰੱਕੀ ਕਰ ਸਕਦੇ ਹਾਂ ਜੇ ਸਾਡਾ ਆਪਣਾ ਪੱਕਾ ਹੋਵੇ ਤੇ ਸਮਾਜ ਦੇ ਨਾਲ ਹੀ ਸਾਡੀ ਇਕ ਆਵਾਜ਼ ਹੋਵੇ।

ਦੇਸ਼ ਦੀਆਂ ਉਚ ਸ਼੍ਰੇਣੀਆਂ ਨੂੰ ਦੇਖਕੇ ਤੇ ਸਾਨੂੰ ਵੀ ਸਮਾਜ ਬਣਾਉਣ ਦੀ ਲੋੜ ਪਈ ਤਾਂ ਅਸੀਂ ਕੌਮ ਦੇ ਪਤਵੰਤੇ ਅਤੇ ਸਮਝਦਾਰ ਸਾਥੀਆਂ ਦਾ ਇਕੱਠ ਕਰਕੇ ਸੰਨ 1925 ਵਿਚ ਮਤਾ ਪਾਸ ਕਰਕੇ ਆਪਣੇ ਸਮਾਜ ਦਾ ਨਾਂ ਪੰਜਾਬ ਆਦਿ-ਧਰਮ ਮੰਡਲ ਪਾਸ ਕੀਤਾ। ਆਦਿ ਧਰਮ ਮੰਡਲ ਦੇ ਨਾਂ ਉਤੇ ਕੌਮ ਵਿਚ ਪ੍ਰਚਾਰ ਸ਼ੁਰੂ ਕੀਤਾ ਗਿਆ। ਉਸ ਸਮੇਂ ਸਾਨੂੰ ਚੂਹੜੇ, ਚਮਾਰ ਆਦਿ ਨਾਵਾਂ ਨਾਲ ਕਹਿ ਕੇ ਦੁਰਕਾਰਿਆ ਜਾਂਦਾ ਸੀ। ਅਸੀਂ ਆਪਣੀਆਂ ਪੱਛੜੀਆਂ ਕੌਮਾਂ ਨੂੰ ਇਹਨਾਂ ਭੈੜਿਆਂ ਨਾਵਾਂ ਤੋਂ ਛੁਟਕਾਰਾ ਪਾਉਣ ਲਈ ਆਪਣਾ ਨਾਮ ਆਦਿ ਧਰਮ ਰੱਖਿਆ।

ਹਕੂਮਤ ਨੂੰ ਲਿਖ ਕੇ ਭੇਜਿਆ ਗਿਆ ਕਿ ਅੱਗੇ ਨੂੰ ਸਰਕਾਰੀ ਦਫਤਰਾਂ ਵਿਚ ਸਾਨੂੰ ਆਦਿ ਧਰਮੀ ਲਿਖਿਆ ਜਾਵੇ ਅਤੇ ਦੇਸ਼ ਵਿਚ ਆਦਿ ਧਰਮ ਦਾ ਪ੍ਰਚਾਰ ਕਰਕੇ ਦੇਸ਼ ਦੀਆਂ ਦੂਸਰੀਆਂ ਕੌਮਾਂ ਨੂੰ ਆਦਿ ਧਰਮ ਤੋਂ ਜਾਣੂ ਕਰਵਾਇਆ ਜਾਵੇ। ਇਸ ਸਮਾਜ ਦੇ ਹੋਣ ਕਰਕੇ ਅਸੀਂ ਆਪਣੇ ਦੇਸ਼ ਦੀਆਂ ਪੱਛੜੀਆਂ ਕੌਮਾਂ ਨੂੰ ਦੇਸ਼ ਦੇ ਅਧਿਕਾਰਾਂ ਦਾ ਮਿਲਣ ਕਰਕੇ ਪੱਛੜੀਆਂ ਬਰਾਦਰੀਆਂ ਨੂੰ ਵਿੱਦਿਆ ਪ੍ਰਾਪਤ ਕਰਨ ਦੀਆਂ ਸਾਰੀਆਂ ਸਹੂਲਤਾਂ ਮਿਲੀਆਂ ਅਤੇ ਅੱਜ ਹਕੂਮਤ ਦੇ ਸਾਰੇ ਭਾਗਾਂ ਵਿਚ ਸ਼ਾਮਲ ਹਨ।

ਸਾਡੀ ਜੱਦੋ-ਜਹਿਦ ਸਦਕੇ ਅੱਜ ਦੀ ਹਕੂਮਤ ਨੇ ਜਾਤ-ਪਾਤ, ਛੂਤ-ਛਾਤ ਅਤੇ ਊਚ-ਨੀਚ ਦੇ ਭੈੜੇ ਰਿਵਾਜ਼ਾ ਨੂੰ ਦੇਸ਼ ਵਿਚੋਂ ਦੂਰ ਕਰਕੇ ਲੋਕ ਰਾਜ ਦੀ ਸਾਂਝੀ ਹਕੂਮਤ ਦੇਸ਼ ਵਿਚ ਕਾਇਮ ਹੈ। ਅੱਜ ਦੇਸ਼ ਦੀਆਂ ਸਾਰੀਆਂ ਕੌਮਾਂ ਆਪੋ-ਆਪਣੇ ਕੌਮੀ ਸਮਾਜੀ ਹੱਕਾਂ ਦੀ ਰਾਖੀ ਕਰ ਰਹੀਆਂ ਹਨ। ਇਸ ਵਾਸਤੇ ਮੈਂ ਆਪਣੇ ਸਾਥੀਆਂ ਅਤੇ ਕੌਮੀ ਪੜ੍ਹੇ-ਲਿਖੇ ਨੌਜਵਾਨਾਂ ਅੱਗੇ ਅਪੀਲ ਕਰਦਾ ਹਾਂ ਕਿ ਆਪਣੇ ਕੌਮੀ ਸਮਾਜ ਆਦਿ ਧਰਮ ਸ਼ਡਿਊਲਡ ਕਾਸਟਸ ਫੈਡਰੇਸ਼ਨ, ਪੰਜਾਬ, ਜਲੰਧਰ ਚੱਲ ਰਹੀ ਹੈ। ਉਸ ਦੇ ਜ਼ਿੰਮੇਵਾਰ ਮੈਂਬਰ ਬਣ ਕੇ ਹਰ ਤਰ੍ਹਾਂ ਦੀ ਸਹਾਇਤਾ ਕਰੋ। ਜੇਕਰ ਤੁਸੀਂ ਆਪਣੇ ਸਮਾਜ ਭਾਵ ਸੁਸਾਇਟੀ ਵੱਲ ਧਿਆਨ ਨਾ ਦਿੱਤਾ ਤਾਂ ਮੇਰੇ ਉਪਰਲੇ ਲੇਖ ਨੂੰ ਪੜ੍ਹ ਕੇ ਪਤਾ ਲੱਗ ਜਾਵੇਗਾ ਕਿ ਸਾਡੀ ਉਹ ਹਾਲਤ ਹੋ ਜਾਵੇਗੀ ਜੋ ਸਾਡੀ 1925 ਤੋਂ ਪਹਿਲਾ ਸੀ। ਇਸ ਵਾਸਤੇ ਸਮਾਜ ਦੀ ਅੱਜ ਲੋੜ ਹੈ। ਅਸੀਂ ਸਾਰੇ ਮਿਲ ਕੇ ਆਪਣੀ ਆਵਾਜ਼ ਨੂੰ ਸੁਸਾਇਟੀ ਰਾਹੀਂ ਹਕੂਮਤ ਅਤੇ ਦੇਸ਼ ਵਾਸੀਆਂ ਤੱਕ ਪਹੁੰਚਾਈਏ।

**ਵੱਲੋਂ: ਬਾਬੂ ਮੰਗੂ ਰਾਮ ਮੁੱਗੋਵਾਲੀਆ, ਪ੍ਰਧਾਨ ਆਦਿ ਧਰਮ ਮੰਡਲ**


***(ਧੰਨਵਾਦ ਸਹਿਤ, ਬਾਬੂ ਮੰਗੂ ਰਾਮ ਮੁਗੋਵਾਲੀਆ ਸੋਵੀਨਰ, ਜਲੰਧਰ)***

# ਲਾਹੌਰੀ ਰਾਮ ਬਾਲੀ ਨੂੰ ਯਾਦ ਕਰਦਿਆਂ



Prof (Dr.) Ronki Ram
E-mail: ronkiram@yahoo.co.in
Mob: +91-9878682160

ਲਾਹੌਰੀ ਰਾਮ ਬਾਲੀ ਦਾ ਨਾਂ ਪੰਜਾਬ ਦੇ ਪ੍ਰਮੁੱਖ ਅੰਬੇਡਕਰੀ ਅੰਦੋਲਨਕਾਰੀਆਂ ਵਿਚ ਆਉਂਦਾ ਹੈ। ਉਹ ਜ਼ਿਆਦਾ ਕਰਕੇ ਐਲ. ਆਰ. ਬਾਲੀ ਦੇ ਨਾਂ ਨਾਲ ਜਾਣੇ ਜਾਂਦੇ ਹਨ। ਉਹਨਾਂ ਦਾ ਜਨਮ 20 ਜੁਲਾਈ 1930 ਨੂੰ ਮਾਤਾ ਪ੍ਰੇਮੀ ਅਤੇ ਪਿਤਾ ਭਗਵਾਨ ਦਾਸ ਦੇ ਘਰ ਨਵਾਂ ਸ਼ਹਿਰ ਵਿਖੇ ਹੋਇਆ। ਉਹਨਾਂ ਦੇ ਪਿਤਾ ਆਪਣੇ ਵੇਲੇ ਦੇ ਬੂਟ ਬਣਾਉਣ ਦੇ ਮਸ਼ਹੂਰ ਕਾਰੀਗਰ ਸਨ। ਬਾਲੀ ਸਾਹਿਬ ਦੇ ਬਾਬਾ ਚੌਧਰੀ ਇੰਦਰ ਰਾਮ ਜੀ ਬਾਬੂ ਮੰਗੂ ਰਾਮ ਮੁਗੋਵਾਲੀਆ ਦੁਆਰਾ ਚਲਾਈ ਗਈ ਆਦਿ ਧਰਮ ਲਹਿਰ ਵਿਚ ਸਰਗਰਮ ਸਨ। ਆਦਿ ਧਰਮ ਮੰਡਲ ਦੀ ਰਿਪੋਰਟ ਬਾਲੀ ਸਾਹਿਬ ਨੂੰ ਆਪਣੇ ਬਾਬਾ ਜੀ ਦੇ ਕਾਗ਼ਜ਼ਾਂ ’ਚੋਂ ਮਿਲੀ ਸੀ ਜੋ ਉਨ੍ਹਾਂ ਨੇ ਅਮਰੀਕਾ ਵਾਸੀ ਖੋਜਾਰਥੀ ਜੁਰਜ਼ਨਸੁਮੇਅਰ ਨੂੰ ਉਨ੍ਹਾਂ ਦੀ ਪੰਜਾਬ ਦੀ ਖੋਜ ਫੇਰੀ ਦੌਰਾਨ ਦਿੱਤੀ। ਉਨ੍ਹਾਂ ਦੇ ਬਾਬਾ ਜੀ ਨੇ ਪੰਜਾਬੀ ਵਿਚ ’ਭਰਮ ਤੋੜ’ ਨਾਮਕ ਗ੍ਰੰਥ ਵੀ ਲਿਖਿਆ ਸੀ। ਬਾਲੀ ਸਾਹਿਬ ਨੇ ਨਵਾਂ ਸ਼ਹਿਰ ਦੇ ਦੁਆਬਾ ਹਾਈ ਸਕੂਲ ਤੋਂ 1947 ਵਿਚ ਪਹਿਲੇ ਦਰਜੇ ਵਿਚ ਦਸਵੀਂ ਪਾਸ ਕੀਤੀ। 1947-48 ਵਿਚ ਉਹ ਨੌਕਰੀ ਦੀ ਤਲਾਸ਼ ਵਿਚ ਦਿੱਲੀ ਰਹਿੰਦੇ ਰਹੇ। ਆਖਿਰ 8 ਦਸੰਬਰ 1948 ਨੂੰ ਸਟੇਟ ਪ੍ਰੈਸ ਵਿਚ ’ਕਾਪੀ ਹੋਲਡਰ’ ਦੀ ਸਰਕਾਰੀ ਨੌਕਰੀ ਮਿਲ ਗਈ। ਉਨ੍ਹਾਂ ਨੂੰ ਸ਼ੁਰੂ ਤੋਂ ਹੀ ਰਾਜਨੀਤਿਕ ਗਤੀਵਿਧੀਆਂ ਵਿਚ ਖਾਸ ਰੁਚੀ ਸੀ। ਉਹ ਆਰੀਆ ਸਮਾਜ ਦੇ ਵਾਰਸ਼ਿਕ ਸੰਮੇਲਨ ਵਿਚ ਜ਼ਰੂਰ ਭਾਗ ਲੈਂਦੇ ਸਨ। ਜਿੱਥੇ ਉਨ੍ਹਾਂ ਦਾ ਸ਼ੌਂਕ ਚੰਗੀਆਂ ਤਕਰੀਰਾਂ ਸੁਣਨਾ ਹੋਇਆ ਕਰਦਾ ਸੀ। ਉਨ੍ਹਾਂ ਨੂੰ ਅੰਬੇਡਕਰੀ ਮਿਸ਼ਨ ਦੀ ਲਗਨ ਆਪਣੇ ਚਾਚਾ ਹਕੀਮ ਗੁਰਸ਼ਰਨ ਦਾਸ ਤੋਂ ਲੱਗੀ। ਗੁਰਸ਼ਰਨ ਦਾਸ ਸੇਠ ਕਿਸ਼ਨ ਦਾਸ, ਜੋ ਕਿ ਪੰਜਾਬ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਪ੍ਰਧਾਨ ਸਨ, ਦੇ ਕਾਫ਼ੀ ਕਰੀਬੀ ਸਨ। ਬਾਲੀ ਸਾਹਿਬ ਜਦੋਂ ਆਪਣੀ ਨੌਕਰੀ ਦੌਰਾਨ ਗੁੜਗਾਓਂ (ਭੋਗਲ) ਕੰਮ ਕਰਦੇ ਸਨ ਤਾਂ ਬਾਬਾ ਸਾਹਿਬ ਦੇ ਨਿਵਾਸ ਸਥਾਨ ਬੰਗਲਾ ਨੰਬਰ 1, ਹਾਰਡਿੰਗ ਰੋਡ (ਜਿਹੜੀ ਹੁਣ ਤਿਲਕ ਰੋੜ ਦੇ ਨਾਂ ਨਾਲ ਜਾਣੀ ਜਾਂਦੀ ਹੈ) ਵਿਖੇ ਉਚੇਚੇ ਤੌਰ ’ਤੇ (ਆਉਣ-ਜਾਣ ਸਮੇਂ) ਜਾਇਆ ਕਰਦੇ ਸਨ। 1951 ਨੂੰ ਨਵੀਂ ਦਿੱਲੀ ਵਿਚ ਜਿਸ ਦਿਨ ਰਾਣੀ ਝਾਂਸੀ ਰੋਡ ’ਤੇ ਅੰਬੇਡਕਰ ਭਵਨ ਦਾ ਨੀਂਹ ਪੱਥਰ ਰੱਖਿਆ ਗਿਆ, ਉਸ ਦਿਨ ਬਾਬਾ ਸਾਹਿਬ ਦੀ ਸੁਰੱਖਿਆ ਹਿੱਤ ਦੇਵੀ ਸਿੰਘ ਦੇ ਨਾਲ ਮੰਚ ਦੇ ਪਿੱਛੇ ਬਾਲੀ ਸਾਹਿਬ ਨੂੰ ਵੀ ਖੜ੍ਹੇ ਹੋਣ ਦਾ ਮੌਕਾ ਮਿਲਿਆ। ਉਸੇ ਸਾਲ ਲਕਸ਼ਮੀ ਨਰਾਇਣ ਮੰਦਰ, ਜੋ ਬਿਰਲਾ ਮੰਦਰ ਦੇ ਨਾਂ ਨਾਲ ਮਸ਼ਹੂਰ ਹੈ, ਦੇ ਨਾਲ ਬੁੱਧ ਵਿਹਾਰ ਵਿਖੇ ਬਾਬਾ ਸਾਹਿਬ ਦੇ ਭਾਸ਼ਣ ਵੇਲੇ ਵੀ ਬਾਲੀ ਸਾਹਿਬ ਹਾਜ਼ਰ ਸਨ। ਬਾਲੀ ਸਾਹਿਬ ਲਿਖਦੇ ਹਨ, “ਬਾਬਾ ਸਾਹਿਬ ਅੰਬੇਡਕਰ ਨੂੰ ਬਹੁਤ ਵਾਰੀ ਦੇਖਣ, ਤਿੰਨ ਵਾਰ ਨੇੜੇ ਤੋਂ ਮਿਲਣ, ਗੱਲਬਾਤ ਕਰਨ ਅਤੇ ਵੱਡੇ ਸ਼ਰਧਾਲੂਆਂ ਦੇ ਪਿੱਛੇ ਬੈਠ ਕੇ ਉਨ੍ਹਾਂ ਦੀ ਸੰਗਤ ਕਰਨ ਦਾ ਮੌਕਾ ਤਾਂ ਬਹੁਤ ਵਾਰ ਮਿਲਿਆ। ਪ੍ਰੰਤੂ 30 ਸਤੰਬਰ 1056 ਦਾ ਦਿਨ ਮੇਰੇ ਲਈ ਇਕ ਇਤਿਹਾਸਕ ਦਿਨ ਸਿੱਧ ਹੋਇਆ ਹੈ”। ਇਸ ਦਿਨ ਬਾਲੀ ਸਾਹਿਬ ਨੇ ਦਿੱਲੀ ਵਿਖੇ ਬਾਬਾ ਸਾਹਿਬ ਦੇ ਨਿਵਾਸ ਸਥਾਨ ’ਤੇ ਉਨ੍ਹਾਂ ਨੂੰ ਵਚਨ ਦਿੱਤਾ ਸੀ, ”ਮੈਂ ਅੰਬੇਡਕਰ ਮਿਸ਼ਨ ਦੀ ਪੂਰਤੀ ਲਈ ਆਪਣਾ ਸਾਰਾ ਜੀਵਨ ਅਰਪਿਤ ਕਰਾਂਗਾ”। ਇਹ ਉਹ ਸਮਾਂ ਸੀ ਜਦੋਂ ਪੰਜਾਬ ਵਿਚ ਅੰਬੇਡਕਰੀ ਮਿਸ਼ਨ ਕੁਝ ਕਾਰਨਾਂ ਕਰਕੇ ਅੱਗੇ ਵਧਣ ਤੋਂ ਰੁਕਿਆ ਹੋਇਆ ਸੀ। ਪੰਜਾਬ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਮੋਢੀ ਅਤੇ ਪ੍ਰਧਾਨ ਸੇਠ ਕਿਸ਼ਨ ਦਾਸ ਸਰਗਰਮ ਰਾਜਨੀਤੀ ਛੱਡ ਕੇ ਕਲਕੱਤੇ ਜਾ ਵੱਸੇ ਸਨ। ਫੈਡਰੇਸ਼ਨ ਦੇ ਜਨਰਲ ਸੈਕਟਰੀ ਕੇ. ਸੀ. ਸੁਲੇਖ 1952 ਤੋਂ ਬਾਅਦ ਜਲਦੀ ਹੀ ਸਰਕਾਰੀ ਨੌਕਰੀ ਵਿਚ ਜਾਣ ਕਰਕੇ ਪਹਿਲਾਂ ਦੀ ਤਰ੍ਹਾਂ ਅੰਬੇਡਕਰੀ ਅੰਦੋਲਨ ਵਿਚ ਸਰਗਰਮੀ ਨਾਲ ਹਿੱਸਾ ਨਹੀਂ ਲੈ ਸਕਦੇ ਸਨ। ਬਾਬਾ ਸਾਹਿਬ ਦੇ ਪ੍ਰੀਨਿਰਵਾਣ ਤੋਂ ਬਾਅਦ ਉਨ੍ਹਾਂ ਨੇ ਆਪਣਾ ਵਚਨ ਪੂਰਾ ਕੀਤਾ। 6 ਦਸੰਬਰ 1956 ਨੂੰ ਉਨ੍ਹਾਂ ਨੇ ਆਪਣੀ ਨੌਕਰੀ ਤੋਂ ਅਸਤੀਫ਼ਾ ਦੇ ਦਿੱਤਾ। ਇਸ ਉਪਰੰਤ ਉਨ੍ਹਾਂ ਨੇ ਫਿਰ ਪਿੱਛੇ ਮੁੜ ਕੇ ਨਹੀਂ ਦੇਖਿਆ। ਬਾਬਾ ਸਾਹਿਬ ਦੇ ਦੇਹਾਂਤ ਤੋਂ ਬਾਅਦ ਬਹੁਤ ਸਾਰੇ ਸ਼ਡਿਊਲਡ ਕਾਸਟਸ ਫੈਡਰੇਸ਼ਨ ਦੇ ਨੇਤਾ ਫੈਡਰੇਸ਼ਨ ਛੱਡ ਕੇ ਕਾਂਗਰਸ ਵਿਚ ਚਲੇ ਗਏ।



ਲਾਹੌਰੀ ਰਾਮ ਬਾਲੀ

ਉਨ੍ਹਾਂ ਨੇ ਚਰਨ ਦਾਸ ਨਿਧੜਕ ਨਾਲ ਮਿਲ ਕੇ ਫੈਡਰੇਸ਼ਨ ਦਾ ਪੁਨਰ-ਗਠਨ ਕਰਕੇ ਉਸ ਨੂੰ ਪ੍ਰਭਾਵਸ਼ਾਲੀ ਸੰਗਠਨ ਵਜੋਂ ਉਭਾਰਿਆ। ਪੰਜਾਬ ਸ਼ਡਿਊਲਡ ਕਾਸਟਸ ਫੈਡਰੇਸ਼ਨ ਮਹਾਂਰਾਸ਼ਟਰਾ ਤੋਂ ਬਾਅਦ ਚੋਣ ਆਯੋਗ ਦੀ ਮਾਨਤਾ ਪ੍ਰਾਪਤ ਰਾਜਨੀ-ਤਿਕ ਦਲ ਸੀ। 1957 ਦੀਆਂ ਚੋਣਾਂ ਦੌਰਾਨ ਬਾਲੀ ਸਾਹਿਬ ਨੇ ਭਾਈਆ ਸਾਹਿਬ ਜਸਵੰਤ ਰਾਵ ਅੰ-ਬੇਡਕਰ (ਬਾਬਾ ਸਾਹਿਬ ਦੇ ਸਪੁੱਤਰ) ਨੂੰ ਨਾਲ ਲੈ ਕੇ ਪੂਰੇ ਪੰਜਾਬ ਦੇ ਦੌਰੇ ਕੀਤੇ। 1963 ਵਿਚ ਉਨ੍ਹਾਂ ਬੁੱਧ ਧਰਮ ਅਪਣਾ ਲਿਆ। ਉਨ੍ਹਾਂ ਦੀ ਪੰਜਾਬ ਦੇ 1964 ਵਾਲੇ ਅੰਬੇਡਕਰੀ ਅੰਦੋਲਨ ਵਿਚ ਖਾਸ ਭੂਮਿਕਾ ਹੈ।

ਉਨ੍ਹਾਂ ਨੇ ਅੰਬੇਡਕਰੀ ਮਿਸ਼ਨ ਨੂੰ ਘਰ-ਘਰ ਪਹੁੰਚਾਉਣ ਲਈ ਅੰਬੇਡਕਰੀ ਸਾਹਿਤ ਲਿਖਣ ਤੇ ਪ੍ਰਕਾਸ਼ਿਤ ਕਰਨ ਹਿੱਤ ਵੱਡੇ ਪੱਧਰ ’ਤੇ ਯਤਨ ਕੀਤੇ। ਜਿੱਥੇ 1958 ਵਿਚ ਉਨ੍ਹਾਂ ਨੇ ’ਭੀਮ ਪੱਤ੍ਰਿਕਾ’ ਸ਼ੁਰੂ ਕੀਤੀ (ਜਿਸ ਦਾ ਪਹਿਲਾ ਅੰਕ ਮਈ 1959 ਵਿਚ ਪ੍ਰਕਾਸ਼ਿਤ ਹੋਇਆ) ਉਥੇ ਉਨ੍ਹਾਂ ਭੀਮ ਪੱਤ੍ਰਿਕਾ ਪ੍ਰਕਾਸ਼ਨ ਦੁਆਰਾ ਅਨੇਕਾਂ ਪੁਸਤਕਾਂ ਛਾਪ ਕੇ ਦਲਿਤ ਸਮਾਜ ਤੱਕ ਪਹੁੰਚਾਇਆ। ਉਨ੍ਹਾਂ ਨੇ ਬਾਬਾ ਸਾਹਿਬ ਦੀਆਂ ਅਨੇਕਾਂ ਪੁਸਤਕਾਂ ਅਤੇ ਭਾਸ਼ਣਾਂ ਦਾ ਹਿੰਦੀ ਅਤੇ ਪੰਜਾਬੀ ਅਨੁਵਾਦ ਕਰਕੇ ਛਪਵਾਇਆ। ਉਨ੍ਹਾਂ ਦੁਆਰਾ ਰਚਿਤ ਬਾਬਾ ਸਾਹਿਬ ਦੀ ਜੀਵਨੀ ’ਡਾ. ਅੰਬੇਡਕਰ: ਜੀਵਨ ਅਤੇ ਮਿਸ਼ਨ’ ਕਾਫੀ ਪ੍ਰਸਿੱਧ ਹੈ, ਜਿਸਦੇ ਕਈ ਐਡੀਸ਼ਨ ਛਪ ਚੁੱਕੇ ਹਨ। ਇਸ ਤੋਂ ਇਲਾਵਾ ਉਨ੍ਹਾਂ ਨੇ ਇਕ ਹੋਰ ਬਹੁਤ ਪੁਖਤਾ ਸਾਹਿਤਕ ਕੰਮ ਕੀਤਾ ਹੈ ਜਿਸ ਵਿਚ ਬਾਬਾ ਸਾਹਿਬ ਦੇ ਭਾਸ਼ਣ ਤੇ ਲਿਖਤਾਂ (ਜੋ ਕਈ ਜਿਲਦਾਂ ਵਿਚ ਛਪ ਚੁੱਕੇ ਹਨ) ਦੇ ਨਿਚੋੜ ਨੂੰ ਇਕ ਪੁਸਤਕ ਦੇ ਰੂਪ ਵਿਚ ਪ੍ਰਕਾਸ਼ਿਤ ਕਰਵਾਇਆ ਹੈ, ਜੋ ਦੋ ਭਾਗਾਂ ਵਿਚ ਛਪੀ ਹੈ। (ਡਾ. ਅੰਬੇਡਕਰ ਕਲਮ ਦਾ ਕਮਾਲ, ਭਾਗ 1, 2)। ਇਹ ਦੋਵੇਂ ਭਾਗ ਹਿੰਦੀ ਵਿਚ ਉਪਲਬਧ ਹਨ।

ਬਾਲੀ ਸਾਹਿਬ ਨੇ ਜਿਨ੍ਹਾਂ ਵੇਲਿਆਂ ਵਿਚ ਅੰਬੇਡਕਰੀ ਸਾਹਿਤ ਦਾ ਪ੍ਰਕਾਸ਼ਨ ਸ਼ੁਰੂ ਕੀਤਾ, ਉਸ ਸਮੇਂ ਮਹਾਂਰਾਸ਼ਟਰਾ ਸਰਕਾਰ ਵੱਲੋਂ ਵੀ ਅਜਿਹਾ ਉੱਦਮ ਸ਼ੁਰੂ ਨਹੀਂ ਹੋਇਆ ਸੀ। ਉਨ੍ਹਾਂ ਨੇ ਭਾਰਤ ਦੇ ਵੱਖ-ਵੱਖ ਥਾਵਾਂ ਤੋਂ ਬਾਬਾ ਸਾਹਿਬ ਨਾਲ ਸਬੰਧਿਤ ਜਾਣਕਾਰੀ ਅਤੇ ਉਨ੍ਹਾਂ ਦੁਆਰਾ ਦਿੱਤੇ ਹੋਏ ਭਾਸ਼ਣ, ਫੋਟੋ ਇਕੱਠੇ ਕਰਕੇ ਉਨ੍ਹਾਂ ਦਾ ਪ੍ਰਕਾਸ਼ਨ ਕੀਤਾ। ਉਨ੍ਹਾਂ ਨੇ ਮਿਸ਼ਨ ਨਾਲ ਸਬੰਧਤ ਕਈ ਅਦਾਲਤੀ ਮੁਕੱਦਮੇ ਵੀ ਲੜੇ। ਜਲੰਧਰ ਵਿਖੇ ਅੰਬੇਡਕਰ ਭਵਨ ਦੀ ਉਸਾਰੀ ਵਿਚ ਉਨ੍ਹਾਂ ਦੀ ਖਾਸ ਭੂਮਿਕਾ ਰਹੀ। ਬਾਲੀ ਸਾਹਿਬ ਪਿਛਲੇ ਕਈ ਸਾਲਾਂ ਤੋਂ ਬਾਬਾ ਸਾਹਿਬ ਦੇ ਜਨਮ ਦਿਨ ਅਤੇ ਪਰਿਨਿਰਵਾਣ ਦਿਵਸ ’ਤੇ ਉਨ੍ਹਾਂ ਦੀ ਯਾਦ ਵਿਚ ਗੋਸ਼ਟੀਆਂ ਕਰਵਾਉਂਦੇ ਰਹੇ। 2002 ਵਿਚ ਉਨ੍ਹਾਂ ਨੂੰ ਬਾਬਾ ਸਾਹਿਬ ਅੰਬੇਡਕਰ ਨੈਸ਼ਨਲ ਇੰਸਟੀ-ਚਿਊਟ ਆਫ਼ ਸੋਸ਼ਲ ਸਾਇੰਸਜ਼, ਮਹੂ ਵੱਲੋਂ ਲਾਈਫ ਟਾਇਮ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਉਹ ਦਲਿਤ ’ਹਿਊਮਨ ਰਾਈਟਸ’ ਦੇ ਮੁੱਦੇ ਨੂੰ ਲੈ ਕੇ ਬਹੁਤ ਸਰਗਰਮ ਸਨ। ਉਹ ਆਪਣੀ ਉਮਰ ਦੇ ਆਖਰੀ ਸਾਹਾਂ ਤੱਕ (ਜੁਲਾਈ 6, 2023) ਅੰਬੇਡਕਰੀ ਸਾਹਿਤ ਅਤੇ ਮਿਸ਼ਨ ਨੂੰ ਲੈ ਕੇ ਯਤਨਸ਼ੀਲ ਰਹੇ। ਉਹਨਾਂ ਦਿਨਾਂ ਦੌਰਾਨ ਉਹ ਆਪਣੀ ਸਵੈਜੀਵਨੀ ਦੇ ਖਰੜੇ ਨੂੰ ਅੰਤਿਮ ਰੂਪ ਦੇ ਰਹੇ ਸਨ, ਉਸ ਖਰੜੇ ਨੂੰ ਉਨ੍ਹਾਂ ਨੇ ਲੇਖਕ ਨੂੰ ਪੜ੍ਹਨ ਵਾਸਤੇ ਭੇਜਿਆ ਤਾਂ ਕਿ ਲੇਖਕ ਉਨ੍ਹਾਂ ਦੇ ਜੀਵਨ ਤੇ ਸੰਘਰਸ਼ ਬਾਰੇ ਪੂਰਨ ਜਾਣਕਾਰੀ ਹਾਸਲ ਕਰ ਸਕੇ। ਜਿਸ ਲਈ ਲੇਖਕ ਉਨ੍ਹਾਂ ਦਾ ਅਤਿ ਧੰਨਵਾਦੀ ਹੈ। ਉਹ ਜਲੰਧਰ ਅੰਬੇਡਕਰ ਭਵਨ ਦੇ ਮੋਢੀ ਮੈਂਬਰ ਹੋਣ ਦੇ ਨਾਲ-ਨਾਲ ਟਰੱਸਟ ਦੇ ਚੇਅਰਮੈਨ, ਆਲ ਇੰਡੀਆ ਸਮਤਾ ਸੈਨਿਕ ਦਲ ਦੇ ਚੇਅਰਮੈਨ ਅਤੇ ਪਹਿਲਾਂ ਸਥਾਪਿਤ ਹੋਈ ਰਿਪਬਲਿਕ ਪਾਰਟੀ ਆਫ਼ ਇੰਡੀਆ ਦੇ ਜਨਰਲ ਸਕੱਤਰ ਵੀ ਰਹੇ। ਪਾਰਟੀ ਵੱਲੋਂ ਉਨ੍ਹਾਂ ਨੇ 1957 ਵਿਚ ਉਸ ਵੇਲੇ ਦੇ ਕੇਂਦਰੀ ਮੰਤਰੀ ਸ. ਸਵਰਨ ਸਿੰਘ ਦੇ ਖਿਲਾਫ ਸੰਸਦੀ ਚੋਣ ਲੜ ਕੇ ਬਣ ਰਹੀ ਦਲਿਤ ਪਹਿਚਾਣ ਦੀ ਪ੍ਰਤੀਨਿਧਤਾ ਕੀਤੀ। ਉਨ੍ਹਾਂ ਦੀ ਖੋਜ ਆਧਾਰਿਤ ਲੇਖਣੀ ਵਿਚ ਜਿੱਥੇ ਤਥਾਤਮਕ ਸਥਿਰਤਾ ਹੈ, ਉਥੇ ਬੁੱਧ ਅੰਬੇਡਕਰ ਦੇ ਗਿਆਨ ਦੀ ਮਘਦੀ ਤਪਸ਼ ਉਸ ਤੋਂ ਵੀ ਤਿੱਖੀ ਹੈ। ਉਨ੍ਹਾਂ ਦੀਆਂ ਕੁਝ ਕਿਤਾਬਾਂ ’ਹਿੰਦੂ ਯਾਂ ਕਲੰਕ’ ਅਤੇ ’ਰੰਗੀਲਾ ਗਾਂਧੀ’ ਕ੍ਰਮਵਾਰ ਪੰਜਾਬ ਅਤੇ ਰਾਜਸਥਾਨ ਵਿਚ ਪਾਬੰਦੀ ਲੱਗਣ ਦੇ ਬਾਵਜੂਦ ਉਹ ਆਪਣੇ ਵਿਚਾਰਾਂ ਅਤੇ ਸਿਧਾਂਤਾਂ ’ਤੇ ਦ੍ਰਿੜਤਾ ਪੂਰਵਕ ਅਡੋਲ ਅਤੇ ਅਡਿੱਗ ਰਹੇ।



ਵਿਧਾਨ ਸਭਾ ਲਾਹੌਰ ਦੇ ਸਪੀਕਰ ਦੇ ਦੌਲਤਖਾਨੇ ਲੇਖਕ ਪ੍ਰੋ. ਰੌਣਕੀ ਰਾਮ ਅਤੇ ਹੋਰ ਬੁੱਧੀਜੀਵੀ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੇ ਸੰਗ ਜੂਨ 2008 ਦੀ ਇਕ ਯਾਦਗਾਰੀ ਤਸਵੀਰ



The opinions expressed in this newspaper do not necessarily represent the views or opinions of the staff or employees of "Desh Doaba". All disputes subjected to Sacramento (California) jurisdiction.
’ਦੇਸ਼ ਦੁਆਬਾ’ ਵਿਚ ਛਪੇ ਲੇਖਾਂ, ਖ਼ਬਰਾਂ ਅਤੇ ਇਸ਼ਤਿਹਾਰਾਂ ਆਦਿ ਵਿਚਲੇ ਵਿਚਾਰਾਂ/ਦਾਅਵਿਆਂ ਨਾਲ ਅਦਾਰਾ ਦੇਸ਼ ਦੁਆਬਾ ਅਤੇ ਸੰਪਾਦਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ

ਕੈਲੀਫੋਰਨੀਆ ਤੋਂ ਹੁਸਨ ਲੜੋਆ ਬੰਗਾ

# ਕੈਲੀਫੋਰਨੀਆ ਸਟੇਟ ਅਸੈਂਬਲੀ ਨੇ 1984 ਸਿੱਖ ਨਸਲਕੁਸ਼ੀ ਦੇ ਮਤੇ ਨੂੰ ਮਾਨਤਾ ਦਿੱਤੀ

## ਵਿਧਾਨ ਸਭਾ ਮੈਂਬਰ ਜਸਮੀਤ ਕੌਰ ਬੈਂਸ ਵੱਲੋਂ ਸਿੱਖ ਨਸਲਕੁਸ਼ੀ ਨਾਲ ਸਬੰਧਤ ਮਤਾ ਪੇਸ਼ ਕੀਤਾ ਗਿਆ ਸੀ

**ਸੈਕਰਾਮੈਂਟੋ, ਕੈਲੀਫੋਰਨੀਆ** – ਕੈਲੀਫੋਰਨੀਆ ਸਟੇਟ ਅਸੈਂਬਲੀ ਨੇ ਭਾਰਤ ਵਿੱਚ ਹੋਈ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ "ਨਸਲਕੁਸ਼ੀ" ਵਜੋਂ ਮਾਨਤਾ ਦੇ ਦਿਤੀ ਹੈ। ਅਸੈਂਬਲੀ ਅਤੇ ਕੈਲੀਫੋਰਨੀਆ ਰਾਜ ਦੀ ਸੈਨੇਟ ਨੇ ਸਾਂਝੇ ਤੌਰ 'ਤੇ, ਭਾਰਤ ਵਿੱਚ 1984 ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਘੋਸ਼ਿਤ ਕਰ ਦਿਤਾ ਹੈ। ਇਹ ਮਤਾ ਅਸੈਂਬਲੀ ਮੈਂਬਰ ਜਸਮੀਤ ਕੌਰ ਬੈਂਸ ਦੁਆਰਾ ਪੇਸ਼ ਕੀਤਾ ਗਿਆ ਸੀ, ਜਿਸ ਦੇ ਸਹਿਕਾਰ: ਅਸੈਂਬਲੀ ਮੈਂਬਰ ਐਡਿਸ, ਐਗੁਆਰ-ਕਰੀ, ਅਲਾਨਿਸ, ਅਲਵਾਰੇਜ਼, ਅਰਾਮਬੁਲਾ, ਬੇਨੇਟ, ਬਰਮਨ, ਬੋਅਰਨਰ ਹੋਰਵਥ, ਬੋਂਟਾ, ਕੈਲਡਰੋਨ, ਜੁਆਨ ਕੈਰੀਲੋ, ਵੈਂਡੀ ਕੈਰੀਲੋ, ਸਰਵੈਂਟਸ, ਕੋਨੋਲੀ, ਮੇਗਨ ਡਾਹਲੇ, ਡਿਕਸਨ, ਫਲੋਰਾ, ਮਾਈਕ ਫੋਂਗ, ਵਿੰਸ ਫੋਂਗ, ਫ੍ਰੀਡਮੈਨ, ਗੈਬਰੀਅਲ, ਗੈਲਾਘਰ, ਗਾਰਸੀਆ, ਗਿਪਸਨ, ਗ੍ਰੇਸਨ, ਹੈਨੀ, ਹਾਰਟ, ਹੋਲਡਨ, ਹੂਵਰ, ਇਰਵਿਨ, ਜੈਕਸਨ, ਜੋਨਸ- ਸਵਾਇਰ, ਕਾਲਰਾ, ਲੈਕੀ, ਲੋਅ, ਲੋਵੇਂਥਲ, ਮਾਈਨਸਚਿਨ, ਮੈਥਿਸ, ਮੈਕਕਾਰਟੀ, ਮੁਰਾਤਸੁਚੀ ਸਟੈਫਨੀ ਨਗੁਏਨ, ਓਰਟੇਗਾ, ਪਾਚੇਕੋ, ਪਾਪਨ, ਜੋ ਪੈਟਰਸਨ, ਪੇਲੇਰਿਨ, ਰਾਮੋਸ, ਰੈਂਡਨ, ਰੇਅਸ, ਲੂਜ਼ ਰਿਵਾਸ, ਰਾਬਰਟ ਰਿਵਾਸ, ਰੋਡਰਿਗਜ਼, ਬਲੈਂਕਾ ਰੂਬੀਓ, ਸੈਂਟੀਆਗੋ, ਸ਼ਿਆਵੋ, ਸੋਰੀਆ, ਤਾ, ਟਿੰਗ, ਵਿਲਾਪੁਡੁਆ, ਵਾਲਡਰੋਨ, ਵਾਲਿਸ, ਵਾਰਡ, ਵੇਬਰ , ਵਿਕਸ, ਵੁੱਡ, ਅਤੇ ਜ਼ੂਰ ਮੌਜੂਦ ਸਨ। ਅਸੈਂਬਲੀ ਸੰਯੁਕਤ ਮਤਾ 2 ਵਿਚ ਡਾ, ਜਸਮੀਤ ਕੌਰ ਬੈਂਸ ਵਲੋਂ ਮਤਾ ਸੋਧਿਆ ਗਿਆ ਜਿਸ ਵਿਚ ਲਿਖਿਆ ਗਿਆ ਸੀ ਕਿ, ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਯੂਨਾਈਟਿਡ ਸਟੇਟਸ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ।

ਮਤੇ ਦਾ ਸਿਰਲੇਖ ਸਿੱਖ ਨਸਲਕੁਸ਼ੀ ਅਧਾਰਿਤ ਸੀ ਜਿਸ ਵਿਚ ਲਿਖਿਆ ਗਿਆ ਕਿ ਸਿੱਖ ਭਾਈਚਾਰਾ, ਜੋ ਕਿ ਪੰਜਾਬ ਵਿੱਚ ਪੈਦਾ ਹੋਇਆ ਹੈ, ਜੋ ਕਿ ਹੁਣ ਪਾਕਿਸਤਾਨ ਅਤੇ ਭਾਰਤ ਵਿੱਚ ਦੱਖਣੀ ਏਸ਼ੀਆ ਦਾ ਇੱਕ ਖੇਤਰ ਹੈ, ਨੇ 100 ਤੋਂ




ਵੱਧ ਸਾਲ ਪਹਿਲਾਂ ਸੰਯੁਕਤ ਰਾਜ ਅਮਰੀਕਾ ਵਿੱਚ ਪਰਵਾਸ ਕਰਨਾ ਸ਼ੁਰੂ ਕੀਤਾ ਸੀ ਜਿਸ ਨੇ ਸੰਯੁਕਤ ਰਾਜ ਵਿੱਚ ਖੇਤੀਬਾੜੀ, ਬੁਨਿਆਦੀ ਢਾਂਚੇ ਅਤੇ ਭਾਈਚਾਰਿਆਂ ਦੇ ਨਿਰਮਾਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ ਹੈ। ਸਿੱਖ ਧਰਮ ਨਾਲ ਸਬੰਧਤ ਲਗਭਗ ਤੀਹ ਮਿਲੀਅਨ (30,000,000)ਲੋਕਾਂ ਦੇ ਨਾਲ ਦੁਨੀਆ ਦਾ ਪੰਜਵਾਂ ਸਭ ਤੋਂ ਵੱਡਾ ਧਰਮ ਹੈ, ਜਿਸ ਵਿੱਚ ਸੰਯੁਕਤ ਰਾਜ ਵਿੱਚ ਲਗਭਗ (500,000 )ਪੰਜ ਸੌ ਹਜ਼ਾਰ ਸ਼ਾਮਲ ਹਨ, ਜਿਨ੍ਹਾਂ ਵਿੱਚੋਂ ਅੱਧੇ ਕੈਲੀਫੋਰਨੀਆ ਨੂੰ ਆਪਣਾ ਘਰ ਕਹਿੰਦੇ ਹਨ। ਨਵੰਬਰ 1984 ਵਿੱਚ ਭਾਰਤ ਦੀ ਰਾਜਧਾਨੀ ਦਿੱਲੀ ਦੇ ਨਾਲ ਕੇਂਦਰ ਸ਼ਾਸਤ ਪ੍ਰਦੇਸ਼; ਝਾਰਖੰਡ, ਮੱਧ ਪ੍ਰਦੇਸ਼, ਹਰਿਆਣਾ, ਉੱਤਰਾਖੰਡ, ਬਿਹਾਰ, ਉੱਤਰ ਪ੍ਰਦੇਸ਼, ਪੱਛਮੀ ਬੰਗਾਲ, ਹਿਮਾਚਲ ਪ੍ਰਦੇਸ਼, ਰਾਜਸਥਾਨ, ਉੜੀਸਾ, ਛੱਤੀਸਗੜ੍ਹ, ਤ੍ਰਿਪੁਰਾ, ਤਾਮਿਲਨਾਡੂ, ਗੁਜਰਾਤ, ਆਂਧਰਾ ਪ੍ਰਦੇਸ਼, ਕੇਰਲਾ, ਮਹਾਰਾਸ਼ਟਰ, ਜੰਮੂ ਅਤੇ ਕਸ਼ਮੀਰ ਦੇ ਰਾਜਾਂ ਵਿੱਚ ਸਿੱਖਾਂ ਵਿਰੁੱਧ ਯੋਜਨਾਬੱਧ ਅਤੇ ਸੰਚਾਲਿਤ ਨਸਲਕੁਸ਼ੀ ਹਿੰਸਾ ਕੀਤੀ ਗਈ ਸੀ। ਨਵੰਬਰ 1984 ਵਿਚ ਤਿੰਨ ਦਿਨਾਂ ਵਿਚ 30,000 ਤੋਂ ਵੱਧ ਸਿੱਖਾਂ ਦਾ ਕਤਲ ਕੀਤਾ ਗਿਆ ਸੀ। ਨਵੀਂ ਦਿੱਲੀ ਦੀ ਵਿਧਵਾ ਕਾਲੋਨੀ ਵਿੱਚ ਅਜੇ ਵੀ ਸਿੱਖ ਔਰਤਾਂ ਹਨ ਜਿਨ੍ਹਾਂ 'ਤੇ ਹਮਲਾ ਕੀਤਾ ਗਿਆ, ਬਲਾਤਕਾਰ ਕੀਤਾ ਗਿਆ, ਤਸੀਹੇ ਦਿੱਤੇ ਗਏ, ਅਤੇ ਆਪਣੇ ਪਰਿਵਾਰਾਂ ਨੂੰ ਤੋੜਨ, ਸਾੜਨ ਅਤੇ ਕਤਲ ਕਰਨ ਲਈ ਮਜ਼ਬੂਰ ਕੀਤਾ ਗਿਆ, ਜੋ ਅਜੇ ਵੀ ਦੋਸ਼ੀਆਂ ਵਿਰੁੱਧ ਇਨਸਾਫ਼ ਦੀ ਮੰਗ ਕਰ ਰਹੀਆਂ ਹਨ। ਅਮਰੀਕਾ ਵਿੱਚ ਸਿੱਖ ਭਾਈਚਾਰਾ ਨਸਲਕੁਸ਼ੀ ਦੇ ਸਰੀਰਕ ਅਤੇ ਮਨੋਵਿਗਿਆਨਕ ਸਦਮੇ ਤੋਂ ਉੱਭਰਿਆ ਨਹੀਂ ਹੈ, ਕਿਉਂਕਿ ਉਹ ਮਾਰੇ ਗਏ ਲੋਕਾਂ ਦੀ ਯਾਦ ਨੂੰ ਜ਼ਿੰਦਾ ਰੱਖਦਾ ਹੈ, ਤੇ ਸਿੱਖ ਵਿਰੋਧੀ ਨਸਲਕੁਸ਼ੀ ਨੂੰ ਕਦੇ ਨਹੀਂ ਭੁੱਲੇਗਾ। 6 ਜਨਵਰੀ, 2022 ਨੂੰ, ਨਿਊਜਰਸੀ ਰਾਜ ਦੀ ਸੈਨੇਟ ਨੇ ਸਰਬਸੰਮਤੀ ਨਾਲ ਸੈਨੇਟ ਦਾ ਮਤਾ 142 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿਖੇਧੀ ਕੀਤਾ ਗਿਆ। 17 ਅਕਤੂਬਰ, 2018 ਨੂੰ, ਪੈਨਸਿਲਵੇਨੀਆ ਦੀ ਰਾਸ਼ਟਰਮੰਡਲ ਦੀ ਜਨਰਲ ਅਸੈਂਬਲੀ ਨੇ ਸਰਬਸੰਮਤੀ ਨਾਲ ਸਦਨ ਦਾ ਮਤਾ 1160 ਪਾਸ ਕੀਤਾ ਜਿਸ ਵਿੱਚ ਨਵੰਬਰ 1984 ਦੀ ਸਿੱਖ-ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਕਰਾਰ ਦਿੱਤਾ ਗਿਆ। ਕੈਲੀਫੋਰਨੀਆ ਰਾਜ ਦੀ ਅਸੈਂਬਲੀ ਅਤੇ ਸੈਨੇਟ ਦੁਆਰਾ ਸਾਂਝੇ ਤੌਰ 'ਤੇ ਸੰਕਲਪ ਕੀਤਾ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਨਵੰਬਰ 1984 ਵਿੱਚ ਭਾਰਤ ਵਿੱਚ ਹੋਈ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਨਿੰਦਾ ਕਰਦੀ ਹੈ। ਇਸ ਦੇ ਨਾਲ ਸੰਕਲਪ ਲਿਆ ਗਿਆ, ਕਿ ਕੈਲੀਫੋਰਨੀਆ ਰਾਜ ਦੀ ਵਿਧਾਨ ਸਭਾ ਸੰਯੁਕਤ ਰਾਜ ਦੀ ਕਾਂਗਰਸ ਨੂੰ ਭਾਰਤ ਵਿੱਚ ਨਵੰਬਰ 1984 ਦੀ ਸਿੱਖ ਵਿਰੋਧੀ ਹਿੰਸਾ ਨੂੰ ਨਸਲਕੁਸ਼ੀ ਵਜੋਂ ਰਸਮੀ ਤੌਰ 'ਤੇ ਮਾਨਤਾ ਦੇਣ ਅਤੇ ਨਿੰਦਾ ਕਰਨ ਦੀ ਅਪੀਲ ਕਰਦੀ ਹੈ। ਅਸੈਂਬਲੀ ਦਾ ਮੁੱਖ ਕਲਰਕ ਇਸ ਮਤੇ ਦੀਆਂ ਕਾਪੀਆਂ ਸੰਯੁਕਤ ਰਾਜ ਦੇ ਰਾਸ਼ਟਰਪਤੀ ਅਤੇ ਉਪ ਰਾਸ਼ਟਰਪਤੀ, ਸੰਯੁਕਤ ਰਾਜ ਦੇ ਪ੍ਰਤੀਨਿਧੀ ਸਦਨ ਦੇ ਸਪੀਕਰ ਅਤੇ ਘੱਟ ਗਿਣਤੀ ਨੇਤਾ, ਸੰਯੁਕਤ ਰਾਜ ਸੈਨੇਟ ਦੇ ਬਹੁਗਿਣਤੀ ਅਤੇ ਘੱਟ ਗਿਣਤੀ ਨੇਤਾ ਅਤੇ ਯੂਨਾਈਟਿਡ ਸਟੇਟਸ ਕਾਂਗਰਸ ਲਈ ਕੈਲੀਫੋਰਨੀਆ ਦੇ ਪ੍ਰਤੀਨਿਧੀ ਮੰਡਲ ਦਾ ਹਰੇਕ ਮੈਂਬਰ ਨੂੰ ਭੇਜਦਾ ਹੈ।

# ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਵਾਈਲਡ ਲਾਈਫ ਸੈਂਟਰ ਨੂੰ ਲੱਗੀ ਭਿਆਨਕ ਅੱਗ ਵਿਚ ਸੈਂਕੜੇ ਪਸ਼ੂ ਪੰਛੀ ਸੜ ਕੇ ਮਰੇ

**ਸੈਕਰਾਮੈਂਟੋ, ਕੈਲੀਫੋਰਨੀਆ** – ਅਮਰੀਕਾ ਦੇ ਫਲੋਰਿਡਾ ਰਾਜ ਵਿਚ ਇਕ ਵਾਈਲਡ ਲਾਈਫ ਸੈਂਟਰ ਨੂੰ ਲੱਗੀ ਭਿਆਨਕ ਅੱਗ ਕਾਰਨ ਸੈਂਕੜੇ ਪਸ਼ੂ ਤੇ ਪੰਛੀ ਸੜ ਕੇ ਮਾਰੇ ਜਾਣ ਦੀ ਖਬਰ ਹੈ। ਇਨਾਂ ਵਿਚ ਕਈ ਦੁਰਲਭ ਕਿਸਮਾਂ ਦੇ ਜਾਨਵਰ ਵੀ ਸ਼ਾਮਿਲ ਸਨ। ਇਹ ਜਾਣਕਾਰੀ ਪਾਈਨਲਾਸ ਕਾਊਂਟੀ ਸ਼ੈਰਿਫ ਦੇ ਦਫਤਰ ਤੇ ਵਾਈਲਡਲਾਈਫ ਸੈਂਟਰ ਨੇ ਜਾਰੀ ਇਕ ਬਿਆਨ ਵਿਚ ਦਿੱਤੀ ਹੈ। ਪ੍ਰਾਪਤ ਜਾਣਕਾਰੀ ਅਨੁਸਾਰ ਇਸ ਸੈਂਟਰ ਵਿਚ 250 ਤੋਂ ਵਧ ਪਸ਼ੂ-ਪੰਛੀ ਸਨ ਜੋ ਤਕਰੀਬਨ ਸਾਰੇ ਹੀ ਅੱਗ ਵਿਚ ਸੜ ਕੇ ਸਵਾਹ ਹੋ ਗਏ। ਐਲੀਗੇਟਰ ਐਂਡ ਵਾਈਲਡਲਾਈਫ ਡਿਸਕਵਰੀ ਸੈਂਟਰ ਮੈਡੀਰਾ ਬੀਚ ਅਨੁਸਾਰ ਇਸ ਸੈਂਟਰ ਵਿਚ ਹੋਰ ਜਾਨਵਰਾਂ ਤੋਂ ਇਲਾਵਾ ਵੱਖ ਵੱਖ ਕਿਸਮ ਦੀਆਂ ਚਿੜੀਆਂ, ਕੱਛੂਕੁਮੇ, ਕਿਰਲੀਆਂ, ਮੱਗਰਮੱਛ ਤੇ ਦੁਧਾਧਾਰੀ ਪਸ਼ੂ ਰਖੇ ਹੋਏ ਸਨ। ਅਧਿਕਾਰੀਆਂ ਅਨੁਸਾਰ ਪਾਈਨਲਾਸ ਕਾਊਂਟੀ ਦੇ ਪੁਲਿਸ ਅਫਸਰ ਜਦੋਂ ਜੌਹਨ ਪਾਸ ਵਿਲਜ ਨੇੜੇ ਗਸ਼ਤ ਕਰ ਰਹੇ ਸਨ ਤਾਂ ਉਨਾਂ ਨੇ ਤੜਕਸਾਰ 3 ਵਜੇ ਦੇ ਕਰੀਬ ਇਕ ਇਮਾਰਤ ਵਿਚੋਂ ਅੱਗ ਦੀਆਂ ਚਿੰਗਾਰੀਆਂ ਤੇ ਧੂੰਆਂ ਨਿਕਲਦਿਆਂ ਵੇਖਿਆ। ਪੁਲਿਸ ਅਫਸਰਾਂ ਨੇ ਤੁਰੰਤ ਅੱਗ ਬੁਝਾਊ ਵਿਭਾਗ ਨੂੰ ਸਹਾਇਤਾ ਲਈ ਬੇਨਤੀ ਕੀਤੀ। ਫਾਇਰ ਵਿਭਾਗ ਦੇ ਚੀਫ ਕਲਿੰਟ ਬੈਲਕ ਅਨੁਸਾਰ ਜਦੋਂ ਮੈਡੀਰਾ ਬੀਚ ਫਾਇਰ ਵਿਭਾਗ ਦਾ ਅਮਲਾ ਮੌਕੇ ਉਪਰ ਪੁੱਜਾ ਤਾਂ ਅੱਗ ਪੂਰੀ ਤਰਾਂ ਫੈਲ ਚੁੱਕੀ ਸੀ। ਉਨਾਂ ਕਿਹਾ ਕਿ ਸ਼ੁਰੂ ਵਿਚ ਅਮਲੇ ਨੇ ਅੰਦਰ ਵੜਕੇ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ ਪਰੰਤੂ ਬਾਅਦ ਵਿਚ ਵਿਗੜ ਰਹੇ ਹਾਲਾਤ ਦੇ ਮੱਦੇਨਜਰ ਅਮਲਾ ਆਪਣੇ ਬਚਾਅ ਵਿਚ ਆ ਗਿਆ ਤੇ ਬਾਹਰੋਂ ਅੱਗ ਉਪਰ ਕਾਬੂ ਪਾਉਣ ਦੀ ਕੋਸ਼ਿਸ਼ ਕੀਤੀ। ਬੈਲਕ ਅਨੁਸਾਰ ਹਾਲਾਂ ਕਿ ਅਮਲਾ ਛੇਤੀ ਹੀ ਅੱਗ ਉਪਰ ਕਾਬੂ ਪਾਉਣ ਵਿੱਚ ਸਫਲ ਰਿਹਾ ਪਰੰਤੂ ਉਦੋਂ ਤੱਕ ਬਦਕਿਸਮਤ ਨਾਲ ਬਹੁਤ ਸਾਰੇ ਪਸ਼ੂ ਤੇ ਪੰਛੀ ਆਪਣੀ ਜਾਨ ਗਵਾ ਚੁੱਕੇ ਸਨ। ਅੱਗ ਨਾਲ ਵਾਇਲਡ ਲਾਈਫ ਸੈਂਟਰ ਦੀ ਇਮਾਰਤ ਨੂੰ ਵੀ ਭਾਰੀ ਨੁਕਸਾਨ ਪੁੱਜਾ ਹੈ। ਸ਼ੈਰਿਫ ਦਫਤਰ ਦੇ ਅਧਿਕਾਰੀ ਡੇਵ ਬਰੈਨ ਨੇ ਕਿਹਾ ਹੈ ਕਿ ਅੱਗ ਕਾਰਨ ਵਾਇਲਡ ਲਾਈਫ ਸੈਂਟਰ ਦੇ ਨਾਲ ਨਾਲ ਖੇਤਰ ਵਿਚਲੇ ਹੋਰ ਕਾਰੋਬਾਰਾਂ ਦਾ ਭਾਰੀ ਨੁਕਸਾਨ ਹੋਇਆ ਹੈ। ਸ਼ੈਰਿਫ ਦਫਤਰ ਅਨੁਸਾਰ ਅੱਗ ਲੱਗਣ ਦੇ ਕਾਰਨ ਦੀ ਜਾਂਚ ਕੀਤੀ ਜਾ ਰਹੀ ਹੈ। ਫਲੋਰਿਡਾ ਦੇ ਸ਼ਹਿਰ ਟੰਪਾ ਦੇ ਦੱਖਣ ਪੱਛਮ ਵਿਚ ਤਕਰੀਬਨ 27 ਮੀਲ ਦੀ ਦੂਰੀ 'ਤੇ ਮੈਡੀਰਾ ਬੀਚ ਸਥਿੱਤ ਹੈ। ਇਥੇ ਰੋਜਾਨਾ ਭਾਰੀ ਗਿਣਤੀ ਵਿਚ ਸੈਲਾਨੀ ਆਉਂਦੇ ਸਨ। ਬੱਚਿਆਂ ਲਈ ਇਸ ਸੈਂਟਰ ਵਿਚ ਰੱਖੇ ਪਸ਼ੂ-ਪੰਛੀ ਤੇ ਹੋਰ ਜਾਨਵਰ ਵਿਸ਼ੇਸ਼ ਤੌਰ 'ਤੇ ਖਿੱਚ ਦਾ ਕਾਰਨ ਸਨ।




# ਅਮਰੀਕਾ ਦੇ ਵਿਦੇਸ਼ ਵਿਭਾਗ ਵਿਚ ਭਾਰਤੀ ਮੂਲ ਦੀ ਗੁਪਤਾ ਨੇ ਔਰਤਾਂ ਦੇ ਕੌਮਾਂਤਰੀ ਮੁੱਦਿਆਂ ਬਾਰੇ ਰਾਜਦੂਤ ਵਜੋਂ ਸਹੁੰ ਚੁੱਕੀ

**ਸੈਕਰਾਮੈਂਟੋ, ਕੈਲੀਫੋਰਨੀਆ** – ਭਾਰਤੀ ਮੂਲ ਦੀ ਗੀਤਾ ਰਾਓ ਗੁਪਤਾ ਨੇ ਅਮਰੀਕਾ ਦੇ ਵਿਦੇਸ਼ ਵਿਭਾਗ ਵਿਚ ਔਰਤਾਂ ਦੇ ਕੌਮਾਂਤਰੀ ਮੁੱਦਿਆਂ ਬਾਰੇ ਰਾਜ-ਦੂਤ ਵਜੋਂ ਸਹੁੰ ਚੱਕੀ। ਉਨਾਂ ਨੂੰ ਅਹੁੱਦੇ ਦੀ ਸਹੁੰ ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਨੇ ਚੁਕਾਈ। ਗੁਪਤਾ ਦੀ ਔਰਤਾਂ ਦੇ ਕੌਮਾਂਤਰੀ ਮੁੱਦਿਆਂ ਬਾਰੇ ਰਾਜਦੂਤ ਵਜੋਂ ਨਿਯੁਕਤੀ ਦੀ ਪੁਸ਼ਟੀ ਸੈਨਟ ਨੇ ਮਈ ਵਿਚ 51-47 ਵੋਟਾਂ ਦੇ ਫਰਕ ਨਾਲ ਕਰ ਦਿੱਤੀ ਸੀ। ਭਾਰਤ ਦੀ ਫਿਲਮ ਨਗਰੀ ਮੁੰਬਈ ਵਿਚ ਪੈਦਾ ਹੋਈ ਗੁਪਤਾ ਯੁਨਾਈਟਿਡ ਨੇਸ਼ਨ ਫਾਊਂਡੇਸ਼ਨ ਵਿਖੇ ਸੀਨੀਅਰ ਅਧਿਕਾਰੀ ਸਮੇਤ ਹੋਰ ਕਈ ਅਹਿਮ ਅਹੁੱਦਿਆਂ ਉਪਰ ਕੰਮ ਕਰ ਚੁੱਕੀ ਹੈ। ਆਪਣੀ ਨਿਯੁਕਤੀ ਦੀ ਪੁਸ਼ਟੀ ਦੀ ਪ੍ਰਕਿਆ ਦੌਰਾਨ ਗੀਤਾ ਨੇ ਕਿਹਾ ਕਿ ਵਿਸ਼ਵ ਭਰ ਵਿਚ ਔਰਤਾਂ ਨੂੰ ਅਨੇਕਾਂ ਸਮੱਸਿਆਵਾਂ ਨਾਲ ਜੂਝਣਾ ਪੈ ਰਿਹਾ ਹੈ। ਉਨਾਂ ਕਿਹਾ ਕਿ ਅਨਿਆਂ ਸਮੇਤ ਅਨੇਕਾਂ ਹੋਰ ਮੁਸ਼ਕਿਲਾਂ ਅਰਥ ਵਿਵਸਥਾ ਵਿਚ ਉਨਾਂ ਦੀ ਮੁਕੰਮਲ ਭਾਗੀਦਾਰੀ ਵਿਚ ਰੁਕਾਵਟਾਂ ਹਨ। ਉਨਾਂ ਨੂੰ ਸੁਰੱਖਿਆ ਤੇ ਹਿੰਸਾ ਦਾ ਡਰ ਹਮਸ਼ਾਂ ਸਤਾਉਂਦਾ ਰਹਿੰਦਾ ਹੈ। ਗੁਪਤਾ ਨੇ ਕੀਨੀਆ ਤੇ ਭਾਰਤ ਸਮੇਤ ਵਿਸ਼ਵ ਭਰ ਵਿਚ ਸੀਮਿਤ ਵਿੱਤੀ ਸਾਧਨਾਂ ਦੇ ਬਾਵਜੂਦ ਅਗੇ ਵਧ ਰਹੀਆਂ ਔਰਤਾਂ ਦੀ ਸ਼ਲਾਘਾ ਕੀਤੀ।



# ਇਕ ਕੈਥੋਲਿਕ ਪਾਦਰੀ ਨੂੰ ਬਦਫੈਲੀ ਦੇ ਮਾਮਲਿਆਂ ਵਿਚ 25 ਸਾਲ ਦੀ ਜੇਲ

**ਸੈਕਰਾਮੈਂਟੋ, ਕੈਲੀਫੋਰਨੀਆ** – ਅਮਰੀਕਾ ਦੇ ਲੁਇਸਿਆਨਾ ਰਾਜ ਵਿਚ ਇਕ ਸਾਬਕਾ ਕੈਥੋਲਿਕ ਪਾਦਰੀ ਨੂੰ ਅਦਾਲਤ ਵੱਲੋਂ ਬਦਫੈਲੀ ਦੇ ਮਾਮਲਿਆਂ ਵਿਚ 25 ਸਾਲ ਦੀ ਕੈਦ ਸੁਣਾਏ ਜਾਣ ਦੀ ਖਬਰ ਹੈ। ਸਰਕਾਰੀ ਵਕੀਲ ਅਨੁਸਾਰ 61 ਸਾਲਾ ਪਾਦਰੀ ਸਟੀਫਨ ਸੌਰ ਉਪਰ ਦੋਸ਼ ਸਨ ਕਿ ਉਸ ਨੇ ਨਿਊ ਓਰਲੀਨਜ ਫਰੈਂਚ ਕੁਆਰਟਰ ਵਿਚ 17 ਵਿਅਕਤੀਆਂ ਨੂੰ ਨਸ਼ਾ ਦੇਣ ਤੋਂ ਬਾਅਦ ਉਨਾਂ ਨਾਲ ਬਦਫੈਲੀ ਕੀਤੀ।

ਉਸ ਨੇ ਆਪਣੇ ਦੋਸ਼ਾਂ ਨੂੰ ਕਬੂਲ ਕਰ ਲਿਆ। ਸੌਰ ਨੇ ਮੰਨਿਆ ਕਿ ਉਹ ਉਨਾਂ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਂਦਾ ਸੀ ਜੋ ਨਸ਼ੇੜੀ ਪ੍ਰਤੀਤ ਹੁੰਦੇ ਸਨ ਤੇ ਉਨਾਂ ਨੂੰ ਸਹਾਇਤਾ ਦੀ ਲੋੜ ਹੁੰਦੀ ਸੀ। ਜੈਫਰਸਨ ਪੈਰਿਸ਼ ਡਿਸਟ੍ਰਿਕਟ ਅਟਾਰਨੀ ਦੇ ਦਫਤਰ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਪਾਦਰੀ ਸਹਾਇਤਾ ਕਰਨ ਦੀ ਬਜਾਏ ਉਨਾਂ ਨੂੰ ਹੋਰ ਨਸ਼ਾ ਦਿੰਦਾ ਸੀ ਤੇ ਬਾਅਦ ਵਿਚ ਉਨਾਂ ਨਾਲ ਆਪਣੇ ਮੈਟੇਅਰੀ ਸਥਿੱਤ ਘਰ ਵਿਚ ਬਦਫੈਲੀ ਕਰਦਾ ਸੀ। ਡਿਸਟ੍ਰਿਕਟ ਅਟਾਰਨੀ ਦੇ ਦਫਤਰ ਅਨੁਸਾਰ ਸਾਬਕਾ ਪਾਦਰੀ ਨੂੰ ਬਦਫੈਲੀ ਤੇ ਡਰੱਗ ਰਖਣ ਦੇ 29 ਦੋਸ਼ਾਂ ਸਮੇਤ ਕੁਲ 46 ਦੋਸ਼ਾਂ ਵਿੱਚ ਦੋਸ਼ੀ ਕਰਾਰ ਦਿੱਤਾ ਗਿਆ। ਅਦਾਲਤ ਨੇ ਆਦੇਸ਼ ਦਿੱਤਾ ਕਿ ਉਸ ਦਾ ਨਾਂ ਇਕ 'ਸੈਕਸ ਗੁਨਾਹਗਾਰ' ਵਜੋਂ ਦਰਜ ਕੀਤਾ ਜਾਵੇ ਤੇ ਬਾਕੀ ਦੀ ਜਿੰਦਗੀ ਉਹ ਸੈਕਸ ਗੁਨਾਹਗਾਰ ਵਜੋਂ ਜੀਵੇਗਾ।




# ਅਮਰੀਕਾ ਦੇ ਵਰਮਾਊਂਟ ਰਾਜ ਵਿਚ ਭਾਰੀ ਮੀਂਹ ਕਾਰਨ ਸੜਕਾਂ ਨੇ ਦਰਿਆ ਦਾ ਰੂਪ ਧਾਰਿਆ

**ਸੈਕਰਾਮੈਂਟੋ, ਕੈਲੀਫੋਰਨੀਆ** – ਅਮਰੀਕਾ ਦੇ ਵਰਮਾਊਂਟ ਰਾਜ ਵਿਚ ਭਾਰੀ ਮੀਂਹ ਤੇ ਹਨੇਰੀ ਨੇ ਜਨ ਜੀਵਨ ਉਪਰ ਵਿਆਪਕ ਅਸਰ ਪਾਇਆ ਹੈ। ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਹਨ। ਵਰਮਾਊਂਟ ਦੀ ਰਾਜਧਾਨੀ ਮੌਂਟਪੈਲੀਅਰ ਵਿਚ ਅਧਿਕਾਰੀਆਂ ਨੂੰ ਹੇਠਲਿਆਂ ਇਲਾਕਿਆਂ ਨੂੰ ਮਜਬੂਰਨ ਬੰਦ ਕਰਨਾ ਪਿਆ ਹੈ ਤੇ ਲੋਕਾਂ ਨੂੰ ਸੁਰੱਖਿਅਤ ਥਾਵਾਂ 'ਤੇ ਭੇਜਿਆ ਗਿਆ ਹੈ। ਗਵਰਨਰ ਫਿਲ ਸਕਾਟ ਨੇ ਕਿਹਾ ਹੈ ਕਿ ਅਸੀਂ ਬੀਤੇ ਤੋਂ ਸਬਕ ਸਿੱਖਿਆ ਹੈ ਤੇ ਕਿਸੇ ਕਿਸਮ ਦੀ ਗਲਤੀ ਲਈ ਕੋਈ ਥਾਂ ਨਹੀਂ ਹੈ। ਉਨਾਂ ਕਿਹਾ ਕਿ ਹੜ ਕਾਰਨ ਹਜਾਰਾਂ ਘਰਾਂ ਤੇ ਕਾਰੋਬਾਰੀ ਇਮਾਰਤਾਂ ਨੂੰ ਨੁਕਸਾਨ ਪੁੱਜਾ ਹੈ। ਗਵਰਨਰ ਨੇ ਕਿਹਾ ਕਿ ਰਾਜ ਦੇ ਕੁਝ ਖੇਤਰਾਂ ਵਿਚ ਪਾਣੀ ਦਾ ਪੱਧਰ ਅਮਰੀਕਾ ਵਿਚ ਅਗਸਤ 2011 ਵਿਚ ਆਏ ਭਿਆਨਕ ਹੜ ਤੋਂ ਵੀ ਵਧ ਗਿਆ ਹੈ। ਉਸ ਸਮੇ ਅਮਰੀਕਾ ਦੇ ਅਨੇਕਾਂ ਦੱਖਣੀ ਰਾਜਾਂ ਵਿਚ 40 ਤੋਂ ਵਧ ਲੋਕ ਮਾਰੇ ਗਏ ਸਨ ਤੇ ਵੱਡੀ ਪੱਧਰ ਉਪਰ ਆਰਥਕ ਨੁਕਸਾਨ ਝਲਣਾ ਪਿਆ ਸੀ। ਮੌਂਟਪੈਲੀਅਰ ਵਿਚ ਅਧਿਕਾਰੀਆਂ ਨੂੰ ਆਵਾਜਾਈ ਉਪਰ ਰੋਕ ਲਾਉਣੀ ਪਈ ਹੈ ਤੇ ਲੋਕਾਂ ਨੂੰ ਉਬਲਿਆ ਹੋਇਆ ਪਾਣੀ ਪੀਣ ਲਈ ਕਿਹਾ ਗਿਆ ਹੈ ਕਿਉਂਕਿ ਹੜ ਦਾ ਪਾਣੀ ਪੀਣ ਵਾਲੇ ਪਾਣੀ ਨੂੰ ਦੂਸ਼ਿਤ ਕਰ ਸਕਦਾ ਹੈ।



ਮੌਂਟਪੈਲੀਅਰ ਦੇ ਅਧਿਕਾਰੀਆਂ ਅਨੁਸਾਰ ਸ਼ਹਿਰ ਤੇ ਨਾਲ ਲੱਗਦੇ ਖੇਤਰਾਂ ਵਿਚ ਪਿਛਲੇ ਦੋ ਦਿਨਾਂ ਦੌਰਾਨ ਰਿਕਾਰਡ ਮੀਂਹ ਤੇ ਹੜ ਦਾ ਪਾਣੀ ਵੇਖਣ ਨੂੰ ਮਿਲਿਆ ਹੈ। ਸ਼ਹਿਰ ਦੇ ਹੇਠਲੇ ਖੇਤਰ ਵਿਚ ਜਾਣਾ ਸੁਰੱਖਿਅਤ ਨਹੀਂ ਹੈ। ਕੌਮੀ ਮੌਸਮ ਸੇਵਾ ਅਨੁਸਾਰ ਸ਼ਹਿਰ ਵਿਚ ਬੀਤੇ ਦਿਨ ਰਿਕਾਰਡ 5.28 ਇੰਚ ਮੀਂਹ ਪਿਆ ਹੈ। ਇਸ ਤੋਂ ਪਹਿਲਾਂ 28 ਅਗਸਤ 2011 ਨੂੰ ਰਿਕਾਰਡ 5.27 ਇੰਚ ਮੀਂਹ ਪਿਆ ਸੀ।

# ਅੰਤਰ ਰਾਸ਼ਟਰੀ ਗਦਰ ਯਾਦਗਾਰੀ ਸਮੂਹ ਦੇ ਮੋਢੀ ਸੁਦੇਸ਼ ਸਿੰਘ ਅਟਵਾਲ ਦੀ ਹੋਈ ਅੰਤਿਮ ਅਰਦਾਸ



















ਤਸਵੀਰਾਂ-
ਪ੍ਰੇਮ ਕੁਮਾਰ ਚੁੰਬਰ 'ਦੇਸ਼ ਦੁਆਬਾ'



**ਹੇਵਾਰਡ (ਪ੍ਰਮਿੰਦਰ ਸਿੰਘ ਪ੍ਰਵਾਨਾ)–** ਬੀਤੇ ਦਿਨੀਂ ਪੰਜਾਬੀ ਭਾਈਚਾਰੇ ਦੇ ਉਘੇ ਆਗੂ ਸੁਦੇਸ਼ ਸਿੰਘ ਅਟਵਾਲ ਅਕਾਲ ਚਲਾਣਾ ਕਰ ਗਏ ਸਨ। ਅਟਵਾਲ ਦਾ ਪਿਛੋਕੜ ਪਿੰਡ ਖੁਰਦਪੁਰ (ਪੰਜਾਬ) ਹੈ। ਉਹਨਾਂ ਦੇ ਪਿਤਾ ਜੀ ਲਛਮਣ ਸਿੰਘ ਕਨੇਡੀਅਨ ਗਦਰ ਪਾਰਟੀ ਦੇ ਸਰਗਰਮ ਮੈਂਬਰ ਸਨ। ਉਹਨਾਂ ਦੇ ਪਿਤਾ ਜੀ ਨੂੰ ਸਕੂਨ ਵਾਲਾ ਬਾਬਾ ਕਿਹਾ ਜਾਂਦਾ ਸੀ ਕਿਉਂਕਿ ਉਨ੍ਹਾਂ ਨੇ ਆਪਣੇ ਪਿੰਡ ਵਿਚ ਗੁਰੂ ਨਾਨਕ ਕੰਨਿਆ ਮਹਾਂਵਿਦਿਆਲਾ ਚਲਾਇਆ ਸੀ। ਜਦੋਂ ਲੜਕੀਆਂ ਦੀ ਪੜ੍ਹਾਈ ਵੱਲ ਸਾਡੇ ਸਮਾਜ ਵੱਲੋਂ ਕੋਈ ਖਾਸ ਧਿਆਨ ਨਹੀਂ ਦਿੱਤਾ ਜਾਂਦਾ ਸੀ। ਬਾਅਦ ਵਿਚ ਸਕੂਲ ਸਰਕਾਰੀ ਮਾਨਤਾ ਪ੍ਰਾਪਤ ਹੋ ਗਿਆ ਅਤੇ ਸਫਲਤਾ ਨਾਲ ਚੱਲ ਰਿਹਾ ਹੈ। ਅਟਵਾਲ ਨੇ ਅੱਜ ਤੱਕ ਉਸ ਸਕੂਲ ਦੀ ਸੰਭਾਲ ਕੀਤੀ ਹੈ। ਸਮੇਂ-ਸਮੇਂ ਮੁਰੰਮਤ ਵੀ ਕਰਵਾਈ ਹੈ। ਸੇਵਾ ਦੀ ਭਾਵਨਾ ਅਤੇ ਗਦਰ ਉਸਨੂੰ ਗੁੜਤੀ ਵਿਚ ਮਿਲਿਆ ਹੈ। ਉਹਨਾਂ ਦੇ ਤਾਇਆ ਜੀ ਬਲਵੰਤ ਸਿੰਘ ਕਨੇਡੀਅਨ ਗਦਰੀ ਨੂੰ ਫਾਂਸੀ ਦੀ ਸਜ਼ਾ ਹੋਈ ਸੀ। ਅਟਵਾਲ ਨੇ 2008 ਵਿਚ ਅਮਰੀਕਾ ਵਿਚ ਅੰਤਰ ਰਾਸ਼ਟਰੀ ਗਦਰ ਯਾਦਗਾਰੀ ਸਮੂਹ ਦੀ ਸਥਾਪਨਾ ਕੀਤੀ। ਉਹ ਸਮੂਹ ਦੇ ਮੋਢੀ ਸਨ, ਜਿਸ ਹੇਠ ਮਹੀਨਾਵਾਰ ਅਤੇ ਸਾਲਾਨਾ ਪ੍ਰੋਗਰਾਮਾਂ ਅਧੀਨ ਗਦਰ ਦਾ ਸੁਨੇਹਾ ਘਰ-ਘਰ ਪਹੁੰਚਾਇਆ। ਉਹਨਾਂ ਦੀ ਅੰਤਿਮ ਅਰਦਾਸ ਵਿਚ ਵੱਡੀ ਗਿਣਤੀ ਵਿਚ ਦੂਰ ਦੁਰਾਡੇ ਤੋਂ ਸੰਗਤਾਂ, ਦੋਸਤ ਮਿੱਤਰ, ਰਿਸ਼ਤੇਦਾਰ ਅਤੇ ਭਾਈਚਾਰੇ ਦੇ ਆਗੂ ਵੱਡੀ ਗਿਣਤੀ ਵਿਚ ਸ਼ਾਮਲ ਹੋਏ। ਬੁਲਾਰਿਆਂ ਨੇ ਭਾਵ ਭਿੰਨੀ ਸ਼ਰਧਾਂਜਲੀ ਅਰਪਣ ਕੀਤੀ। ਜਿਹਨਾਂ ਵਿਚ ਉਹਨਾਂ ਦੀ ਦੋਹਤੀ ਨੂਰ ਕੌਰ, ਦੋਹਤੀ ਅੰਮ੍ਰਿਤਾ ਗਿੱਲ ਅਤੇ ਪੋਤਰਾ ਕਰਨ ਸਿੰਘ ਅਟਵਾਲ ਨੇ ਆਪਣੇ ਨਾਨਾ/ਦਾਦਾ ਦੇ ਪਿਆਰ ਭਰੇ ਸੁਭਾਅ ਦੀਆਂ ਯਾਦਾਂ ਸਾਂਝੀਆਂ ਕੀਤੀਆਂ। ਖਾਸ ਕਰਕੇ ਉਨ੍ਹਾਂ ਨੇ ਬੱਚਿਆਂ ਨੂੰ ਪਿਆਰ, ਮਿਲਵਰਤਨ ਨਾਲ ਰਹਿਣ ਦੀ ਸਿੱਖਿਆ ਦਿੱਤੀ ਅਤੇ ਆਪਣੇ ਸਿੱਖ ਇਤਿਹਾਸ ਦੇ ਗੌਰਵਮਈ ਵਿਰਸੇ ਨਾਲ ਜੋੜਿਆ। ਦੂਸਰਿਆਂ ਦੀ ਖਿੜੇ ਮੱਥੇ ਮਦਦ ਕਰਨ ਦੀ ਪ੍ਰੇਰਨਾ ਦਿੱਤੀ।

ਹੋਰ ਬੁਲਾਰਿਆਂ ਵਿਚ ਨਜ਼ਦੀਕੀ ਨੈਫਉ ਕੋਰੀ ਮਿਨਹਾਸ, ਪ੍ਰੀਤਮ ਸਿੰਘ ਜੱਗਾਨੰਗਲ, ਜਸਵਿੰਦਰ ਸਿੰਘ ਜੰਡੀ (ਗੁਰਦੁਆਰਾ ਸਾਹਿਬ ਫਰੀਮਾਂਟ), ਜਸਵੀਰ ਸਿੰਘ ਤੱਖਰ(ਏ. ਏ. ਆਟੋ ਬਾਡੀ ਸ਼ਾਪ), ਗੁਰਚਰਨ ਸਿੰਘ ਮਾਨ (ਫਾਰਮਰਜ਼ ਇੰਸ਼ੋਰੈਂਸ), ਸੁਖਦੇਵ ਸਿੰਘ ਮੁੰਡੀਆਂ, ਕੁਲਦੀਪ ਸਿੰਘ ਕਾਲਕਟ ਆਦਿ। ਸਾਰਿਆਂ ਦੇ ਵਿਚਾਰਾਂ ਵਿਚ ਇਕ ਗੱਲ ਸਾਹਮਣੇ ਆਈ ਕਿ ਉਹ ਹਸਮੁਖ ਮਿਲਣਸਾਰ ਅਤੇ ਮਦਦਗਾਰ ਇਨਸਾਨ ਸਨ। ਉਪਰੰਤ ਜਿੱਥੇ ਉਹਨਾਂ ਨੇ ਆਪਣੇ ਵਿਸ਼ਾਲ ਪਰਿਵਾਰ ਦੀ ਜ਼ਿੰਮੇਵਾਰੀ ਨਿਭਾਈ, ਉਥੇ ਲੋੜਵੰਦਾਂ ਦੀ ਦਿਲ ਖੋਲ੍ਹ ਕੇ ਸੇਵਾ ਕੀਤੀ। ਜਿਵੇਂ ਨਵੇਂ ਆਏ ਲੋੜਵੰਦਾਂ ਨੂੰ ਸਕਿਉਰਟੀ ਦੀ ਨੌਕਰੀ ਲਗਵਾਈ। ਉਹਨਾਂ ਨੂੰ ਕੰਮ ਤੇ ਛੱਡ ਕੇ ਆਉਣਾ। ਕਾਗਜ਼ੀ ਕਾਰਵਾਇ. ਵਿਚ ਮਦਦ ਕਰਨੀ। ਸਰਕਾਰੀ ਕੰਮਾਂ, ਸੋਸ਼ਲ ਸਕਿਉਰਟੀ, ਮੈਡੀਕਲ, ਡਾਕਟਰ ਆਦਿ ਵਿਚ ਮਦਦ ਕਰਨੀ। ਭਾਰਤ ਵਿਚ ਲੋੜਵੰਦ ਬਿਮਾਰਾਂ ਦੇ ਇਲਾਜ ਲਈ ਪੈਸੇ ਭੇਜਣੇ, ਲੋੜਵੰਦ ਪਰਿਵਾਰਾਂ ਦੀਆਂ ਲੜਕੀਆਂ ਦੇ ਵਿਆਹਾਂ ਲਈ ਰਕਮ ਭੇਜਣੀ। ਉਹਨਾਂ ਦੀ ਨਿਸ਼ਕਾਮ ਸੇਵਾ ਬਾਰੇ ਸੁਣ ਕੇ ਸਭ ਨੇ ਸੰਜੀਦਾ ਸ਼ਲਾਘਾ ਕੀਤੀ।

ਮੰਚ ਸੰਚਾਲਨ ਭਾਈ ਚਰਨਜੀ ਸਿੰ ਸਮਰਾ ਐਲਸਬਰਾਂਟੇ ਵੱਲੋਂ ਗੁਰਬਾਣੀ ਦੇ ਦ੍ਰਿਸ਼ਟਾਂਤਾਂ ਨਾਲ ਭਾਵਪੂਰਵਕ ਨਿਭਾਇਆ। ਜਸਵੀਰ ਸਿੰਘ ਤੱਖਰ ਜਰਨੈਲ ਸਿੰਘ ਮਿਨਹਾਸ, ਨੈਫਉ ਕੋਰੀ ਮਿਨਹਾਸ ਨੇ ਯੋਗ ਪ੍ਰਬੰਧਾਂ ਦੀ ਅਗਵਾਈ ਕੀਤੀ। ਗੁਰਦੁਆਰਾ ਸਾਹਿਬ ਫਰੀਮਾਂਟ ਵਿਖੇ ਹੋਈ ਅੰਤਿਮ ਅਰਦਾਸ ਦੇ ਸੰਪੰਨ ਹੋਣ 'ਤੇ ਜਸਵਿੰਦਰ ਸਿਘ ਜੰਡੀ ਵੱਲੋਂ ਸੰਗਤਾਂ ਦਾ ਧੰਨਵਾਦ ਕੀਤਾ ਗਿਆ।

ਗੁਰੂ ਕਾ ਲੰਗਰ ਅਤੁੱਟ ਵਰਤਿਆ। ਅਟਵਾਲ ਸਾਬਿਹ ਆਪਣੇ ਚੰਗੇ ਕੰਮਾਂ ਅਤੇ ਸੇਵਾ ਭਾਵਨਾ ਦੀ ਛੱਡ ਗਏ ਵਿਰਾਸਤ ਲਇ ਹਮੇਸ਼ਾ ਲੋਕ ਦਿਲਾਂ ਵਿਚ ਰਹਿਣਗੇ।

# ਮੁੱਖ ਮੰਤਰੀ ਨੇ ਖੁਦ ਹੜ੍ਹਾਂ ਦੇ ਪਾਣੀ ਵਿੱਚ ਉਤਰ ਕੇ ਲਿਆ ਰਾਹਤ ਕਾਰਜਾਂ ਦਾ ਜਾਇਜ਼ਾ

**ਸੰਗਰੂਰ, (ਦਲਜੀਤ ਕੌਰ )–** ਕਿਸੇ ਮੁੱਖ ਮੰਤਰੀ ਵੱਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਹਵਾਈ ਸਰਵੇਖਣ ਕਰਨ ਦੀ ਪੁਰਾਣੀ ਰਵਾਇਤ ਨੂੰ ਖਤਮ ਕਰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ ਅੱਜ ਹੜ੍ਹਾਂ ਦੇ ਪਾਣੀਆਂ ਵਿਚ ਖੁਦ ਉਤਰ ਕੇ ਰਾਹਤ ਕਾਰਜਾਂ ਦਾ ਜਾਇਜ਼ਾ ਲਿਆ।

ਮੁੱਖ ਮੰਤਰੀ ਨੇ ਚਿੱਟਾ-ਕੁੜਤਾ ਪਜਾਮਾ ਪਾਇਆ ਹੋਇਆ ਸੀ ਪਰ ਰਾਹਤ ਕੰਮਾਂ ਦੀ ਨਿਗਰਾਨੀ ਕਰਨ ਲਈ ਉਹ ਬਿਨਾਂ ਕੋਈ ਝਿਜਕ ਮਹਿਸੂਸ ਕੀਤਿਆਂ ਸੂਬਾ ਸਰਕਾਰ ਦੇ ਸੀਨੀਅਰ ਅਧਿਕਾਰੀਆਂ ਅਤੇ ਜ਼ਿਲ੍ਹਾ ਪ੍ਰਸ਼ਾਸਨ ਨਾਲ ਹੜ੍ਹਾਂ ਦੇ ਪਾਣੀ ਵਿਚ ਉਤਰ ਗਏ। ਭਗਵੰਤ ਮਾਨ ਹੜ੍ਹਾਂ ਤੋਂ ਪ੍ਰਭਾਵਿਤ ਪਾਣੀ ਨਾਲ ਭਰੇ ਖੇਤਾਂ ਵਿਚ ਵੀ ਗਏ ਜਿੱਥੇ ਜੇ.ਸੀ.ਬੀ. ਨਾਲ ਕੀਤੇ ਜਾ ਰਹੇ ਕੰਮ ਦੀ ਖੁਦ ਨਿਗਾਰਨੀ ਕੀਤੀ। ਘੱਗਰ ਨਾਲ ਲਗਦੇ ਪ੍ਰਭਾਵਿਤ ਇਲਾਕਿਆਂ ਦਾ ਜਾਇਜ਼ਾ ਲੈਣ ਦੌਰਾਨ ਮੁੱਖ ਮੰਤਰੀ ਨੇ ਮੌਕੇ ਉਤੇ ਹੀ ਅਧਿਕਾਰੀਆਂ ਨੂੰ ਪ੍ਰਭਾਵਿਤ ਇਲਾਕਿਆਂ ਵਿਚ ਜੁਟੇ ਰਹਿਣ ਦੇ ਆਦੇਸ਼ ਦਿੰਦਿਆਂ ਕਿਹਾ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਨਹੀਂ ਆਉਣੀ ਚਾਹੀਦੀ।

ਮੁੱਖ ਮੰਤਰੀ ਨੇ ਕਿਹਾ ਕਿ ਅਮਰੀਕਾ, ਸਪੇਨ ਵਰਗੇ ਵਿਕਸਤ ਦੇਸ਼ਾਂ ਨੂੰ ਵੀ ਹੜ੍ਹਾਂ ਦੀ ਸਮੱਸਿਆ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਅਤੇ ਕੁਦਰਤ ਨੇ ਸੂਬੇ ਵਿਚ ਤਬਾਹੀ ਮਚਾਈ ਹੈ। ਉਨ੍ਹਾਂ ਕਿਹਾ ਕਿ ਪਹਾੜੀ ਸੂਬਿਆਂ ਅਤੇ ਪੰਜਾਬ ਵਿੱਚ ਲਗਾਤਾਰ ਪੈ ਰਹੇ ਮੀਂਹ ਨੇ ਸੂਬੇ ਵਿੱਚ ਇਹ ਸਥਿਤੀ ਪੈਦਾ ਕੀਤੀ ਹੈ। ਭਗਵੰਤ ਮਾਨ ਨੇ ਕਿਹਾ ਕਿ ਉਨ੍ਹਾਂ ਦੀ ਸਰਕਾਰ ਇਸ ਗੰਭੀਰ ਸੰਕਟ ਦੀ ਘੜੀ ਵਿੱਚ ਲੋਕਾਂ ਨੂੰ ਬਚਾਉਣ ਲਈ ਵਚਨਬੱਧ ਹੈ ਅਤੇ ਇਸ ਨੇਕ ਕਾਰਜ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਮੁੱਖ ਮੰਤਰੀ ਨੇ ਕਿਹਾ ਕਿ ਮਨੁੱਖੀ ਜੀਵਨ ਸਭ ਤੋਂ ਮਹੱਤਵਪੂਰਨ ਹੈ ਜਿਸ ਕਾਰਨ ਇਸ ਦੀ ਸੁਰੱਖਿਆ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਉਨ੍ਹਾਂ ਨੇ ਨੀਵੇਂ ਅਤੇ ਹੜ੍ਹਾਂ ਦੀ ਸੰਭਾਵਨਾ ਵਾਲੇ ਇਲਾਕਿਆਂ ਵਿੱਚ ਰਹਿਣ ਵਾਲੇ ਲੋਕਾਂ ਨੂੰ



ਸੁਰੱਖਿਅਤ ਥਾਵਾਂ 'ਤੇ ਜਾਣ ਲਈ ਕਿਹਾ ਤਾਂ ਜੋ ਉਨ੍ਹਾਂ ਦੀ ਸੁਰੱਖਿਆ ਨੂੰ ਯਕੀਨੀ ਬਣਾਇਆ ਜਾ ਸਕੇ। ਭਗਵੰਤ ਮਾਨ ਨੇ ਕਿਹਾ ਕਿ ਸੂਬਾ ਸਰਕਾਰ ਦਾ ਫਰਜ਼ ਬਣਦਾ ਹੈ ਕਿ ਲੋਕਾਂ ਨੂੰ ਕਿਸੇ ਕਿਸਮ ਦੀ ਪ੍ਰੇਸ਼ਾਨੀ ਦਾ ਸਾਹਮਣਾ ਨਾ ਕਰਨਾ ਪਵੇ।

ਮੁੱਖ ਮੰਤਰੀ ਨੇ ਕਿਹਾ ਕਿ ਇਸ ਮੁੱਦੇ 'ਤੇ ਸਿਆਸਤ ਕਰਨ ਦਾ ਸਮਾਂ ਨਹੀਂ ਹੈ, ਸਗੋਂ ਸਾਰੇ ਪੰਜਾਬੀਆਂ ਨੂੰ ਇਸ ਕੁਦਰਤੀ ਆਫ਼ਤ ਨਾਲ ਨਜਿੱਠਣ ਲਈ ਇਕਜੁੱਟ ਹੋਣਾ ਚਾਹੀਦਾ ਹੈ। ਭਗਵੰਤ ਮਾਨ ਨੇ ਕਿਹਾ ਕਿ ਉਹ ਆਪਣੇ ਤੋਂ ਪਹਿਲੇ ਮੁੱਖ ਮੰਤਰੀਆਂ ਵਾਂਗ ਸਰਵੇਖਣ ਕਰਨ ਲਈ ਹੈਲੀਕਾਪਟਰ 'ਤੇ ਗੇੜੇ ਨਹੀਂ ਲਾ ਰਹੇ ਸਗੋਂ ਉਹ ਜ਼ਮੀਨੀ ਪੱਧਰ 'ਤੇ ਅਸਲ ਸਥਿਤੀ ਦਾ ਜਾਇਜ਼ਾ ਲੈਣ ਲਈ ਮੈਦਾਨ ਵਿਚ ਉਤਰੇ ਹਨ। ਉਨ੍ਹਾਂ ਕਿਹਾ ਕਿ ਸਥਿਤੀ ਚਿੰਤਾਜਨਕ ਹੈ ਪਰ ਫਿਰ ਵੀ ਸੂਬਾ ਸਰਕਾਰ ਲੋਕਾਂ ਦੇ ਨੁਕਸਾਨ ਨੂੰ ਘੱਟ ਕਰਨ ਲਈ ਹਰ ਸੰਭਵ ਯਤਨ ਕਰ ਰਹੀ ਹੈ। ਮੁੱਖ ਮੰਤਰੀ ਨੇ ਇਹ ਵੀ ਕਿਹਾ ਕਿ ਸੂਬੇ ਵਿੱਚ ਭਾਰੀ ਮੀਂਹ ਕਾਰਨ ਫਸਲਾਂ, ਘਰਾਂ ਅਤੇ ਹੋਰ ਨੁਕਸਾਨ ਦਾ ਪਤਾ ਲਾਉਣ ਲਈ ਵਿਸ਼ੇਸ਼ ਗਿਰਦਾਵਰੀ ਕਰਵਾਈ ਜਾਵੇਗੀ। ਉਨ੍ਹਾਂ ਕਿਹਾ ਕਿ ਮੀਂਹਾਂ ਕਾਰਨ ਹੋਏ ਨੁਕਸਾਨ ਦਾ ਪਹਿਲ ਦੇ ਅਧਾਰ 'ਤੇ ਪਤਾ ਲਾਉਣ ਲਈ ਤੁਰੰਤ ਗਿਰਦਾਵਰੀ ਕਰਨ ਲਈ ਡਿਪਟੀ ਕਮਿਸ਼ਨਰਾਂ ਨੂੰ ਵਿਸਥਾਰਤ ਹਦਾਇਤਾਂ ਜਾਰੀ ਕੀਤੀਆਂ ਗਈਆਂ ਹਨ। ਭਗਵੰਤ ਮਾਨ ਨੇ ਲੋਕਾਂ ਨੂੰ ਭਰੋਸਾ ਦਿਵਾਇਆ ਕਿ ਸਰਕਾਰ ਕੁਦਰਤ ਦੇ ਕਹਿਰ ਤੋਂ ਉਨ੍ਹਾਂ ਦੇ ਹਿੱਤਾਂ ਦੀ ਰਾਖੀ ਲਈ ਵਚਨਬੱਧ ਹੈ।

ਇਸ ਦੌਰਾਨ ਮੁੱਖ ਮੰਤਰੀ ਨੇ ਕਿਹਾ ਕਿ ਲੋਕਾਂ ਨੂੰ ਘਬਰਾਉਣ ਦੀ ਲੋੜ ਨਹੀਂ ਹੈ ਕਿਉਂਕਿ ਪੰਜਾਬ ਸਰਕਾਰ ਸੂਬਾ ਭਰ ਵਿੱਚ ਲਗਾਤਾਰ ਮੀਂਹ ਪੈਣ ਤੋਂ ਬਾਅਦ ਪੈਦਾ ਹੋਈ ਸਥਿਤੀ 'ਤੇ ਬਾਕਾਇਦਾ ਨਜ਼ਰ ਰੱਖ ਕੇ ਉਨ੍ਹਾਂ ਦੀ ਸੇਵਾ ਕਰਨ ਲਈ ਮੌਜੂਦ ਹੈ। ਉਨ੍ਹਾਂ ਕਿਹਾ ਕਿ ਇਹ ਇੱਕ ਕੁਦਰਤੀ ਆਫ਼ਤ ਹੈ ਅਤੇ ਸਾਰਿਆਂ ਦੇ ਪੂਰਨ ਸਹਿਯੋਗ ਸਦਕਾ ਇਸ ਦਾ ਜ਼ੋਰਦਾਰ ਢੰਗ ਨਾਲ ਮੁਕਾਬਲਾ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਇਸ ਔਖੀ ਘੜੀ ਵਿੱਚ ਸੂਬਾ ਸਰਕਾਰ ਪੰਜਾਬ ਦੇ ਲੋਕਾਂ ਦੇ ਨਾਲ ਖੜ੍ਹੀ ਹੈ ਅਤੇ ਇਸ ਸੰਕਟ ਤੋਂ ਨਿਜਾਤ ਪਾਉਣ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਭਗਵੰਤ ਮਾਨ ਨੇ ਲੋਕਾਂ ਨੂੰ ਕਿਸੇ ਵੀ ਗੱਲ ਦੀ ਚਿੰਤਾ ਨਾ ਕਰਨ ਦੀ ਅਪੀਲ ਕੀਤੀ ਕਿਉਂਕਿ ਸੂਬਾ ਸਰਕਾਰ ਪਹਿਲਾਂ ਹੀ ਸਥਿਤੀ ਨੂੰ ਸੁਖਾਵਾਂ ਬਣਾਉਣ ਲਈ ਠੋਸ ਉਪਰਾਲੇ ਕਰ ਰਹੀ ਹੈ।

ਮੁੱਖ ਮੰਤਰੀ ਨੇ ਕਿਹਾ ਕਿ ਉਹ ਨਿੱਜੀ ਤੌਰ 'ਤੇ ਸੂਬੇ ਦੇ ਹਰ ਕੋਨੇ ਤੋਂ ਮਿੰਟ-ਮਿੰਟ ਉਤੇ ਸਥਿਤੀ ਦਾ ਜਾਇਜ਼ਾ ਲੈ ਰਹੇ ਹਨ। ਉਨ੍ਹਾਂ ਕਿਹਾ ਕਿ ਭਾਰੀ ਮੀਂਹ ਕਿਸੇ ਵੀ ਵਿਅਕਤੀ ਦੇ ਵੱਸ ਤੋਂ ਬਾਹਰ ਹੈ ਪਰ ਲੋਕਾਂ ਨੂੰ ਕਿਸੇ ਕਿਸਮ ਦੀ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ, ਇਸ ਲਈ ਹਰ ਸੰਭਵ ਯਤਨ ਕੀਤੇ ਜਾ ਰਹੇ ਹਨ। ਭਗਵੰਤ ਮਾਨ ਨੇ ਕਿਹਾ ਕਿ ਪਹਿਲਾਂ ਹੀ ਸਾਰੇ ਕੈਬਨਿਟ ਮੰਤਰੀ, ਵਿਧਾਇਕ ਅਤੇ ਅਧਿਕਾਰੀ ਆਪੋ-ਆਪਣੇ ਖੇਤਰਾਂ ਵਿੱਚ ਜੁਟੇ ਹੋਏ ਹਨ ਅਤੇ ਇਸ ਔਖੀ ਘੜੀ ਵਿੱਚ ਲੋੜਵੰਦ ਲੋਕਾਂ ਤੱਕ ਪਹੁੰਚ ਕਰ ਰਹੇ ਹਨ।

ਇਸ ਮੌਕੇ ਵਿਧਾਇਕ ਲਹਿਰਾ ਬਰਿੰਦਰ ਗੋਇਲ, ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ, ਐਸਐਸਪੀ ਸੁਰੇਂਦਰ ਲਾਂਬਾ, ਚੇਅਰਮੈਨ ਜਸਵੀਰ ਸਿੰਘ ਕੁਦਨੀ ਸਮੇਤ ਹੋਰ ਅਧਿਕਾਰੀ ਵੀ ਹਾਜ਼ਰ ਸਨ।

# ਚੜ੍ਹਦੇ ਪੰਜਾਬ ਨੂੰ ਤਬਾਹੀ ਤੋਂ ਬਚਾਉਣ ਲਈ ਪਾਕਿਸਤਾਨ ਨੇ ਖੋਲ੍ਹੇ ਸੁਲੇਮਾਨ ਹੈਡ ਵਰਕਸ ਦੇ 10 ਫਲੱਡ ਗੇਟ

**ਸੰਗਰੂਰ, (ਦਲਜੀਤ ਕੌਰ )–** ਪੰਜਾਬ ਸਰਕਾਰ ਨੇ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ.) ਨੂੰ ਪੱਤਰ ਲਿਖ ਕੇ ਹਰਿਆਣਾ ਅਤੇ ਰਾਜਸਥਾਨ 'ਤੇ ਨਹਿਰਾਂ ਤੋਂ ਵਾਧੂ ਪਾਣੀ ਨਾ ਲੈਣ ਦਾ ਦੋਸ਼ ਲਗਾਇਆ ਹੈ। ਇਸ ਦੇ ਨਾਲ ਹੀ ਉਨ੍ਹਾਂ ਆਪਣਾ ਪੱਖ ਇਹ ਵੀ ਰੱਖਿਆ ਕਿ ਪੰਜਾਬ ਵਿੱਚ ਹੜ੍ਹਾਂ ਦੀ ਸਥਿਤੀ ਕਾਰਨ ਪਾਕਿਸਤਾਨ ਵੱਲ ਵਾਧੂ ਪਾਣੀ ਛੱਡਣਾ ਪਿਆ ਹੈ।

ਬੀਬੀਐਮਬੀ ਦੀ ਪੰਜਾਬ, ਹਰਿਆਣਾ ਅਤੇ ਰਾਜਸਥਾਨ ਨਾਲ 12 ਜੁਲਾਈ ਨੂੰ ਹੋਈ ਮੀਟਿੰਗ ਵਿੱਚ ਸੂਬਾ ਸਰਕਾਰ ਨੇ ਹਰਿਆਣਾ ਅਤੇ ਰਾਜਸਥਾਨ ਨੂੰ ਨਹਿਰਾਂ ਰਾਹੀਂ ਪਾਣੀ ਲੈਣ ਦੀ ਬੇਨਤੀ ਕੀਤੀ ਸੀ। ਪਰ ਦੋਵਾਂ ਰਾਜਾਂ ਨੇ ਨਾ ਤਾਂ ਇਸ ਦੀ ਇਜਾਜ਼ਤ ਦਿੱਤੀ ਅਤੇ ਨਾ ਹੀ ਕੋਈ ਜਵਾਬ ਦਿੱਤਾ। ਜਿਸ ਤੋਂ ਬਾਅਦ ਪੰਜਾਬ ਸਰਕਾਰ ਨੇ ਬੀਬੀਐਮਬੀ ਨੂੰ ਪੱਤਰ ਲਿਖ ਕੇ ਹਾਲਾਤਾਂ ਬਾਰੇ ਜਾਣਕਾਰੀ ਦਿੱਤੀ ਹੈ। ਪੰਜਾਬ ਸਰਕਾਰ ਨੇ ਕਿਹਾ ਕਿ ਉਸ ਕੋਲ ਸਤਲੁਜ ਅਤੇ ਬਿਆਸ ਤੋਂ ਵਾਧੂ ਪਾਣੀ ਹੁਸੈਨੀਵਾਲਾ ਬੈਰਾਜ ਰਾਹੀਂ ਪਾਕਿਸਤਾਨ ਵਿੱਚ ਵਗਣ ਦੀ ਇਜਾਜ਼ਤ ਦੇਣ ਦਾ ਵਿਕਲਪ ਹੈ ਜੇਕਰ ਹਰਿਆਣਾ ਅਤੇ ਰਾਜਸਥਾਨ ਹੜ੍ਹਾਂ ਦੀ ਸਥਿਤੀ ਨੂੰ ਘੱਟ ਕਰਨ ਵਿੱਚ ਮਦਦ ਕਰਨ ਲਈ ਆਪਣੀਆਂ ਨਹਿਰਾਂ ਵਿੱਚ ਵਾਧੂ ਪਾਣੀ ਨਹੀਂ ਲੈਂਦੇ ਹਨ ਤਾਂ ਇਸ ਲਈ ਕੋਈ ਵਿਕਲਪ ਨਹੀਂ ਬਚੇਗਾ। ਸਤਲੁਜ ਅਤੇ ਬਿਆਸ ਫ਼ਿਰੋਜ਼ਪੁਰ ਤੋਂ ਪਾਕਿਸਤਾਨ ਵਿੱਚ ਦਾਖਲ ਹੁੰਦੇ ਹਨ, ਹਿਮਾਚਲ ਪ੍ਰਦੇਸ਼ ਵਿੱਚੋਂ ਲੰਘਦੇ ਹਨ ਅਤੇ ਪੰਜਾਬ ਵਿੱਚ ਦਾਖਲ ਹੁੰਦੇ ਹਨ ਅਤੇ ਕਪੂਰਥਲਾ ਜ਼ਿਲ੍ਹੇ ਵਿੱਚ ਮਿਲਦੇ ਹਨ। ਸਤਲੁਜ ਫਿਰੋਜ਼ਪੁਰ ਵਿਖੇ ਪੰਜਾਬ ਸਰਕਾਰ ਦੁਆਰਾ ਨਿਯੰਤਰਿਤ ਹੁਸੈਨੀਵਾਲਾ ਬੈਰਾਜ ਰਾਹੀਂ ਪਾਕਿਸਤਾਨ ਵਿੱਚ ਦਾਖਲ ਹੁੰਦਾ ਹੈ। ਭਾਰੀ ਬਰਸਾਤ ਤੋਂ ਬਾਅਦ ਪੰਜਾਬ ਦਰਿਆਵਾਂ ਵਿੱਚ ਜ਼ਿਆਦਾ ਪਾਣੀ ਦੇ ਵਹਾਅ ਨਾਲ ਜੂਝ ਰਿਹਾ ਹੈ, ਜਿਸ ਕਾਰਨ ਸੂਬੇ ਵਿੱਚ ਹੜ੍ਹ ਆ ਗਏ ਹਨ।

ਪਾਕਿਸਤਾਨ ਨੇ ਚੰਗੇ ਗੁਆਂਢੀ ਵਾਲਾ ਵਿਵਹਾਰ ਦਿਖਾਇਆ ਹੈ। ਜਦੋਂ ਪੰਜਾਬ ਵਿਚ ਹੜ੍ਹ ਆਏ ਹੋਏ ਹਨ ਤਾਂ ਪਾਕਿਸਤਾਨ ਨੇ ਸੁਲੇਮਾਨ ਹੈਡ ਵਰਕਸ ਤੋਂ 10 ਫਲੱਡ ਗੇਟ ਖੋਲ੍ਹ ਦਿੱਤੇ। ਮੁੱਖ ਇੰਜਨੀਅਰ (ਡਰੇਨਜ਼) ਐਚ ਐਸ ਮਹਿੰਦੀਰੱਤਾ ਨੇ ਕਿਹਾ ਕਿ ਪਾਕਿਸਤਾਨ ਵੱਲੋਂ ਫਲੱਡ ਗੇਟ ਖੋਲ੍ਹੇ ਜਾਣ ਨਾਲ ਦੱਖਣੀ ਮਾਲਵੇ ਦਾ ਪਾਣੀ ਦੇ ਕਹਿਰ ਤੋਂ ਬਚਾਅ ਹੋ ਗਿਆ ਹੈ। ਫ਼ਾਜ਼ਿਲਕਾ ਦੀ ਡਿਪਟੀ ਕਮਿਸ਼ਨਰ ਡਾ. ਸੇਨੂੰ ਦੁੱਗਲ ਨੇ ਕਿਹਾ ਕਿ ਫਲੱਡ ਗੇਟ ਖੋਲ੍ਹੇ ਜਾਣ ਨਾਲ ਪਾਕਿਸਤਾਨ ਵਾਲੇ ਪਾਸੇ ਨੂੰ ਪਾਣੀ ਦਾ ਵਹਾਅ ਤੇਜ਼ ਹੋਇਆ ਹੈ।

**ਪੰਜਾਬ 'ਤੇ ਪਾਕਿਸਤਾਨ ਨੂੰ ਪਾਣੀ ਭੇਜਣ ਦਾ ਦੋਸ਼ ਲਾਇਆ**

ਬੀਬੀਐਮਬੀ ਨੂੰ ਲਿਖੇ ਪੱਤਰ ਵਿੱਚ ਜਲ ਸਰੋਤ ਸਕੱਤਰ ਨੇ ਕਿਹਾ- ਹੈਰਾਨੀ ਦੀ ਗੱਲ ਹੈ ਕਿ ਹਰਿਆਣਾ ਅਤੇ ਰਾਜਸਥਾਨ ਦੋਵੇਂ ਆਪਣੇ ਨਹਿਰੀ ਸਿਸਟਮ ਲਈ ਡੈਮਾਂ ਤੋਂ ਪਾਣੀ ਦੀ ਮੰਗ ਕਰਦੇ ਹਨ।

ਇਹ ਨਹੀਂ ਕੀਤਾ ਹੈ। ਇਨ੍ਹਾਂ ਹਾਲਾਤਾਂ ਵਿੱਚ ਪੰਜਾਬ ਦੇ ਡੈਮਾਂ ਵਿੱਚੋਂ ਪਾਣੀ ਛੱਡਿਆ ਜਾਵੇ ਲੈਣ ਦੇ ਯੋਗ ਨਹੀਂ ਕਿਉਂਕਿ ਡੈਮਾਂ ਤੋਂ ਇਲਾਵਾ ਹੋਰ ਕੈਚਮੈਂਟ ਖੇਤਰਾਂ ਵਿੱਚੋਂ ਵਗਦੀਆਂ ਨਦੀਆਂ ਪਹਿਲਾਂ ਹੀ ਹਨ, ਪਾਣੀ ਦੀ ਵੱਡੀ ਮਾਤਰਾ ਮੌਜੂਦ ਹੈ। ਪੱਤਰ ਵਿੱਚ ਕਿਹਾ ਗਿਆ ਹੈ ਕਿ ਰਾਜਸਥਾਨ ਅਤੇ ਹਰਿਆਣਾ ਦੋਵੇਂ ਦੋਸ਼ ਲਗਾਉਂਦੇ ਰਹੇ ਹਨ ਕਿ ਪੰਜਾਬ ਵੱਲੋਂ ਪਾਕਿਸਤਾਨ ਨੂੰ ਪਾਣੀ ਛੱਡਿਆ ਜਾ ਰਿਹਾ ਹੈ ਪਰ ਅਸਲ ਵਿੱਚ ਪਾਕਿਸਤਾਨ ਵਿੱਚ ਪਾਣੀ ਨਹੀਂ ਛੱਡਿਆ ਜਾ ਰਿਹਾ ਹੈ।

ਜਦੋਂ ਪੂਰਾ ਰਾਜ ਹੜ੍ਹਾਂ ਦੀ ਮਾਰ ਹੇਠ ਆ ਜਾਂਦਾ ਹੈ ਤਾਂ ਹਰਿਆਣਾ ਅਤੇ ਰਾਜਸਥਾਨ ਆਪਣੀਆਂ ਨਹਿਰਾਂ ਰਾਹੀਂ ਪਾਣੀ ਦੀ ਮੰਗ ਨਹੀਂ ਕਰਦੇ। ਅਜਿਹੀ ਸਥਿਤੀ ਵਿੱਚ ਪੰਜਾਬ ਕੋਲ ਫਲੱਡ ਗੇਟ ਖੋਲ੍ਹਣ ਅਤੇ ਪਾਕਿਸਤਾਨ ਨੂੰ ਪਾਣੀ ਭੇਜਣ ਤੋਂ ਇਲਾਵਾ ਕੋਈ ਚਾਰਾ ਨਹੀਂ ਬਚਿਆ ਹੈ।

****

# ਕੇਂਦਰੀ ਰਾਜ ਮੰਤਰੀ ਨੇ ਹੜ੍ਹ ਪ੍ਰਭਾਵਿਤ ਪਿੰਡਾਂ ਫ਼ਤਹਿਪੁਰ, ਕੋਠੀ, ਲਲਵਾਨ ਅਤੇ ਹੱਲੂਵਾਲ ਦਾ ਕੀਤਾ ਦੌਰਾ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਕੇਂਦਰੀ ਵਣਜ ਅਤੇ ਉਦਯੋਗ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਅੱਜ ਚੱਬੇਵਾਲ ਵਿਧਾਨ ਸਭਾ ਹਲਕੇ ਦੇ ਹੜ੍ਹ ਪ੍ਰਭਾਵਿਤ ਪਿੰਡਾਂ ਫ਼ਤਹਿਪੁਰ, ਕੋਠੀ, ਲਲਵਾਨ ਅਤੇ ਹੱਲੂਵਾਲ ਦਾ ਦੌਰਾ ਕੀਤਾ। ਇਸ ਦੌਰਾਨ ਉਨ੍ਹਾਂ ਹੜ੍ਹ ਪੀੜਤਾਂ ਨਾਲ ਮੁਲਾਕਾਤ ਕੀਤੀ ਅਤੇ ਉਨ੍ਹਾਂ ਦਾ ਹਾਲਚਾਲ ਪੁੱਛਿਆ। ਇਸ ਮੌਕੇ ਸਾਬਕਾ ਕੈਬਨਿਟ ਮੰਤਰੀ ਤੀਕਸ਼ਣ ਸੂਦ, ਵਧੀਕ ਡਿਪਟੀ ਕਮਿਸ਼ਨਰ (ਜਨਰਲ) ਰਾਹੁਲ ਚਾਬਾ ਵੀ ਹਾਜ਼ਰ ਸਨ।



ਕੇਂਦਰੀ ਰਾਜ ਮੰਤਰੀ ਨੇ ਕਿਹਾ ਕਿ ਕੇਂਦਰ ਅਤੇ ਰਾਜ ਸਰਕ-ਾਰਾਂ ਮਿਲ ਕੇ ਪੀੜਤਾਂ ਨੂੰ ਹਰ ਸੰਭਵ ਮਦਦ ਪ੍ਰਦਾਨ ਕਰਨ ਲਈ ਕੰਮ ਕਰ ਰਹੀਆਂ ਹਨ। ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਦੇ ਹੱਲ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਦੱਸਿਆ ਕਿ ਚੱਬੇਵਾਲ ਹਲਕੇ ਦੇ ਪਿੰਡਾਂ ਲਈ 70 ਲੱਖ ਰੁਪਏ ਦੀ ਰਾਸ਼ੀ ਜਾਰੀ ਕੀਤੀ ਗਈ ਹੈ। ਕੇਂਦਰੀ ਰਾਜ ਮੰਤਰੀ ਨੇ ਪੰਜਾਬ ਵਿੱਚ ਹੜ੍ਹਾਂ ਨਾਲ ਹੋਏ ਨੁਕਸਾਨ ਲਈ 218 ਕਰੋੜ ਰੁਪਏ ਦੀ ਸਹਾਇਤਾ ਦੇਣ ਲਈ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਅਗਵਾਈ ਵਾਲੀ ਕੇਂਦਰ ਸਰਕਾਰ ਦਾ ਧੰਨਵਾਦ ਕੀਤਾ। ਉਨ੍ਹਾਂ ਕਿਹਾ ਕਿ ਇਹ ਸਹਾਇਤਾ ਰਾਸ਼ੀ ਹੜ੍ਹ ਪ੍ਰਭਾਵਿਤ ਪੰਜਾਬ ਦੇ ਕਿਸਾਨਾਂ ਅਤੇ ਲੋਕਾਂ ਨੂੰ ਵੱਡੀ ਰਾਹਤ ਪ੍ਰਦਾਨ ਕਰੇਗੀ। ਉਨ੍ਹਾਂ ਕਿਹਾ ਕਿ ਇਹ ਰਾਸ਼ੀ ਪਾਰਦਰਸ਼ੀ ਢੰਗ ਨਾਲ ਲੋੜਵੰਦਾਂ ਨੂੰ ਵੰਡੀ ਜਾਵੇਗੀ। ਇਸ ਦੌਰਾਨ ਕੇਂਦਰੀ ਰਾਜ ਮੰਤਰੀ ਸੋਮ ਪ੍ਰਕਾਸ਼ ਨੇ ਪਿੰਡਾਂ ਵਿੱਚ ਜਾ ਕੇ ਲੋਕਾਂ ਦੀਆਂ ਸਮੱਸਿਆਵਾਂ ਸੁਣੀਆਂ ਅਤੇ ਉਨ੍ਹਾਂ ਨੂੰ ਹਰ ਸੰਭਵ ਮਦਦ ਦੇਣ ਦਾ ਭਰੋਸਾ ਦਿੱਤਾ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਦੀ ਮਦਦ ਲਈ ਸਰਕਾਰ ਉਨ੍ਹਾਂ ਦੇ ਨਾਲ ਹੈ। ਉਨ੍ਹਾਂ ਕਿਹਾ ਕਿ ਹੁਸ਼ਿਆਰਪੁਰ ਲੋਕ ਸਭਾ ਹਲਕੇ ਦੇ ਲੋਕਾਂ ਦੀ ਸੇਵਾ ਕਰਨਾ ਉਨ੍ਹਾਂ ਦੀ ਪਹਿਲ ਹੈ ਅਤੇ ਨਾਗਰਿਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਉਨ੍ਹਾਂ ਦਾ ਫਰਜ਼ ਹੈ। ਉਨ੍ਹਾਂ ਕਿਹਾ ਕਿ ਹੜ੍ਹ ਪੀੜਤਾਂ ਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ। ਪ੍ਰਸ਼ਾਸਨ ਨੂੰ ਹੜ੍ਹ ਪ੍ਰਭਾਵਿਤ ਪਿੰਡਾਂ ਵਿੱਚ ਪੀੜਤਾਂ ਤੱਕ ਪਹੁੰਚਣ ਦੇ ਨਿਰਦੇਸ਼ ਦਿੱਤੇ ਗਏ ਹਨ। ਇਸ ਮੌਕੇ ਤਹਿਸੀਲਦਾਰ ਤਪਨ ਭਨੋਟ, ਡਾ: ਦਿਲਬਾਗ ਰਾਏ, ਜ਼ਿਲ੍ਹਾ ਭਾਜਪਾ ਪ੍ਰਧਾਨ ਨਿਪੁਨ ਸ਼ਰਮਾ, ਕੁਲਵੰਤ ਕੌਰ ਸਰਪੰਚ ਹੱਲੂਵਾਲ, ਨੀਲਾ ਦੇਵੀ ਸਰਪੰਚ ਕੋਠੀ ਅਤੇ ਹੋਰ ਪਤਵੰਤੇ ਵੀ ਹਾਜ਼ਰ ਸਨ।

# ਬਸਪਾ ਆਗੂਆਂ ਨੇ ਮੀਹ ਨਾਲ ਨੁਕਸਾਨੇ ਮਕਾਨਾਂ ਦਾ ਲਿਆ ਜਾਇਜਾ

**ਲਸਾੜਾ/ਉੜਾਪੜ (ਬੱਗਾ ਸੇਲਕੀਆਣਾ)** ਪਿਛਲੇ ਦਿਨੀ ਪਏ ਮੀਹ ਨਾਲ ਲੋਕਾਂ ਨੂੰ ਅਨੇਕਾਂ ਪ੍ਰੇਸ਼ਾ-ਨੀਆਂ ਦਾ ਸਾਹਮਣਾ ਕਰਨਾ ਪਿਆ ਤੇ ਲੋਕਾਂ ਦੇ ਘਰ ਢਹਿ ਢੇਰੀ ਹੋ ਗਏ ਕਈਆਂ ਦੇ ਮਕਾਨਾਂ ਨੂੰ ਤਰੇੜਾਂ ਵੀ ਆ ਗਈਆਂ ਤੇ ਛੱਤਾਂ ਡਿਗ ਪਈਆਂ ਪਸ਼ੂਆਂ ਦੀਆਂ ਹਵੇਲੀਆਂ ਚ ਪਈਆਂ ਸ਼ੈੱਡਾਂ ਉਡ ਗਈਆਂ ਕਈ ਦਿਨ ਬੀਤ ਜਾਣ ਦੇ ਬਾਵਜੂਦ ਵੀ ਇਨਾਂ ਲੋਕਾਂ ਦੇ ਘਰਾਂ ਚ ਹੋਏ ਨੁਕਸਾਨ ਦੇਖਣ ਲਈ ਕੋਈ ਪ੍ਰਸ਼ਾਸਨ ਅਧਿਕਾਰੀ ਜਾਂ ਸੂਬਾ ਸਰਕਾਰ ਦਾ ਲੀਡਰ ਨਹੀ ਪਹੁੰਚਿਆ ਇਸ ਤੋਂ ਸਾਫ ਜਾਹਰ ਹੈ ਕਿ ਸੂਬੇ ਦੀ ਆਪ ਸਰਕਾਰ ਸੂਬਾ ਵਾਸੀਆਂ ਲਈ ਕਿੰਨਾ ਕੁ ਚਿੰਤਤ ਹੈ ਇਨਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਪ੍ਰਵੀਨ ਬੰਗਾ ਸਕੱਤਰ ਪੰਜਾਬ,ਰੂਪ ਲਾਲ ਧੀਰ ਜਿਲਾ ਮੀਤ ਪ੍ਰਧਾਨ,ਪੰਚ ਬਲਵੀਰ ਸਿੰਘ ਦਦਰਾਲ ਨੇ ਬਲਾਕ ਔੜ ਦੇ ਪਿੰਡ ਗੜੀ ਅਜੀਤ ਸਿੰਘ ਵਿਖੇ ਪਿਛਲੇ ਦਿਨੀ ਪਏ ਮੀਹ ਨਾਲ ਨੁਕਸਾਨੇ ਗਏ ਮਕਾਨਾਂ ਦਾ ਜਾਇਜਾ ਲੈਣ ਉਪਰੰਤ ਗੱਲਬਾਤ ਕਰਦਿਆਂ ਕੀਤਾ ਉਨਾ ਕਿਹਾ ਕਿ ਬਹੁਤ ਪ੍ਰਵਿਾਰ ਇਸ ਤਰਾਂ ਦੇ ਹਨ ਜੋ ਆਪਣੇ ਘਰ ਦਾ ਗੁਜਾਰਾ ਬਹੁਤ ਮੁਸ਼ਕਿਲ ਨਾਲ ਚਲਾ ਰਹੇ ਹਨ ਉਨਾਂ ਦੀ ਇਨੀ ਹੈਸੀਅਤ ਨਹੀਂ ਕਿ ਉਹ ਆਪਣੇ ਮਕਾਨਾਂ ਦੀ ਉਸਾਰੀ ਜਾ ਰਿਪੇਅਰ ਕਰਵਾ ਸਕਣ ਉਨਾਂ ਸੂਬਾ ਸਰਕਾਰ ਨੂੰ ਪੁਰਜੋਰ ਅਪੀਲ ਕੀਤੀ ਕਿ ਮੀਹ ਦੇ ਪਾਣੀ ਨਾਲ ਜਿਨਾਂ ਪਿੰਡਾਂ ਜਾ ਸ਼ਹਿਰਾਂ ਚ ਹੋਏ ਮਕਾਨਾਂ ਦੇ ਨੁਕਸਾਨ ਦਾ ਜਾਂ ਫਸਲਾਂ ਦਾ ਨੁਕਸਾਨ ਹੋਇਆ ਉਨਾ ਦੀ ਇਨਕੁਆਰੀ ਕਰਕੇ ਮੁਆਵਜਾ ਦਿਤਾ ਜਾਵੇ ਪਿੰਡ ਗੜੀ ਅਜੀਤ ਸਿੰਘ ਦੇ ਗੁਰਨਾਮ ਸਿੰਘ ਪੁਤਰ ਦਾਸ ਰਾਮ, ਗਗਨ ਪੁਤਰ ਦਰਸ਼ਣ, ਪਰਮਜੀਤ ਪੁਤਰ ਸਤਪਾਲ ਰਣਜੀਤ ਪੁਤਰ ਸਤਪਾਲ, ਨੇਹਾ ਪਤਨੀ ਅਮਰਜੀਤ, ਨੇਹਾਂ ਨੇ ਵੀ ਆਪਣੇ ਨੁਕਸਾਨੇ ਗਏ ਮਕਾਨਾਂ ਦੀ ਰਿਪੇਅਰ ਵਾਸਤੇ ਮੁਆਂਵਜੇ ਦੀ ਮੰਗ ਕੀਤੀ ਗਈ।



ਬੀਤੇ ਦਿਨੀਂ ਲੁਧਿਆਣੇ ਵਿੱਚ ਤਿੰਨ ਜੀਆਂ ਦਾ ਕਤਲ ਹੋ ਗਿਆ ਸੀ, ਇਸ ਦੁੱਖ ਦੀ ਘੜੀ ਵਿੱਚ ਉਹਨਾਂ ਦੇ ਨਾਲ ਦੁੱਖ ਸਾਂਝ ਪਹੁੰਚੇ ਭਾਜਪਾ ਸੂਬੇ ਦੇ ਜਨਰਲ ਸਕੱਤਰ ਸ਼੍ਰੀ ਰਾਜੇਸ਼ ਬਾਘਾ ਜੀ ਸਾਬਕਾ ਚੇਅਰਮੈਨ SC ਕਮਿਸ਼ਨ ਪੰਜਾਬ, ਲੁਧਿਆਣਾ ਜ਼ਿਲ੍ਹੇ ਦੇ ਜਨਰਲ ਸਕੱਤਰ ਸ੍ਰੀ ਕਾਂਤ ਨੂੰ ਸ਼ਰਮਾ ਜੀ, ਜ਼ਿਲੇ ਦੇ ਉੱਪ ਪ੍ਰਧਾਨ ਸ੍ਰੀ ਯਸ਼ਪਾਲ ਜੀ, ਸ਼੍ਰੀ ਪਵਨ ਜੀ, ਸ੍ਰੀ ਅਮਿਤ ਜੀ ਅਤੇ ਹੋਰ ਭਾਜਪਾ ਆਗੂ। ਇਸ ਮੌਕੇ ਸੂਬੇ ਦੇ ਜਨਰਲ ਸਕੱਤਰ ਅਤੇ ਸਾਬਕਾ ਚੇਅਰਮੈਨ SC Commission ਪੰਜਾਬ ਜੀ ਨੇ ਪੰਜਾਬ ਸਰਕਾਰ ਵੱਲੋਂ ਮੰਗ ਕੀਤੀ ਮੁਲਜ਼ਮਾਂ ਦੇ ਉੱਤੇ ਫਾਸਟ ਟਰੈਕ ਕੋਰਟ ਰਾਹੀਂ ਕੇਸ ਚਲਾਇਆ ਜਾਵੇ, ਪਰਚੇ ਵਿਚ SC/St ਐਕਟ ਲਾਇਆ ਜਾਵੇ ਅਤੇ ਪੀੜਤਾਂ ਨੂੰ ਛੇਤੀ ਤੋਂ ਛੇਤੀ ਮੁਆਵਜ਼ਾ ਦਿੱਤਾ ਜਾਵੇ।



# ਐਨਡੀਏ ਨੂੰ ਚੁਣੌਤੀ ਦੇਣ ਲਈ 26 ਪਾਰਟੀਆਂ ਇੱਕਜੁਟ

(ਸਫਾ 1 ਦੀ ਬਾਕੀ)

ਦੇ ਗੱਠਜੋੜ ਦਾ ਨਾਂ ਐਲਾਨਿਆ ਗਿਆ।

ਕਾਂਗਰਸ ਪ੍ਰਧਾਨ ਮਲਿਕਾਰਜੁਨ ਖੜਗੇ ਨੇ ਕਿਹਾ, ''ਅਸੀਂ 2024 ਲੋਕ ਸਭਾ ਚੋਣਾਂ ਇਕਜੁੱਟ ਹੋ ਕੇ ਲੜਾਂਗੇ ਤੇ ਅਸੀਂ ਵੱਡੀ ਸਫ਼ਲਤਾ ਪ੍ਰਾਪਤ ਕਰਾਂਗੇ।'' ਉਨ੍ਹਾਂ ਕਿਹਾ ਕਿ ਵਿਰੋਧੀ ਪਾਰਟੀਆਂ ਵਿਚਾਲੇ ਤਾਲਮੇਲ ਲਈ 11 ਮੈਂਬਰੀ ਕਮੇਟੀ ਗਠਿਤ ਕੀਤੀ ਜਾਵੇਗੀ ਤੇ ਕਮੇਟੀ ਦੇ ਕਨਵੀਨਰ ਦੀ ਚੋਣ ਮੁੰਬਈ ਵਿੱਚ ਹੋਣ ਵਾਲੀ ਅਗਲੀ ਮੀਟਿੰਗ ਵਿਚ ਹੋਵੇਗੀ। ਖੜਗੇ ਨੇ ਕਿਹਾ ਕਿ ਗੱਠਜੋੜ ਦੇ ਪ੍ਰਚਾਰ ਪ੍ਰਬੰਧਨ ਲਈ ਦਿੱਲੀ ਵਿੱਚ ਸਕੱਤਰੇਤ ਕਾਇਮ ਕੀਤਾ ਜਾਵੇਗਾ ਤੇ ਵੱਖਰੇ ਮੁੱਦਿਆਂ ਲਈ ਵਿਸ਼ੇਸ਼ ਕਮੇਟੀਆਂ ਗਠਿਤ ਕੀਤੀਆਂ ਜਾਣਗੀਆਂ।

ਉਨ੍ਹਾਂ ਕਿਹਾ ਕਿ ਮੁੰਬਈ ਮੀਟਿੰਗ ਲਈ ਤਰੀਕਾਂ ਦਾ ਐਲਾਨ ਜਲਦੀ ਕੀਤਾ ਜਾਵੇਗਾ। ਖੜਗੇ ਹਾਲਾਂਕਿ ਨਵੇਂ ਗੱਠਜੋੜ ਦੇ ਚਿਹਰੇ ਮੋਹਰੇ ਬਾਰੇ ਪੁੱਛੇ ਸਵਾਲ ਦੇ ਸਿੱਧੇ ਜਵਾਬ ਤੋਂ ਟਾਲਾ ਵਟ ਗਏ। ਹਾਲਾਂਕਿ ਵਿਰੋਧੀ ਧਿਰਾਂ ਦੀ ਬੈਠਕ ਦੌਰਾਨ ਆਪਣੇ ਸੰਬੋਧਨ ਦੀ ਸ਼ੁਰੂਆਤ ਵਿੱਚ ਉਨ੍ਹਾਂ ਕਿਹਾ ਸੀ ਕਿ ਕਾਂਗਰਸ ਦੀ ਸੱਤਾ ਜਾਂ ਪ੍ਰਧਾਨ ਮੰਤਰੀ ਦੇ ਅਹੁਦੇ ਵਿੱਚ ਦਿਲਚਸਪੀ ਨਹੀਂ ਹੈ। ਕਾਂਗਰਸ ਪ੍ਰਧਾਨ ਨੇ ਕਿਹਾ, ''ਇਸ ਬੈਠਕ ਵਿੱਚ ਸਾਡਾ ਇਰਾਦਾ ਆਪਣੇ ਲਈ ਸੱਤਾ ਹਾਸਲ ਕਰਨਾ ਨਹੀਂ ਹੈ। ਇਹ ਸਾਡੇ ਸੰਵਿਧਾਨ, ਜਮਹੂਰੀਅਤ, ਧਰਮਨਿਰਪੱਖਤਾ ਤੇ ਸਮਾਜਿਕ ਨਿਆਂ ਨੂੰ ਬਚਾਉਣ ਦੀ ਲੜਾਈ ਹੈ।'' ਖੜਗੇ ਨੇ ਕਿਹਾ ਕਿ ਪਟਨਾ ਕਨਕਲੇਵ ਮਗਰੋਂ ਵਿਰੋਧੀ ਧਿਰਾਂ ਦੀ ਇਹ ਦੂਜੀ ਮੀਟਿੰਗ ਦੇਸ਼ ਦੇ ਲੋਕਾਂ ਦੇ ਹਿੱਤ ਵਿੱਚ ਜਮਹੂਰੀਅਤ ਤੇ ਸੰਵਿਧਾਨ ਨੂੰ ਬਚਾਉਣ ਲਈ ਬਹੁਤ ਅਹਿਮ ਸੀ। ਖੜਗੇ ਨੇ ਕਿਹਾ, ''ਸਾਡੇ ਗੱਠਜੋੜ ਨੂੰ ਇੰਡੀਅਨ ਨੈਸ਼ਨਲ ਡਿਵੈਲਪਮੈਂਟਲ ਇਨਕਲੂਸਿਵ ਅਲਾਇੰਸ (ਇੰਡੀਆ) ਦੇ ਨਾਂ ਨਾਲ ਸੱਦਿਆ ਜਾਵੇਗਾ।'' ਸੂਤਰਾਂ ਮੁਤਾਬਕ ਵਿਰੋਧੀ ਧਿਰ ਦੇ ਮੁਹਾਜ਼ ਦਾ ਇਹ ਨਾਮ ਤ੍ਰਿਣਮੂਲ ਕਾਂਗਰਸ ਸੁਪਰੀਮੋ ਤੇ ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਵੱਲੋਂ ਸੁਝਾਇਆ ਗਿਆ ਤੇ ਟਰਮ 'ਇੰਡੀਆ' ਦੇ ਪੂਰੇ ਨਾਮ ਨੂੰ ਲੈ ਕੇ ਵਿਸਥਾਰਿਤ ਵਿਚਾਰ ਚਰਚਾ ਹੋਈ ਹੈ। ਖੜਗੇ ਨੇ ਕਿਹਾ ਕਿ 'ਸਾਡੇ ਵਿਚਾਲੇ ਕੁਝ ਵੱਖਰੇਵੇਂ ਹਨ, ਪਰ ਅਸੀਂ ਇਨ੍ਹਾਂ ਨੂੰ ਪਿੱਛੇ ਛੱਡ ਆਏ ਹਾਂ...ਅਸੀਂ ਦੇਸ਼ ਹਿੱਤ ਵਿੱਚ ਇਕਜੁੱਟ ਹੋਏ ਹਾਂ...ਅਸੀਂ 2024 ਲੋਕ ਸਭਾ ਚੋਣਾਂ ਮਿਲ ਕੇ ਲੜਾਂਗੇ।'' ਖੜਗੇ ਨੇ ਮੋਦੀ 'ਤੇ ਤਿੱਖੇ ਹਮਲੇ ਕਰਦਿਆਂ ਕਿਹਾ ਕਿ ਉਹ ਹੁਣ ਉਨ੍ਹਾਂ ਪਾਰਟੀਆਂ ਨੂੰ ਇਕੱਠਿਆਂ ਕਰਨ ਦੀ ਕੋਸ਼ਿਸ਼ ਕਰ ਰਹੇ ਹਨ, ਜੋ ਦੂਜੀਆਂ ਪਾਰਟੀਆਂ 'ਚੋਂ ਨਿਕਲੀਆਂ ਹਨ ਤੇ ਇਹ ਦਰਸਾਉਂਦਾ ਹੈ ਕਿ ''ਉਹ ਵਿਰੋਧੀ ਪਾਰਟੀਆਂ ਤੋਂ ਡਰਦੇ ਹਨ।'' ਸਾਂਝੀ ਪ੍ਰੈਸ ਕਾਨਫਰੰਸ ਵਿੱਚ ਸ਼ਰਦ ਪਵਾਰ ਸਣੇ ਹੋਰ ਕਈ ਆਗੂ ਮੌਜੂਦ ਸਨ। ਬਿਹਾਰ ਦੇ ਮੁੱਖ ਮੰਤਰੀ ਨਿਤੀਸ਼ ਕੁਮਾਰ, ਆਰਜੇਡੀ ਸੁਪਰੀਮੋ ਲਾਲੂ ਪ੍ਰਸਾਦ ਯਾਦਵ ਤੇ ਬਿਹਾਰ ਦੇ ਉਪ ਮੁੱਖ ਮੰਤਰੀ ਤੇਜਸਵੀ ਯਾਦਵ ਹਾਲਾਂਕਿ ਪ੍ਰੈਸ ਕਾਨਫਰੰਸ ਤੋਂ ਪਹਿਲਾਂ ਹੀ ਚਲੇ ਗਏ ਕਿਉਂਕਿ ਉਨ੍ਹਾਂ ਜਹਾਜ਼ ਦੀ ਉਡਾਣ ਫੜਨੀ ਸੀ। ਮੀਟਿੰਗ ਵਿੱਚ ਸ਼ਾਮਲ 26 ਵਿਰੋਧੀ ਪਾਰਟੀਆਂ ਵਿੱਚ ਕਾਂਗਰਸ, ਟੀਐੱਮਸੀ, ਡੀਐੱਮਕੇ, 'ਆਪ', ਜੇਡੀਯੂ, ਆਰਜੇਡੀ, ਜੇਐੱਮਐੱਮ, ਐੱਨਸੀਪੀ (ਸ਼ਰਦ ਪਵਾਰ), ਸ਼ਿਵ ਸੈਨਾ (ਯੂਬੀਟੀ), ਸਪਾ, ਨੈਸ਼ਨਲ ਕਾਨਫਰੰਸ, ਪੀਡੀਪੀ, ਸੀਪੀਐੱਮ, ਸੀਪੀਆਈ, ਆਰਐੱਲਡੀ, ਐੱਮਡੀਐੱਮਕੇ, ਕੇਐੱਮਡੀਕੇ, ਵੀਸੀਕੇ, ਆਰਐੱਸਪੀ, ਸੀਪੀਆਈ-ਐੱਮਐੱਲ(ਲਬਿਰੇਸ਼ਨ), ਫਾਰਵਰਡ ਬਲਾਕ, ਆਈਯੂਐੱ-ਮਐੱਲ, ਕੇਰਲਾ ਕਾਂਗਰਸ (ਜੋਸੇਫ), ਕੇਰਲਾ ਕਾਂਗਰਸ (ਮਣੀ), ਅਪਨਾ ਦਲ (ਕਾਮੇਰਾਵਾਦੀ) ਤੇ ਐੱਮਐੱਮਕੇ ਹਨ। ਇਨ੍ਹਾਂ 26 ਪਾਰਟੀਆਂ ਦੀਆਂ ਲੋਕ ਸਭਾ ਵਿੱਚ ਲਗਪਗ 150 ਸੀਟਾਂ ਹਨ। ਮੀਟਿੰਗ ਵਿੱਚ ਕਾਂਗਰਸ ਆਗੂ ਸੋਨੀਆ ਗਾਂਧੀ, ਤਾਮਿਲ ਨਾਡੂ ਤੇ ਝਾਰਖੰਡ ਦੇ ਮੁੱਖ ਮੰਤਰੀ, ਯੂਪੀ ਦੇ ਸਾਬਕਾ ਮੁੱਖ ਮੰਤਰੀ ਅਖਿਲੇਸ਼ ਯਾਦਵ ਅਤੇ ਕਈ ਪਾਰਟੀਆਂ ਦੇ ਆਗੂ ਹਾਜ਼ਰ ਸਨ।

### ਫਿਕਰ ਨਾ ਕਰੋ, ਹਮ ਹੈਂ: ਊਧਵ

ਮਹਾਰਾਸ਼ਟਰ ਦੇ ਸਾਬਕਾ ਮੁੱਖ ਮੰਤਰੀ ਊਧਵ ਠਾਕਰੇ ਨੇ ਪ੍ਰਧਾਨ ਮੰਤਰੀ ਮੋਦੀ 'ਤੇ ਚੁਟਕੀ ਲੈਂਦਿਆਂ ਕਿਹਾ ਕਿ ਕੁਝ ਲੋਕ ਕਹਿੰਦੇ ਹਨ 'ਅਸੀਂ ਆਪਣੇ ਪਰਿਵਾਰ ਲਈ ਲੜ ਰਹੇ ਹਾਂ', ਅਜਿਹੇ ਲੋਕਾਂ ਨੂੰ ਪਤਾ ਹੋਣਾ ਚਾਹੀਦੈ ਕਿ ''ਇਹ ਦੇਸ਼ ਸਾਡਾ ਪਰਿਵਾਰ ਹੈ ਤੇ ਅਸੀਂ ਆਪਣੇ ਦੇਸ਼ ਲਈ ਲੜ ਰਹੇ ਹਾਂ।''ਠਾਕਰੇ ਨੇ ਕਿਹਾ, ''ਲੋਕ ਡਰ ਮਹਿਸੂਸ ਕਰ ਰਹੇ ਹਨ ਕਿ ਅੱਗੇ ਕੀ ਹੋਵੇਗਾ, ਅਸੀਂ ਉਨ੍ਹਾਂ ਨੂੰ ਕਹਿਣਾ ਚਾਹੁੰਦੇ ਹਾਂ ਕਿ ਇਕ ਫਿਲਮ ਸੀ 'ਮੈਂ ਹੂੰ ਨਾ', ਲਿਹਾਜ਼ਾ ਉਹ ਫਿਕਰ ਨਾ ਕਰਨ, 'ਹਮ ਹੈਂ ਨਾ'।''

### ਜਾਤੀ ਅਧਾਰਿਤ ਜਨਗਣਨਾ ਲਾਗੂ ਕਰਨ ਦੀ ਮੰਗ

ਮੀਟਿੰਗ ਉਪਰੰਤ ਜਾਰੀ 'ਸਮੂਹਿਕ ਸੰਕਲਪ' (ਸਾਂਝੇ ਮਤੇ) ਵਿੱਚ ਵਿਰੋਧੀ ਪਾਰਟੀਆਂ ਨੇ ਜਾਤੀ ਅਧਾਰਿਤ ਜਨਗਣਨਾ ਲਾਗੂ ਕਰਨ ਦੀ ਮੰਗ ਕੀਤੀ। ਵਿਰੋਧੀ ਧਿਰਾਂ ਨੇ ਜ਼ੋਰ ਦੇ ਕੇ ਆਖਿਆ ਕਿ ਉਹ 'ਘੱਟਗਿਣਤੀਆਂ ਖ਼ਿਲਾਫ਼ ਪੈਦਾ ਕੀਤੀ ਜਾ ਰਹੀ ਨਫ਼ਰਤ ਤੇ ਹਿੰਸਾ' ਨੂੰ ਭਾਂਜ ਦੇਣ ਅਤੇ 'ਮਹਿਲਾਵਾਂ, ਦਲਿਤਾਂ, ਕਬਾਇਲੀਆਂ ਤੇ ਕਸ਼ਮੀਰੀ ਪੰਡਿਤਾਂ ਖਿਲਾਫ਼ ਵਧਦੇ ਅਪਰਾਧਾਂ ਖ਼ਿਲਾਫ਼ ਇਕੱਠੀਆਂ ਹੋਈਆਂ ਹਨ। ਉਨ੍ਹਾਂ ਮਨੀਪੁਰ ਨੂੰ 'ਤਬਾਹ' ਕਰਨ ਵਾਲੀ 'ਮਨੁੱਖੀ ਤ੍ਰਾਸਦੀ' ਉੱਤੇ ਵੀ ਵੱਡੀ ਫ਼ਿਕਰ ਜ਼ਾਹਿਰ ਕੀਤੀ। ਵਿਰੋਧੀ ਧਿਰਾਂ ਨੇ ਮਤੇ ਵਿੱਚ ਕਿਹਾ, ''ਸਾਡੇ ਰਾਜ ਪ੍ਰਬੰਧ ਦੇ ਸੰਘੀ ਢਾਂਚੇ ਨੂੰ ਕਮਜ਼ੋਰ ਕਰਨ ਲਈ ਗਿਣਮਿੱਥ ਕੇ ਸਾਜ਼ਿਸ਼ਾਂ ਕੀਤੀਆਂ ਜਾ ਰਹੀਆਂ ਹਨ। ਗੈਰ-ਭਾਜਪਾ ਸ਼ਾਸਿਤ ਰਾਜਾਂ ਵਿੱਚ ਰਾਜਪਾਲਾਂ ਤੇ ਉਪ ਰਾਜਪਾਲਾਂ ਦੀ ਭੂਮਿਕਾ ਸਾਰੇ ਸੰਵਿਧਾਨਕ ਨੇਮਾਂ ਨੂੰ ਉਲੰਘ ਗਈ ਹੈ।'' ਵਿਰੋਧੀ ਧਿਰਾਂ ਨੇ ਕਿਹਾ ਕਿ ਜਮਹੂਰੀਅਤ ਨੂੰ ਕਮਜ਼ੋਰ ਕਰਨ ਲਈ ਭਾਜਪਾ ਸਰਕਾਰ ਸਿਆਸੀ ਵਿਰੋਧੀਆਂ ਖ਼ਿਲਾਫ਼ ਏਜੰਸੀਆਂ ਦੀ 'ਬੜੀ ਬੇਸ਼ਰਮੀ ਨਾਲ ਦੁਰਵਰਤੋਂ' ਕਰ ਰਹੀ ਹੈ।

### ਲੜਾਈ ਭਾਜਪਾ ਦੀ ਵਿਚਾਰਧਾਰਾ ਤੇ ਸੋਚ ਖ਼ਿਲਾਫ਼: ਰਾਹੁਲ

ਸਾਬਕਾ ਕਾਂਗਰਸ ਪ੍ਰਧਾਨ ਰਾਹੁਲ ਗਾਂਧੀ ਨੇ ਹੋਰਨਾਂ ਆਗੂਆਂ ਨਾਲ ਸਾਂਝੀ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਕਿਹਾ ਕਿ ਉਨ੍ਹਾਂ ਇਕ ਕਾਰਜ ਯੋਜਨਾ ਤਿਆਰ ਕਰਨ ਦਾ ਫੈਸਲਾ ਕੀਤਾ ਹੈ, ਜਿੱਥੇ ਉਹ ਆਪਣੀ ਵਿਚਾਰਧਾਰਾ ਤੇ ਪ੍ਰੋਗਰਾਮਾਂ ਬਾਰੇ ਗੱਲ ਕਰਨਗੇ।

ਗਾਂਧੀ ਨੇ ਕਿਹਾ, ''ਇਹ ਲੜਾਈ ਭਾਜਪਾ ਦੀ ਵਿਚਾਰਧਾਰਾ ਤੇ ਉਨ੍ਹਾਂ ਦੀ ਸੋਚ ਖ਼ਿਲਾਫ਼ ਹੈ, ਉਹ ਦੇਸ਼ 'ਤੇ ਹਮਲਾ ਕਰ ਰਹੇ ਹਨ, ਲੋਕਾਂ ਵੱਧ ਬੇਰੁਜ਼ਗਾਰੀ ਹੈ, ਅਤੇ ਕਰੋੜਾਂ ਲੋਕਾਂ ਤੋਂ ਦੇਸ਼ ਦੀ ਦੌਲਤ ਖੋਹ ਕੇ ਭਾਜਪਾ ਤੇ ਪ੍ਰਧਾਨ ਮੰਤਰੀ ਦੇ ਕੁਝ ਦੋਸਤਾਂ ਨੂੰ ਦਿੱਤੀ ਜਾ ਰਹੀ ਹੈ।'' ਸਾਬਕਾ ਕਾਂਗਰਸ ਪ੍ਰਧਾਨ ਨੇ ਕਿਹਾ, ''ਅਸੀਂ ਸੰਵਿਧਾਨ, ਭਾਰਤੀਆਂ ਦੀ ਆਵਾਜ਼ ਤੇ ਭਾਰਤ ਦੀ ਵਿਚਾਰਧਾਰਾ ਨੂੰ ਬਚਾਅ ਰਹੇ ਹਾਂ....ਇਹ ਲੜਾਈ ਇੰਡੀਆ ਬਨਾਮ ਭਾਜਪਾ ਹੈ, ਇਹ ਲੜਾਈ ਇੰਡੀਆ ਬਨਾਮ ਨਰਿੰਦਰ ਮੋਦੀ ਹੈ।''

### ਕੋਈ ਵਿਕਾਸ ਨਹੀਂ ਹੋਇਆ: ਕੇਜਰੀਵਾਲ ਕੀ ਤੁਸੀਂ ਇੰਡੀਆ ਨੂੰ ਚੁਣੌਤੀ ਦੇ ਸਕਦੇ ਹੋ?

ਪੱਛਮੀ ਬੰਗਾਲ ਦੀ ਮੁੱਖ ਮੰਤਰੀ ਮਮਤਾ ਬੈਨਰਜੀ ਨੇ ਪ੍ਰੈਸ ਕਾਨਫਰੰਸ ਦੌਰਾਨ ਸਾਰੇ ਆਗੂਆਂ ਦੀ ਹਾਜ਼ਰੀ ਵਿਚ ਰਾਹੁਲ ਗਾਂਧੀ ਨੂੰ 'ਸਾਡਾ ਫੇਵਰਿਟ' (ਮਨਪਸੰਦ) ਕਿਹਾ। ਗੱਠਜੋੜ ਦੇ ਨਵੇਂ ਨਾਂ 'ਇੰਡੀਆ' ਦੇ ਹਵਾਲੇ ਨਾਲ ਬੈਨਰਜੀ ਨੇ ਕਿਹਾ, ''ਭਾਜਪਾ, ਕੀ ਤੁਸੀਂ ਇੰਡੀਆ ਨੂੰ ਚੁਣੌਤੀ ਦੇ ਸਕਦੇ ਹੋ? ਅਸੀਂ ਆਪਣੀ ਧਰਤੀ ਮਾਂ ਨੂੰ ਪਿਆਰ ਕਰਦੇ ਹਾਂ, ਅਸੀਂ ਮੁਲਕ ਦੇ ਦੇਸ਼ ਭਗਤ ਲੋਕ ਹਾਂ, ਅਸੀਂ ਕਿਸਾਨਾਂ, ਦਲਿਤਾਂ ਲਈ ਹਾਂ, ਅਸੀਂ ਦੇਸ਼ ਲਈ ਹਾਂ, ਵਿਸ਼ਵ ਲਈ ਹਾਂ।'' ਮੁੱਖ ਮੰਤਰੀ ਨੇ ਕਿਹਾ ਕਿ ਕੇਂਦਰੀ ਨਿਜ਼ਾਮ ਨੂੰ ਅੱਜ ਸਰਕਾਰਾਂ ਵੇਚਣ ਤੇ ਖਰੀਦਣ ਦਾ ਇਕੋ ਕੰਮ ਹੈ।'' ਬੈਨਰਜੀ ਨੇ ਕਿਹਾ, ''ਇੰਡੀਆ ਜਿੱਤੇਗਾ, ਸਾਡਾ ਦੇਸ਼ ਜਿੱਤੇਗਾ ਤੇ ਭਾਜਪਾ ਹਾਰੇਗੀ।'' ਉਨ੍ਹਾਂ ਕਿਹਾ ਕਿ ਵਿਰੋਧੀ ਧਿਰਾਂ ਦੇ ਗੱਠਜੋੜ ਨੇ ਸੱਤਾਧਾਰੀ ਗੱਠਜੋੜ 'ਤੇ ਧਾਰਾ 420 ਆਇਦ ਕੀਤੀ ਹੈ।

# ਮੋਦੀ ਦੀ ਅਗਵਾਈ ਵਿੱਚ 38 ਪਾਰਟੀਆਂ ਇਕ ਮੰਚ 'ਤੇ

(ਸਫਾ 1 ਦੀ ਬਾਕੀ)

ਜਿਸ ਨੇ ਦੇਸ਼ ਦੀ ਤਰੱਕੀ ਨੂੰ ਰਫ਼ਤਾਰ ਦਿੱਤੀ ਤੇ ਖੇਤਰੀ ਖਾਹਿਸ਼ਾਂ ਨੂੰ ਪੂਰਾ ਕੀਤਾ। ਪ੍ਰਧਾਨ ਮੰਤਰੀ ਨੇ ਕਿਹਾ, ''ਐਨਡੀਏ ਖੇਤਰੀ ਖਾਹਿਸ਼ਾਂ ਦਾ ਖ਼ੂਬਸੂਰਤ ਇੰਦਰਧਨੁਸ਼ ਹੈ...ਰਾਸ਼ਟਰ ਦਾ ਵਿਕਾਸ ਰਾਜਾਂ ਦੇ ਵਿਕਾਸ ਦੀ ਹੋ ਕੇ ਲੰਘਦਾ ਹੈ...ਹੁਣ ਜਦੋਂ ਅਸੀਂ ਵਿਕਸਤ ਭਾਰਤ ਲਈ ਕੰਮ ਕਰ ਰਹੇ ਹਾਂ, ਐਨਡੀਏ ਨੇ 'ਸਬਕਾ ਪ੍ਰਯਾਸ' ਦੇ ਜੋਸ਼ ਦਾ ਮੂਹਰੇ ਹੋ ਕੇ ਮੁਜ਼ਾਹਰਾ ਕੀਤਾ ਹੈ।'' ਸ੍ਰੀ ਮੋਦੀ ਨੇ ਕਿਹਾ ਕਿ ਦੇਸ਼ ਵਿੱਚ ਸਿਆਸੀ ਗੱਠਜੋੜਾਂ ਦੀ ਲੰਮੇ ਸਮੇਂ ਤੋਂ ਰਵਾਇਤ ਰਹੀ ਹੈ, ਪਰ ਜਿਹੜਾ ਵੀ ਗੱਠਜੋੜ ਨਕਾਰਾਤਮਕਤਾ 'ਤੇ ਅਧਾਰਿਤ ਰਿਹਾ, ਉਹ ਕਦੇ ਸਫ਼ਲ ਨਹੀਂ ਹੋਇਆ। ਪ੍ਰਧਾਨ ਮੰਤਰੀ ਨੇ ਕਿਹਾ, ''1990ਵਿਆਂ ਵਿੱਚ ਕਾਂਗਰਸ ਨੇ ਦੇਸ਼ ਵਿੱਚ ਅਸਥਿਰਤਾ ਲਿਆਉਣ ਲਈ ਗੱਠਜੋੜਾਂ ਦੀ ਵਰਤੋਂ ਕੀਤੀ। ਉਨ੍ਹਾਂ ਸਰਕਾਰਾਂ ਬਣਾਈਆਂ ਤੇ ਸਰਕਾਰਾਂ ਡੇਗੀਆਂ। ਇਸ ਅਰਸੇ ਦੌਰਾਨ 1998 ਵਿੱਚ ਐਨਡੀਏ ਦਾ ਗਠਨ ਹੋਇਆ...ਇਹ ਕਿਸੇ ਦੇ ਖ਼ਿਲਾਫ਼ ਨਹੀਂ ਸੀ ਤੇ ਨਾ ਹੀ ਕਿਸੇ ਨੂੰ ਸੱਤਾ ਤੋਂ ਲਾਂਭੇ ਕਰਨ ਲਈ ਸੀ, ਪਰ ਇਹ ਦੇਸ਼ ਵਿੱਚ ਸਥਿਰਤਾ ਲਿਆਉਣ ਲਈ ਬਣਾਇਆ ਗਿਆ ਸੀ।'' ਸ੍ਰੀ ਮੋਦੀ ਨੇ ਕਿਹਾ ਕਿ ਕਈ ਵਿਰੋਧੀ ਸਰਕਾਰਾਂ ਆਪਣੇ ਰਾਜਾਂ ਵਿੱਚ ਕੇਂਦਰੀ ਸਕੀਮਾਂ ਨੂੰ ਲਾਗੂ ਕਰਨ ਦੀ ਇਜਾਜ਼ਤ ਨਹੀਂ ਦਿੰਦੀਆਂ, ਅਤੇ ਜੇਕਰ ਲਾਗੂ ਹੋ ਵੀ ਗਈਆਂ ਤਾਂ ਉਨ੍ਹਾਂ ਨੂੰ ਰਫ਼ਤਾਰ ਫੜਨ ਦੀ ਖੁੱਲ੍ਹ ਨਹੀਂ ਮਿਲਦੀ। ਉਨ੍ਹਾਂ ਕਿਹਾ, ''ਜਦੋਂ ਸੱਤਾ ਦੀ ਮਜਬੂਰੀ ਕਰਕੇ ਕੋਈ ਗੱਠਜੋੜ ਬਣਦਾ ਹੈ, ਜਦੋਂ ਭ੍ਰਿਸ਼ਟਾਚਾਰ ਦੇ ਇਰਾਦੇ ਨਾਲ ਗੱਠਜੋੜ ਬਣਦਾ ਹੈ, ਜਦੋਂ ਕੋਈ ਗੱਠਜੋੜ ਪਰਿਵਾਰਵਾਦ ਦੀ ਸਿਆਸਤ 'ਤੇ ਅਧਾਰਿਤ ਹੋਵੇ, ਜਦੋਂ ਜਾਤੀਵਾਦ ਤੇ ਖੇਤਰਵਾਦ ਨੂੰ ਜ਼ਿਹਨ ਵਿੱਚ ਰੱਖ ਕੇ ਗੱਠਜੋੜ ਕਾਇਮ ਕੀਤਾ ਜਾਵੇ, ਤਾਂ ਇਹ ਗੱਠਜੋੜ ਦੇਸ਼ ਲਈ ਬਹੁਤ ਨੁਕਸਾਨਦੇਹ ਹੁੰਦਾ ਹੈ।''

ਐਨਡੀਏ ਦੀ ਮੀਟਿੰਗ ਵਿੱਚ 38 ਪਾਰਟੀਆਂ ਦੇ ਆਗੂ ਸ਼ਾਮਲ ਹੋਏ। ਭਾਜਪਾ ਪ੍ਰਧਾਨ ਜੇ.ਪੀ.ਨੱਡਾ, ਸ਼ਿਵ ਸੈਨਾ ਆਗੂ ਤੇ ਮਹਾਰਾਸ਼ਟਰ ਦੇ ਮੁੱਖ ਮੰਤਰੀ ਏਕਨਾਥ ਸ਼ਿੰਦੇ, ਤਾਮਿਲ ਨਾਡੂ ਦੇ ਸਾਬਕਾ ਮੁੱਖ ਮੰਤਰੀ ਤੇ ਅੰਨਾ ਡੀਐੱਮਕੇ ਆਗੂ ਕੇ.ਪਲਾਨੀਸਵਾਮੀ ਨਾਗਾਲੈਂਡ ਦੇ ਮੁੱਖ ਮੰਤਰੀ ਨੇਫਿਊ ਰੀਓ, ਬਿਹਾਰ ਦੇ ਸਾਬਕਾ ਮੁੱਖ ਮੰਤਰੀ ਤੇ ਹਿੰਦੁਸਤਾਨੀ ਅਵਾਮ ਮੋਰਚਾ ਦੇ ਆਗੂ ਜੀਤਨ ਰਾਮ ਮਾਂਝੀ ਨੇ ਪ੍ਰਧਾਨ ਮੰਤਰੀ ਮੋਦੀ ਦਾ ਐਨਡੀਏ ਬੈਠਕ ਵਿੱਚ ਸਵਾਗਤ ਕੀਤਾ। ਸ੍ਰੀ ਮੋਦੀ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੇ ਆਗੂ ਚਿਰਾਗ ਪਾਸਵਾਨ ਨੂੰ ਜੱਫੀ ਪਾ ਕੇ ਮਿਲੇ। ਪਾਸਵਾਨ ਨੇ ਸ੍ਰੀ ਮੋਦੀ ਦੇ ਪੈਰੀਂ ਹੱਥ ਲਾ ਕੇ ਅਸ਼ੀਰਵਾਦ ਲਿਆ। ਇਸ ਤੋਂ ਪਹਿਲਾਂ ਅੱਜ ਦਿਨੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਭਾਜਪਾ ਦੀ ਅਗਵਾਈ ਵਾਲੇ ਕੌਮੀ ਜਮਹੂਰੀ ਗੱਠਜੋੜ (ਐਨਡੀਏ) ਨੂੰ ਹੰਢਿਆ ਵਰਤਿਆ ਗੱਠਜੋੜ ਕਰਾਰ ਦਿੰਦਿਆਂ ਕਿਹਾ ਕਿ 38 ਪਾਰਟੀਆਂ ਦਾ ਇਹ ਸਮੂਹ ਦੇਸ਼ ਦੀ ਤਰੱਕੀ ਤੇ ਖੇਤਰੀ ਖਾਹਿਸ਼ਾਂ ਨੂੰ ਪੂਰਾ ਕਰਨ ਦੀ ਇੱਛਾਸ਼ਕਤੀ ਰੱਖਦਾ ਹੈ। ਸ੍ਰੀ ਮੋਦੀ ਨੇ ਕਿਹਾ ਕਿ ਐਨਡੀਏ ਭਾਈਵਾਲਾਂ ਦਾ ਇਕਜੁੱਟ ਹੋਣਾ 'ਵੱਡੀ ਖ਼ੁਸ਼ੀ' ਦਾ ਵਿਸ਼ਾ ਹੈ। ਕੇਂਦਰੀ ਮੰਤਰੀ ਪ੍ਰਹਿਲਾਦ ਜੋਸ਼ੀ ਤੇ ਭਾਜਪਾ ਦੇ ਜਨਰਲ ਸਕੱਤਰ ਵਿਨੋਦ ਤਾਵੜੇ ਨੇ ਮੀਟਿੰਗ ਵਿਚ ਪੁੱਜੇ ਭਾਜਪਾ ਸਣੇ ਹੋਰਨਾਂ ਭਾਈਵਾਲਾਂ ਨੂੰ ਜੀ ਆਇਆਂ ਆਖਿਆ। ਮੋਦੀ ਸਰਕਾਰ ਦੇ ਦੂਜੇ ਕਾਰਜਕਾਲ ਵਿੱਚ ਕੌਮੀ ਜਮਹੂਰੀ ਗੱਠਜੋੜ ਦੀ ਇਹ ਪਹਿਲੀ ਅਜਿਹੀ ਮੀਟਿੰਗ ਹੈ।

### 'ਸਥਿਰ ਸਰਕਾਰ ਕਰਕੇ ਦੇਸ਼ ਦੀ ਦਿਸ਼ਾ ਬਦਲਣ ਵਾਲੇ ਫੈਸਲੇ ਲਏ'

ਪ੍ਰਧਾਨ ਮੰਤਰੀ ਨੇ ਜ਼ੋਰ ਦੇ ਕੇ ਆਖਿਆ ਕਿ ਜਦੋਂ ਸਥਿਰ ਸਰਕਾਰ ਹੁੰਦੀ ਹੈ, ਦੇਸ਼ ਦੀ ਦਿਸ਼ਾ ਬਦਲਣ ਵਾਲੇ ਫੈਸਲੇ ਲਏ ਜਾਂਦੇ ਹਨ। ਉਨ੍ਹਾਂ ਕਿਹਾ, ''ਅਸੀਂ ਅਟਲ (ਬਿਹਾਰੀ ਵਾਜਪਾਈ) ਜੀ ਦੇ ਕਾਰਜਕਾਲ ਦੌਰਾਨ ਇਹ ਦੇਖਿਆ ਹੈ ਤੇ ਅਸੀਂ ਪਿਛਲੇ ਨੌਂ ਸਾਲਾਂ ਵਿੱਚ ਇਸ ਨੂੰ ਦੇਖ ਰਹੇ ਹਾਂ।

ਸਥਿਰ ਸਰਕਾਰ ਕਰਕੇ ਕੁੱਲ ਆਲਮ ਦਾ ਭਾਰਤ ਵਿੱਚ ਵਿਸ਼ਵਾਸ ਵਧਿਆ ਹੈ।''ਪ੍ਰਧਾਨ ਮੰਤਰੀ ਨੇ ਕਿਹਾ, ''ਜਦੋਂ ਅਸੀਂ ਵਿਰੋਧੀ ਧਿਰ ਵਿਚ ਵੀ ਸੀ, ਅਸੀਂ ਉਸਾਰੂ ਸਿਆਸਤ ਕੀਤੀ ਤੇ ਨਕਾਰਾਤਮਕ ਸਿਆਸਤ ਵਿੱਚ ਨਹੀਂ ਪਏ। ਅਸੀਂ ਸਰਕਾਰ ਦਾ ਵਿਰੋਧ ਕੀਤਾ ਤੇ ਉਨ੍ਹਾਂ ਦੇ ਘੁਟਾਲੇ ਸਾਹਮਣੇ ਲਿਆਂਦੇ, ਪਰ ਅਸੀਂ ਕਦੇ ਉਨ੍ਹਾਂ ਨੂੰ ਮਿਲੇ ਫ਼ਤਵੇ ਦਾ ਨਿਰਾਦਰ ਨਹੀਂ ਕੀਤਾ। ਸਰਕਾਰਾਂ ਦਾ ਵਿਰੋਧ ਕਰਨ ਲਈ ਕਦੇ ਵਿਦੇਸ਼ੀ ਮੁਲਕਾਂ ਤੋਂ ਮਦਦ ਨਹੀਂ ਮੰਗੀ।'' ਉਨ੍ਹਾਂ ਕਿਹਾ ਕਿ ਐਨਡੀਏ ਨੇ ਵਿਰੋਧੀ ਧਿਰ ਵਿੱਚ ਰਹਿੰਦੇ ਹੋਏ ਕਦੇ ਵੀ ਦੇਸ਼ ਦੇ ਵਿਕਾਸ ਵਿੱਚ ਅੜਿੱਕੇ ਨਹੀਂ ਡਾਹੇ।

# ਹਾਲੇ ਵੀ ਪੰਜਾਬ 'ਤੇ ਮੰਡਰਾ ਰਿਹਾ ਹੈ ਹੜ੍ਹਾਂ ਦਾ ਖਤਰਾ

**ਫਿਰੋਜ਼ਪੁਰ (ਬਿਊਰੋ)-** ਪਹਾੜੀ ਖੇਤਰਾਂ ਵਿੱਚ ਹੋ ਰਹੀ ਲਗਾਤਾਰ ਭਾਰੀ ਬਾਰਿਸ਼ ਕਾਰਨ ਦਰਿਆਵਾਂ ਅਤੇ ਨਾਲਿਆਂ ਵਿੱਚ ਪਾਣੀ ਦਾ ਪੱਧਰ ਵੱਧ ਗਿਆ ਹੈ। ਜਿਸ ਤਹਿਤ ਬੁੱਧਵਾਰ ਸਵੇਰੇ ਇੱਕ ਵਾਰ ਫਿਰ ਉਜ ਦਰਿਆ ਵਿੱਚ ਅੱਜ 171797 ਕਿਊਸਿਕ ਪਾਣੀ ਛੱਡਿਆ ਗਿਆ ਹੈ। ਉਜ ਤੇ ਰਾਵੀ ਦਰਿਆ ਵਿੱਚ ਛੱਡੇ ਗਏ ਪਾਣੀ ਸਬੰਧੀ ਡਰੇਨ ਵਿਭਾਗ ਦੇ ਐਕਸੀਅਨ ਦਿਲਪ੍ਰੀਤ ਸਿੰਘ ਨੇ ਦੱਸਿਆ ਕਿ ਸਾਰੇ ਗੇਟ ਖੋਲ ਦਿੱਤੇ ਗਏ ਹਨ ਅਤੇ ਅੱਠ ਵਜੇ ਦੇ ਕਰੀਬ ਮਕੌੜਾ ਪੱਤਣ ਤੇ ਢਾਈ ਲੱਖ ਤੋਂ ਵੱਧ ਕਿਊਸਿਕ ਪਾਣੀ ਮਾਪਿਆ ਗਿਆ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਤੇ ਡਰੇਨ ਪੂਰੀ ਤਰ੍ਹਾਂ ਚੌਕਸ ਹੈ। ਡਿਪਟੀ ਕਮਿਸ਼ਨਰ ਨੇ ਦਰਿਆ ਉਜ ਅਤੇ ਰਾਵੀ ਦੇ ਨੇੜੇ ਰਹਿੰਦੀ ਵਸੋਂ ਨੂੰ ਸਾਵਧਾਨ ਕਰਦਿਆਂ ਕਿਹਾ ਹੈ ਕਿ ਉਹ ਉਜ ਤੇ ਰਾਵੀ ਦਰਿਆ ਦੇ ਹੜ੍ਹ ਪ੍ਰਭਾਵਤ ਖੇਤਰਾਂ ਤੋਂ ਦੂਰ ਰਹਿਣ ਅਤੇ ਨਾਲ ਹੀ ਆਪਣੇ ਜਾਨਵਰਾਂ ਆਦਿ ਨੂੰ ਸੁਰੱਖਿਅਤ ਥਾਵਾਂ 'ਤੇ ਲੈ ਜਾਣ। ਉਨ੍ਹਾਂ ਕਿਹਾ ਕਿ ਕਿਸੇ ਵੀ ਹੜ੍ਹ ਵਰਗੀ ਸਥਿਤੀ ਦੀ ਜਾਣਕਾਰੀ ਜ਼ਿਲ੍ਹਾ ਪ੍ਰਸ਼ਾਸਨ ਦੇ ਕੰਟਰੋਲ ਰੂਮ ਦੇ ਟੋਲ ਫਰੀ ਨੰਬਰ 1800-180-1852 ਜਾਂ ਫਲੱਡ ਕੰਟਰੋਲ ਰੂਮ ਦੇ ਨੰਬਰ 01874-266376 ਉਪਰ ਦਿੱਤੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਪ੍ਰਸ਼ਾਸਨ ਹੜ੍ਹ ਵਰਗੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰਾਂ ਤਿਆਰ ਹੈ।

### 45 ਸਾਲ ਬਾਅਦ ਤਾਜਮਹਿਲ ਦੀ ਦੀਵਾਰ ਤਕ ਪੁੱਜਾ ਯਮੁਨਾ ਦਾ ਪਾਣੀ

ਉੱਤਰ ਪ੍ਰਦੇਸ਼ ਦੇ ਵਧੇਰੇ ਜ਼ਿਲ੍ਹਿਆਂ 'ਚ ਬੱਦਲਾਂ ਦੀ ਮੌਜੂਦਗੀ ਤਾਂ ਰਹੀ ਪਰ ਮੀਂਹ ਦੀਆਂ ਸੰਭਾਵਨਾਵਾਂ ਸੁੱਕੀਆਂ ਹੀ ਰਹੀਆਂ। ਕੁਝ ਜ਼ਿਲ੍ਹਿਆਂ 'ਚ ਹੀ ਹਲਕੀ ਬੂੰਦਾ-ਬਾਂਦੀ ਹੋਈ। ਇਸ ਵਿਚਾਲੇ ਨਦੀਆਂ ਦੇ ਪਾਣੀ ਦਾ ਪੱਧਰ ਵਧਣਾ-ਘਟਣਾ ਜਾਰੀ ਹੈ। ਆਗਰਾ 'ਚ ਯਮੁਨਾ ਨਦੀ ਨੇ ਐਤਵਾਰ ਨੂੰ ਸਵੇਰੇ ਖ਼ਤਰੇ ਦਾ ਨਿਸ਼ਾਨ ਪਾਰ ਕਰ ਲਿਆ। 45 ਸਾਲ ਬਾਅਦ ਯਮੁਨਾ ਦੇ ਪਾਣੀ ਨੇ ਤਾਜਮਹਿਲ ਦੀ ਦੀਵਾਰ ਨੂੰ ਛੂਹਿਆ ਹੈ। ਦੱਖਣੀ ਕੰਢੇ 'ਤੇ ਪਾਣੀ ਐਤਮਾਧੌਲਾ ਦੀ ਯਮੁਨਾ ਦੇ ਕੰਢੇ 'ਤੇ ਸਥਿਤ ਕੋਠਰੀਆਂ 'ਚ ਇਕ ਤੋਂ ਡੇਢ ਫੁੱਟ ਉਚਾਈ ਤੱਕ ਭਰ ਗਿਆ ਹੈ।

# 13.74 ਕਰੋੜ ਰੁਪਏ ਦੀ ਲਾਗਤ ਨਾਲ ਪੂਰਾ ਹੋਵੇਗਾ ਜਲੰਧਰ-ਆਦਮਪੁਰ-ਹੁਸ਼ਿਆਰਪੁਰ ਸੜਕ ਦਾ ਨਿਰਮਾਣ ਕਾਰਜ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਕੈਬਨਿਟ ਮੰਤਰੀ ਬ੍ਰਹਮ ਸ਼ੰਕਰ ਜਿੰਪਾ ਨੇ ਅੱਜ ਪਿੰਡ ਅਡਵਾਲ ਵਿਖੇ ਹੁਸ਼ਿਆਰਪੁਰ-ਚਿੰਤਪੂਰਨੀ ਸੜਕ ਦੇ ਨਿਰਮਾਣ ਕਾਰਜ ਦੀ ਪ੍ਰਗਤੀ ਦਾ ਜਾਇਜ਼ਾ ਲੈਂਦਿਆਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੁਸ਼ਿਆਰਪੁਰ ਸ਼ਹਿਰ ਤੋਂ ਚੌਹਾਲ ਤੱਕ ਸੜਕ ਨੂੰ ਮਾਤਾ ਚਿੰਤਪੁਰਨੀ ਮੇਲੇ ਦੀ ਸ਼ੁਰੂਆਤ ਤੋਂ ਪਹਿਲਾਂ ਤਿਆਰ ਕਰ ਲਿਆ ਜਾਵੇ। ਉਨ੍ਹਾਂ ਕਿਹਾ ਕਿ ਮੇਲੇ ਦੌਰਾਨ ਸ਼ਰਧਾਲੂਆਂ ਨੂੰ ਕਿਸੇ ਕਿਸਮ ਦੀ ਦਿੱਕਤ ਨਹੀਂ ਆਉਣ ਦਿੱਤੀ ਜਾਵੇਗੀ।



ਉਨ੍ਹਾਂ ਲੋਕ ਨਿਰਮਾਣ ਵਿਭਾਗ ਦੇ ਅਧਿਕਾਰੀਆਂ ਨੂੰ ਹਦਾਇਤ ਕੀਤੀ ਕਿ ਹੁਸ਼ਿਆਰਪੁਰ-ਚਿੰਤਪੂਰਨੀ ਸੜਕ ਦੇ ਨਿਰਮਾਣ ਕਾਰਜ ਵਿੱਚ ਤੇਜ਼ੀ ਲਿਆਂਦੀ ਜਾਵੇ। ਇਸ ਦੌਰਾਨ ਉਨ੍ਹਾਂ ਸੜਕ ਨਿਰਮਾਣ ਦੇ ਕੰਮ ਦੀ ਗੁਣਵੱਤਾ ਦਾ ਵੀ ਨਿਰੀਖਣ ਕੀਤਾ ਅਤੇ ਤਸੱਲੀ ਪ੍ਰਗਟਾਈ। ਉਨ੍ਹਾਂ ਅਧਿਕਾਰੀਆਂ ਨੂੰ ਹਦਾਇਤ ਕਰਦਿਆਂ ਕਿਹਾ ਕਿ ਸੜਕ ਨਿਰਮਾਣ ਦੇ ਕੰਮ ਵਿੱਚ ਗੁਣਵੱਤਾ ਨਾਲ ਕੋਈ ਸਮਝੌਤਾ ਬਰਦਾਸ਼ਤ ਨਹੀਂ ਕੀਤਾ ਜਾਵੇਗਾ। ਇਸ ਮੌਕੇ ਐਸ.ਡੀ.ਓ. ਲੋਕ ਨਿਰਮਾਣ ਵਿਭਾਗ ਗੁਰਮੀਤ ਸਿੰਘ ਵੀ ਹਾਜ਼ਰ ਸਨ। ਕੈਬਨਿਟ ਮੰਤਰੀ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਨੇ ਨਾ ਸਿਰਫ ਸੜਕ ਦੇ ਨਿਰਮਾਣ ਲਈ ਆਪਣੀ ਵਚਨਬੱਧਤਾ ਨੂੰ ਦੁਹਰਾਇਆ ਹੈ, ਸਗੋਂ ਸਾਰੀਆਂ ਮੁਸ਼ਕਲਾਂ ਨੂੰ ਦੂਰ ਕਰਕੇ ਇਸ ਦੇ ਨਿਰਮਾਣ ਦਾ ਕੰਮ ਵੀ ਸ਼ੁਰੂ ਕਰ ਦਿੱਤਾ ਹੈ।

ਉਨ੍ਹਾਂ ਕਿਹਾ ਕਿ 17 ਮਈ ਨੂੰ ਲੋਕਾਂ ਨੂੰ ਵੱਡੀ ਰਾਹਤ ਦਿੰਦਿਆਂ ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਨੇ 13.74 ਕਰੋੜ ਰੁਪਏ ਦੀ ਲਾਗਤ ਨਾਲ ਆਦਮਪੁਰ ਤੋਂ ਜਲੰਧਰ-ਆਦਮਪੁਰ-ਹੁਸ਼ਿਆਰਪੁਰ ਸੜਕ ਦੇ ਨਿਰਮਾਣ ਕਾਰਜ ਦੀ ਸ਼ੁਰੂਆਤ ਕਰਵਾਈ।

ਉਨ੍ਹਾਂ ਕਿਹਾ ਕਿ ਲੋਕਾਂ ਦੀਆਂ ਸਮੱਸਿਆਵਾਂ ਨੂੰ ਹੱਲ ਕਰਨਾ ਸਾਡੀ ਤਰਜੀਹ ਹੈ। ਉਨ੍ਹਾਂ ਕਿਹਾ ਕਿ ਇਸ ਸੜਕ ਦੇ ਬਣਨ ਨਾਲ ਜਲੰਧਰ ਸ਼ਹਿਰ ਤੋਂ ਹੁਸ਼ਿਆਰਪੁਰ ਜਾਣ ਵਾਲੇ ਅਤੇ ਮਾਤਾ ਚਿੰਤਪੁਰਨੀ ਦੇ ਪਵਿੱਤਰ ਅਸਥਾਨ ਅਤੇ ਹੋਰ ਸਥਾਨਾਂ ਦੇ ਦਰਸ਼ਨਾਂ ਲਈ ਜਾਣ ਵਾਲੇ ਲੋਕਾਂ ਨੂੰ ਵੱਡੀ ਸਹੂਲਤ ਮਿਲੇਗੀ।

# ਹੜ੍ਹ

ਬਲਜਿੰਦਰ ਕੌਰ ਸ਼ੇਰਗਿੱਲ
91-98785-19278

ਕੁਦਰਤ ਦਾ ਖੌਫ਼ਨਾਕ ਸੀ ਮੰਜ਼ਰ,  
ਬਾਰਿਸ਼ ਵਿਚ ਰੁੜ ਗਏ ਸੀ ਡੰਗਰ।

ਨਦੀਆਂ 'ਚ ਪਾੜ ਪੈ ਗਏ ਸੀ ਭਾਰੀ,  
ਹੜ੍ਹ ਕਾਰਨ ਅਲਰਟ ਹੋ ਗਏ ਸੀ ਜਾਰੀ।

ਪਿੰਡਾਂ ਦਾ ਨਾ ਕੋਈ ਸੀ ਹਾਣੀ।  
ਹਸਪਤਾਲਾਂ 'ਚ ਭਰ ਗਿਆ ਸੀ ਪਾਣੀ,

ਪੁੱਲ ਸੀ ਬਣਾਏ ਕਰੋੜਾਂ ਦੀ ਲਾਗਤ,  
ਢਹਿ ਢੇਰੀ ਹੋ ਕੇ ਬਣ ਗਏ ਸੀ ਆਫ਼ਤ।

ਧੱਸੀਆ ਸੜਕਾਂ, ਘਰ ਢਹਿ ਗਏ,  
ਤੀਲੀਆਂ ਵਾਂਗ ਰੁੱਖ ਵਹਿ ਗਏ।

ਮੁਨੱਖ ਨਾ ਚੜ੍ਹਜੇ ਪਾਣੀ ਦੀ ਲਪੇਟ।  
ਖੋਲ੍ਹ ਦਿੱਤੇ ਡੈਮ ਦੇ ਫਲੱਡ ਗੇਟ।

ਸੰਕਟ 'ਚ ''ਬਲਜਿੰਦਰ'' ਦੁਨੀਆਂ ਹਾਲੇ,  
ਸਕੂਲਾਂ ਨੂੰ ਲਾ ਦਿੱਤੇ ਸੀ ਤਾਲੇ।



# ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਵੱਲੋਂ ਮੂਨਕ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਰਾਹਤ ਕਾਰਜਾਂ ਦਾ ਜਾਇਜ਼ਾ

**ਮੂਨਕ/ਸੰਗਰੂਰ, (ਦਲਜੀਤ ਕੌਰ)** ਮੁੱਖ ਮੰਤਰੀ ਪੰਜਾਬ ਭਗਵੰਤ ਮਾਨ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਅੱਜ ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਅਤੇ ਅਮਨ ਅਰੋੜਾ ਵੱਲੋਂ ਵਿਧਾਇਕ ਬਰਿੰਦਰ ਗੋਇਲ ਸਮੇਤ ਮੂਨਕ ਦੇ ਹੜ੍ਹ ਪ੍ਰਭਾਵਿਤ ਇਲਾਕਿਆਂ ਦਾ ਦੌਰਾ ਕਰਦਿਆਂ ਜ਼ਿਲ੍ਹਾ ਪ੍ਰਸ਼ਾਸਨ ਵੱਲੋਂ ਚਲਾਏ ਜਾ ਰਹੇ ਰਾਹਤ ਕਾਰਜਾਂ ਤੇ ਸੰਤੁਸ਼ਟੀ ਦਾ ਪ੍ਰਗਟਾਵਾ ਕੀਤਾ।

ਕੈਬਨਿਟ ਮੰਤਰੀ ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਮੁੱਖ ਮੰਤਰੀ ਖੁਦ ਪ੍ਰਭਾਵਿਤ ਇਲਾਕਿਆਂ ਦੀ ਸਥਿਤੀ ਅਤੇ ਰਾਹਤ ਕਾਰਜਾਂ ਬਾਰੇ ਪਲ ਪਲ ਦੀ ਜਾਣਕਾਰੀ ਲੈ ਰਹੇ ਹਨ ਅਤੇ ਅੱਜ ਉਹ ਖੁਦ ਵੀ ਪ੍ਰਸ਼ਾਸ਼ਨਿਕ ਅਧਿਕਾਰੀਆਂ, ਫੌਜ ਅਤੇ ਐਨ ਡੀ ਆਰ ਐਫ ਦੇ ਜਵਾਨਾਂ ਨਾਲ ਕਿਸ਼ਤੀਆਂ ਰਾਹੀਂ ਪਿੰਡਾਂ ਤੋਂ ਸੰਪਰਕ ਵਿੱਚ ਟੁੱਟੇ ਘਰਾਂ ਤੱਕ ਜਾ ਕੇ ਆਏ ਹਨ ਅਤੇ ਲੋਕਾਂ ਨੇ ਪੰਜਾਬ ਸਰਕਾਰ ਦੇ ਰਾਹਤ ਕਾਰਜਾਂ ਪੱਖੋਂ ਤਸੱਲੀ ਪ੍ਰਗਟਾਈ ਹੈ। ਹਰਪਾਲ ਸਿੰਘ ਚੀਮਾ ਨੇ ਕਿਹਾ ਕਿ ਪ੍ਰਸ਼ਾਸ਼ਨ ਵੱਲੋਂ ਖੇਤਾਂ, ਡੇਰਿਆਂ, ਪਿੰਡਾਂ ਲਈ ਕਿਸ਼ਤੀਆਂ ਰਾਹੀਂ ਮਦਦ ਪਹੁੰਚਾਉਣ ਲਈ ਜ਼ੋਨ ਬਣਾ ਕੇ ਹਰ ਤਰ੍ਹਾਂ ਦੀ ਸਹਾਇਤਾ ਮੁਹੱਈਆ ਕਰਵਾਈ ਜਾ ਰਹੀ ਹੈ ਜਿਸ ਵਿੱਚ ਮੈਡੀਕਲ ਸਹਾਇਤਾ ਵੀ ਸ਼ਾਮਿਲ ਹੈ।

ਉਹਨਾਂ ਕਿਹਾ ਕਿ ਹੌਲੀ ਹੌਲੀ ਪਾਣੀ ਦਾ ਪੱਧਰ ਘਟ ਰਿਹਾ ਹੈ ਅਤੇ ਜਲਦੀ ਹੀ ਜਨਜੀਵਨ ਆਮ ਵਾਂਗ ਹੋਵੇਗਾ। ਉਨ੍ਹਾਂ ਕਿਹਾ ਕਿ ਪਾਣੀ ਪ੍ਰਭਾਵਿਤ ਪਿੰਡਾਂ ਵਿੱਚ ਪ੍ਰਸ਼ਾਸ਼ਨ ਲਗਾਤਾਰ ਲੋਕਾਂ ਨਾਲ ਰਾਬਤਾ ਕਰਕੇ ਹਰ ਮੁਸ਼ਕਿਲ ਨੂੰ ਦੂਰ ਕਰਨ ਲਈ ਸਰਗਰਮ ਹੈ। ਇਸ ਮੌਕੇ ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਛੇਤੀ ਹੀ ਪੰਜਾਬ ਸਰਕਾਰ ਵੱਲੋਂ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਅਜਿਹੀ ਪੁਖਤਾ ਯੋਜਨਾ ਤਿਆਰ ਕੀਤੀ ਜਾਵੇਗੀ ਜਿਸ ਨਾਲ ਹਰ ਸਾਲ ਮੌਨਸੂਨ ਦੌਰਾਨ ਦਰਪੇਸ਼ ਆਉਣ ਵਾਲੀਆਂ ਕੁਦਰਤੀ ਆਫ਼ਤਾਂ ਦਾ ਢੁਕਵਾਂ ਹੱਲ ਹੋ ਸਕੇ। ਉਨ੍ਹਾਂ ਕਿਹਾ ਕਿ ਜਿਸ ਦਿਨ ਦੀ ਕੁਦਰਤੀ ਆਫ਼ਤ ਆਈ ਹੈ ਉਸ ਦਿਨ ਤੋਂ ਹੀ ਮੁੱਖ ਮੰਤਰੀ ਦੀ ਅਗਵਾਈ ਹੇਠ ਸਮੂਹ ਮੰਤਰੀ, ਹਲਕਾ ਵਿਧਾਇਕ, ਪ੍ਰਸ਼ਾਸਨ, ਪੁਲਿਸ, ਫੌਜ, ਐਨ ਡੀ ਆਰ ਐਫ ਦੇ ਜਵਾਨ ਇਸ ਬਿਪਤਾ ਨਾਲ ਨਜਿੱਠਣ ਲਈ ਸਾਂਝੇ ਤੌਰ ਉੱਤੇ ਯਤਨਸ਼ੀਲ ਹਨ।



ਉਨ੍ਹਾਂ ਕਿਹਾ ਕਿ ਪਹਿਲਾਂ ਘੱਗਰ 748 ਫੁੱਟ ਤੇ ਟੁੱਟ ਜਾਂਦਾ ਸੀ ਪਰ ਇਸ ਵਾਰ ਪੰਜਾਬ ਸਰਕਾਰ ਵੱਲੋਂ ਅਗੇਤੇ ਤੌਰ ਉਤੇ ਕੀਤੇ ਗਏ ਉਪਰਾਲਿਆਂ ਸਦਕਾ ਸਾਫ ਸਫਾਈ ਪੱਖੋ ਕੋਈ ਕਸਰ ਬਾਕੀ ਨਹੀਂ ਛੱਡੀ ਗਈ ਅਤੇ ਘੱਗਰ 752 ਫੁੱਟ ਤੇ ਪਾਣੀ ਦਾ ਪੱਧਰ ਜਿਆਦਾ ਵਧ ਜਾਣ ਕਾਰਨ ਖਤਰੇ ਦਾ ਕਾਰਨ ਬਣਿਆ ਹੈ।

ਕੈਬਨਿਟ ਮੰਤਰੀ ਅਮਨ ਅਰੋੜਾ ਨੇ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਹੜ੍ਹਾਂ ਤੋਂ ਪ੍ਰਭਾਵਿਤ ਹਿੱਸਿਆਂ ਵਿੱਚ ਰਾਹਤ ਕਾਰਜਾਂ, ਬਚਾਓ ਕਾਰਜਾਂ ਅਤੇ ਮੁੜ ਵਸੇਬਾ ਕਾਰਜਾਂ ਵਿਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਵੱਲੋਂ ਇਸ ਉਦੇਸ਼ ਤਹਿਤ ਫੰਡ ਜਾਰੀ ਕੀਤੇ ਜਾ ਚੁੱਕੇ ਹਨ ਅਤੇ ਸੂਬੇ ਦੇ ਹਰ ਪ੍ਰਭਾਵਿਤ ਨਾਗਰਿਕ ਤੱਕ, ਘਰ ਤੱਕ, ਖੇਤ ਤੱਕ, ਪਿੰਡ ਤੱਕ ਰਾਹਤ ਸਮੱਗਰੀ ਪਹੁੰਚਾਈ ਜਾ ਰਹੀ ਹੈ।

ਉਨ੍ਹਾਂ ਇਹ ਵੀ ਕਿਹਾ ਕਿ ਜੇਕਰ ਪਿਛਲੀਆਂ ਸਰਕਾਰਾਂ ਨੇ ਅਜਿਹੀਆਂ ਕੁਦਰਤੀ ਆਫ਼ਤਾਂ ਨਾਲ ਨਿਪਟਣ ਲਈ ਯੋਜਨਾਬੱਧ ਤਰੀਕੇ ਨਾਲ ਲੰਬੇ ਸਮੇਂ ਨੂੰ ਧਿਆਨ ਵਿੱਚ ਰੱਖਦਿਆਂ ਉਪਰਾਲੇ ਕੀਤੇ ਹੁੰਦੇ ਤਾਂ ਅੱਜ ਅਜਿਹੀਆਂ ਸਥਿਤੀਆਂ ਪੈਦਾ ਨਾ ਹੁੰਦੀਆਂ। ਇਸ ਤੋਂ ਪਹਿਲਾਂ ਕੈਬਨਿਟ ਮੰਤਰੀਆਂ ਵੱਲੋਂ ਹਮੀਰਗੜ੍ਹ ਵਿਚ ਸਥਾਪਤ ਰਾਹਤ ਕੇਂਦਰ ਵਿਖੇ ਜਾਇਜ਼ਾ ਲੈਂਦਿਆਂ ਪ੍ਰਸ਼ਾਸ਼ਨਿਕ ਅਧਿਕਾਰੀਆਂ ਨਾਲ ਸਮੀਖਿਆ ਮੀਟਿੰਗ ਕੀਤੀ ਅਤੇ ਦਿਸ਼ਾ ਨਿਰਦੇਸ਼ ਜਾਰੀ ਕੀਤੇ।

# ਹੜ੍ਹਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਸਿਹਤ ਵਿਭਾਗ ਪੂਰੀ ਤਰ੍ਹਾਂ ਤਿਆਰ: ਸਿਹਤ ਮੰਤਰੀ ਡਾ. ਬਲਬੀਰ ਸਿੰਘ

**ਮੂਨਕ/ਸੰਗਰੂਰ, (ਦਲਜੀਤ ਕੌਰ)** ਪੰਜਾਬ ਦੇ ਸਿਹਤ ਤੇ ਪਰਿਵਾਰ ਭਲਾਈ ਮੰਤਰੀ ਡਾ. ਬਲਬੀਰ ਸਿੰਘ ਨੇ ਅੱਜ ਜ਼ਿਲ੍ਹਾ ਪ੍ਰਬੰਧਕੀ ਕੰਪਲੈਕਸ ਵਿਖੇ ਸਿਹਤ ਵਿਭਾਗ ਦੇ ਅਧਿਕਾਰੀਆਂ, ਗੈਰ ਸਿਆਸੀ ਸੰਗਠਨਾਂ ਦੇ ਨੁਮਾਇੰਦਿਆਂ, ਇੰਡੀਅਨ ਮੈਡੀਕਲ ਐਸੋਸੀਏਸ਼ਨ ਦੇ ਅਹੁਦੇਦਾਰਾਂ ਤੇ ਕੈਮਿਸਟ ਐਸੋਸੀਏਸ਼ਨਾਂ ਦੇ ਮੈਂਬਰਾਂ ਨਾਲ ਹੜ੍ਹਾਂ ਤੋਂ ਬਾਅਦ ਪੈਦਾ ਹੋਣ ਵਾਲੀਆਂ ਬਿਮਾਰੀਆਂ ਨਾਲ ਨਜਿੱਠਣ ਲਈ ਸਰਕਾਰ ਦੇ ਪੱਧਰ ’ਤੇ ਕੀਤੀਆਂ ਜਾ ਰਹੀਆਂ ਤਿਆਰੀਆਂ ਬਾਰੇ ਵਿਸਤ੍ਰਿਤ ਮੀਟਿੰਗ ਕੀਤੀ। ਡਾ. ਬਲਬੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਹੇਠ ਉਹ ਰਾਜ ਦੇ ਵੱਖ ਵੱਖ ਹੜ੍ਹ ਪ੍ਰਭਾਵਿਤ ਜ਼ਿਲ੍ਹਿਆਂ ਦਾ ਦੌਰਾ ਕਰਕੇ ਫੀਡਬੈਕ ਲੈ ਰਹੇ ਹਨ ਅਤੇ ਸਿਹਤ ਵਿਭਾਗ ਦੀਆਂ ਤਿਆਰੀਆਂ ਦਾ ਜਾਇਜ਼ਾ ਲਿਆ ਜਾ ਰਿਹਾ ਹੈ। ਉਨ੍ਹਾਂ ਕਿਹਾ ਕਿ ਸੰਕਟ ਦੀ ਇਸ ਘੜੀ ਵਿੱਚ ਜਿਥੇ ਮੁੱਖ ਮੰਤਰੀ ਦੀ ਅਗਵਾਈ ਹੇਠ ਸਮੂਹ ਮੰਤਰੀਆਂ, ਵਿਧਾਇਕਾਂ, ਪ੍ਰਸਾਸਨਿਕ ਅਧਿਕਾਰੀਆਂ ਵੱਲੋਂ ਹੜ੍ਹ ਪੀੜਤਾਂ ਦੇ ਮੋਢੇ ਨਾਲ ਮੋਢਾ ਜੋੜ ਕੇ ਮਦਦ ਪਹੁੰਚਾਉਣ ਵਿੱਚ ਕੋਈ ਕਸਰ ਬਾਕੀ ਨਹੀਂ ਛੱਡੀ ਹੈ ਉਥੇ ਹੀ ਸਮੂਹ ਸਮਾਜ ਸੇਵਕਾਂ, ਦਾਨੀ ਸੱਜਣਾਂ, ਆਈ.ਐਮ.ਏ ਤੇ ਕੈਮਿਸਟਾਂ ਨੇ ਖੁੱਲ੍ਹ ਦਿਲੀ ਵਿਖਾਉਂਦੇ ਹੋਏ ਖੁਦ ਅੱਗੇ ਆ ਕੇ ਮਦਦ ਲਈ ਹੱਥ ਵਧਾਇਆ ਹੈ ਜਿਸ ਦੀ ਉਹ ਸ਼ਲਾਘਾ ਕਰਦੇ ਹਨ। ਸਿਹਤ ਮੰਤਰੀ ਨੇ ਕਿਹਾ ਕਿ ਸਾਂਝੇ ਉਦਮ ਸਦਕਾ ਜਲਦੀ ਹੀ ਹੜ੍ਹ ਪ੍ਰਭਾਵਿਤ ਇਲਾਕਿਆਂ ਦੀ ਜਿੰਦਗੀ ਲੀਹ ’ਤੇ ਆ ਜਾਵੇਗੀ ਅਤੇ ਸਭ ਇਲਾਕਿਆਂ ਵਿੱਚ ਪਾਣੀ ਦਾ ਪੱਧਰ ਘਟਣ ਤੋਂ ਬਾਅਦ ਜੇਕਰ ਕਿਸੇ ਵੀ ਤਰ੍ਹਾਂ ਦੀ ਵੈਕਟਰ ਅਤੇ ਵਾਟਰ ਬੋਰਨ ਡਿਜੀਜ਼ ਪੈਦਾ ਹੁੰਦੀ ਹੈ ਤਾਂ ਉਸ ਨੂੰ ਮੁਢਲੇ ਪੜਾਅ ’ਤੇ ਹੀ ਰੋਕਣ ਲਈ ਸਿਹਤ ਵਿਭਾਗ ਦੀਆਂ ਟੀਮਾਂ ਪੂਰੀ ਮੁਸਤੈਦੀ ਨਾਲ ਕਾਰਜਸ਼ੀਲ ਹਨ। ਉਨ੍ਹਾਂ ਸਿਹਤ ਅਧਿਕਾਰੀਆਂ ਨੂੰ ਐਡਵਾਈਜ਼ਰੀ ਦੀ ਪਾਲਣਾ ਕਰਨ ਦੀ ਹਦਾਇਤ ਕਰਦਿਆਂ ਲੋਕਾਂ ਵਿੱਚ ਵੱਧ ਤੋਂ ਵੱਧ ਜਾਗਰੂਕਤਾ ਪੈਦਾ ਕਰਨ ਦੀ ਲੋੜ ’ਤੇ ਵੀ ਜ਼ੋਰ ਦਿੱਤਾ।



ਸਿਹਤ ਮੰਤਰੀ ਨੇ ਕਿਹਾ ਕਿ 24ਣ7 ਘੰਟੇ ਮੈਡੀਕਲ ਸਟਾਫ਼ ਤੇ ਮੈਡੀਕਲ ਸੇਵਾਵਾਂ ਉਪਲਬਧ ਹਨ ਅਤੇ ਲੋੜ ਮੁਤਾਬਕ ਐਂਬੂਲੈਂਸਾਂ ਦਾ ਵੀ ਪ੍ਰਬੰਧ ਹੈ ਅਤੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਦੇ ਪੱਧਰ ’ਤੇ ਕਿਸੇ ਵੀ ਕਿਸਮ ਦੀ ਕਮੀ ਪੇਸ਼ ਨਹੀਂ ਆਉਣ ਦਿੱਤੀ ਜਾਵੇਗੀ।

ਸਿਹਤ ਮੰਤਰੀ ਨੇ ਕਿਹਾ ਕਿ ਜ਼ਿਲ੍ਹਾ ਸੰਗਰੂਰ ਦੇ ਹੜ੍ਹ ਪ੍ਰਭਾਵਿਤ ਖੇਤਰਾਂ ਵਿੱਚ ਡਿਪਟੀ ਕਮਿਸ਼ਨਰ ਜਤਿੰਦਰ ਜੋਰਵਾਲ ਤੇ ਐਸ.ਐਸ.ਪੀ ਸੁਰੇਂਦਰ ਲਾਂਬਾ ਖੁਦ ਸਮੂਹ ਟੀਮਾਂ ਦੀ ਸਰਗਰਮ ਅਗਵਾਈ ਕਰ ਰਹੇ ਹਨ ਅਤੇ ਸਮੁੱਚਾ ਮੈਡੀਕਲ ਸਟਾਫ਼ ਤਨਦੇਹੀ ਨਾਲ ਲੋਕ ਸੇਵਾ ਵਿੱਚ ਜੁਟਿਆ ਹੋਇਆ ਹੈ।

ਉਨ੍ਹਾਂ ਕਿਹਾ ਕਿ ਰਾਜ ਭਰ ਵਿੱਚ ਪ੍ਰਾਈਵੇਟ ਹਸਪਤਾਲਾਂ ਨੇ ਵੀ ਇਸ ਸੰਕਟ ਦੇ ਸਮੇਂ ਵਿੱਚ ਮਦਦ ਲਈ ਆਪਣਾ ਜਬਰਦਸਤ ਹੁੰਗਾਰਾ ਭਰਿਆ ਹੈ ਅਤੇ ਸਰਕਾਰ ਵੱਲੋਂ ਹੜ੍ਹ ਪ੍ਰਭਾਵਿਤ ਲੋਕਾਂ ਦੀ ਮਦਦ ਲਈ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ। ਇਸ ਮੌਕੇ ਵਧੀਕ ਡਿਪਟੀ ਕਮਿਸ਼ਨਰ ਅਨਮੋਲ ਸਿੰਘ ਧਾਲੀਵਾਲ ਨੇ ਪ੍ਰਸ਼ਾਸਨ ਦੀ ਤਰਫੋਂ ਚੱਲ ਰਹੇ ਪ੍ਰਬੰਧਾਂ ਬਾਰੇ ਜਾਣਕਾਰੀ ਦਿੰਦਿਆਂ ਵਿਸ਼ਵਾਸ ਦਿਵਾਇਆ ਕਿ ਪਿੰਡਾਂ ਤੇ ਸ਼ਹਿਰੀ ਖੇਤਰਾਂ ਵਿੱਚ ਪਾਣੀ ਦਾ ਪੱਧਰ ਘਟਣ ਤੋਂ ਬਾਅਦ ਸਿਹਤ ਨਾਲ ਸਬੰਧਤ ਸਮੱਸਿਆਵਾਂ ਸਮੇਤ ਹੋਰ ਚੁਣੌਤੀਆਂ ਨਾਲ ਨਜਿੱਠਣ ਲਈ ਵਿਆਪਕ ਪੱਧਰ ਤੇ ਪ੍ਰਬੰਧ ਕੀਤੇ ਗਏ ਹਨ। ਇਸ ਮੌਕੇ ਸਿਵਲ ਸਰਜਨ ਡਾ. ਪਰਮਿੰਦਰ ਕੌਰ, ਡਿਪਟੀ ਮੈਡੀਕਲ ਕਮਿਸ਼ਨਰ ਡਾ. ਵਿਕਾਸ ਧੀਰ, ਐਸ.ਐਮ.ਓ ਡਾ. ਕਿਰਪਾਲ ਸਿੰਘ, ਪੰਜਾਬ ਗਊ ਸੇਵਾ ਕਮਿਸ਼ਨ ਦੇ ਚੇਅਰਮੈਨ ਅਸ਼ੋਕ ਕੁਮਾਰ, ਸੀਨੀਅਰ ਆਗੂ ਮਨਦੀਪ ਸਿੰਘ ਲੱਖੇਵਾਲ ਤੋਂ ਇਲਾਵਾ ਇੰਡੀਅਨ ਮੈਡੀਕਲ ਐਸੋਸੀਏਸ਼ਨ, ਜ਼ਿਲ੍ਹੇ ਦੀਆਂ ਕੈਮਿਸਟ ਐਸੋਸੀਏਸ਼ਨਾਂ ਤੇ ਐਨ.ਜੀ.ਓਜ਼ ਦੇ ਨੁਮਾਇੰਦੇ ਵੀ ਹਾਜ਼ਰ ਸਨ।

## ਅਫਸਰ ਵੀ ਉੱਤਮ, ਗਾਇਕ ਵੀ ਹਰਮਨਪਿਆਰਾ ਏ- ਪੰਮਾ ਮੱਲ੍ਹੀ ਤਰਤੀਬ ਤੇ ਪੇਸ਼ਕਸ਼

ਪੰਜਾਬੀ ਗਾਇਕੀ ਦਾ ਘੇਰਾ ਬਹੁਤ ਵਿਸ਼ਾਲ ਹੈ ਪਰ ਸੁਰ ਤਾਲ ਦੀ ਵਿਦਿਆ ਵਾਲੇ ਗਾਇਕ 20-20 ਸਾਲ ਤੱਕ ਰਾਜ ਕਰਦੇ ਹਨ।ਅੱਜ ਜਿਸ ਗਾਇਕ ਦੀ ਮੁਲਾਕਾਤ ਤੁਸਾਂ ਨਾਲ ਕਰਵਾ ਰਹੇ ਹਾਂ ਓਸ ਦੀ ਖੂਬੀ ਇਹ ਵੀ ਹੈ ਕਿ ਓਹ ਪੰਜਾਬ ਪੁਲਿਸ ਵਿੱਚ ਅਫਸਰ ਵੀ ਹੈ, ਡਿਊਟੀ ਦੇ ਨਾਲ ਗਾਇਕੀ ਨਿਭਾ ਰਿਹਾ ਹੈ। ਨਾਮ ਓਸ ਦਾ ਬਲਜਿੰਦਰ ਸਿੰਘ ਪੰਮਾ ਮੱਲ੍ਹੀ ਹੈ ਤੇ ਇਸ ਸਮੇਂ ਥਾਣਾ ਮਾਹਿਲਪੁਰ ਦਾ ਅਫਸਰ ਓਹ ਹੈ। ਤਾਜ਼ਾ ਗੀਤ "ਸਲੂਟ"ਆ ਕਿ ਕਾਮਯਾਬੀਆਂ ਦੀ ਕਤਾਰ ਵਿੱਚ ਸ਼ਾਮਿਲ ਹੈ। ਪੰਮਾ ਮੱਲ੍ਹੀ ਨਾਲ ਫੀਲਡ ਵਿੱਚ ਗੱਲ ਹੋਈ ਤਾਂ ਅਮਨ ਕਾਨੂੰਨ ਲਈ ਓਹ ਨਾਕੇ ਤੇ ਸੀ। ਗੱਲ ਚਲੀ ਕਿ ਪੁਲਿਸ ਦਾ ਕੰਮ ਬਹੁਤ ਏ ਸ਼ਾਂਤੀ ਦੇਖਣੀ,ਕਦੇ ਮੰਤਰੀ ਜੀ ਆ ਗਏ ਹੋਰ ਕੰਮ ਤੇ ਗੌਣ ਅਲੱਗ ਜਿਹਾ ਕੰਮ ਤਾਂ ਪੰਮਾ ਮੱਲ੍ਹੀ ਨੇ ਕਿਹਾ ਸਹੀ ਏ ਕਿ ਡੰਡਾ ਪੀਰ ਕੰਮ ਤੋ ਫਾਰਗ ਹੋ ਰਿਆਜ ਹੁੰਦਾ ਹੈ ਤੇ ਕੰਮ ਦੋਵੇਂ ਵੱਖਰੇ ਪਰ ਤਾਲਮੇਲ ਆਪ ਬੈਠਾਉਣਾ ਪੈਂਦਾ ਹੈ। ਪੰਮਾ ਨੇ ਸਾਨੂੰ ਦੱਸਿਆ ਕਿ ਗੁਰਦਾਸਪੁਰ ਨਾਲ ਓਹ ਸੰਬੰਧਿਤ ਹੈ ਤੇ "ਗੇੜੀਆਂ "ਐਲਬਮ ਬਾਅਦ "ਮੋਰਨੀ "ਐਲਬਮ ਨੇ ਧਰੂਹ ਪਾ ਦਿੱਤੀ। ਇਥੋਂ ਹੀ ਪੰਮਾ ਮੱਲ੍ਹੀ ਸਟਾਰ ਗਾਇਕ ਬਣ ਗਿਆ। ਕਦੇ ਪ੍ਰੋਗਰਾਮ ਕਾਰਣ ਡਿਊਟੀ ਤੇ ਫਰਕ ਨਹੀਂ ਤਾਂ ਓਹ ਕਹਿਣ ਲੱਗਾ ਕਿ ਨਹੀਂ ਜਿਸ ਦਿਨ ਪ੍ਰੋਗਰਾਮ ਹੋਏ ਪਹਿਲਾਂ ਲਗਾਤਾਰ ਡਿਊਟੀ ਕਰ ਲਈਦੀ ਹੈ। ਪੰਜਾਬ ਪੁਲਿਸ ਦੇ ਅਫਸਰ ਸਹਿਬਨ ਦਾ ਧੰਨਵਾਦ ਓਹ ਬਹੁਤ ਸਹਿਯੋਗ ਦਿੰਦੇ ਹਨ।ਤਾਂ ਹੀ ਵਿਦੇਸ਼ ਵਿਖੇ ਵੀ ਓਸ ਨੇ ਸ਼ੋ ਦਿੱਤੇ ਹਨ। ਸਹ ਗਾਇਕਾਵਾਂ ਤਾਂ ਜਵਾਬ ਸੀ ਕਿ ਹਰਲੀਨ ਤੇ ਗੁਰਲੇਜ਼ ਨਾਲ ਗਾਇਆ ਹੈ।ਬਾਕੀ ਗਾਇਕ ਨੂੰ ਭੰਗੜਾ ਆਉਣਾ ਜਰੂਰੀ ਹੈ, ਸਟੇਜ ਤੇ ਗੱਲਾਂ ਕਰਨ ਦਾ ਵੱਲ ਜਰੂਰੀ ਹੈ। "ਕੈਸਟ "ਮੋਰਨੀ "ਦੀ ਕਾਮਯਾਬੀ ਨੇ ਵਿਦੇਸ਼ ਵੀ ਸ਼ੋ ਲੁਆਏ ਹਨ। ਹਾਂ ਫਿਲਮ ਗਾਇਕੀ ਦੀ ਰੀਝ ਹੈ। ਯਾਦਗਾਰੀ ਪਲ ਗਾਇਕੀ ਦੇ ਤਾਂ ਜਵਾਬ ਸੀ ਕਿ ਕਰੋਨਾ ਤੇ ਓਸ ਨੇ ਆਪਣਾ ਫਰਜ਼ ਸਮਝ ਗੀਤ ਗਾਇਆ, ਮਹਿਕਮੇ ਨੇ ਸਹਿਯੋਗ ਦਿੱਤਾ ਤੇ ਕੈਪਟਨ ਅਮਰਿੰਦਰ ਸਿੰਘ ਤਦ ਮੁੱਖ ਮੰਤਰੀ ਪੰਜਾਬ ਸਨ। ਉਹਨਾਂ ਨੇ ਖੁਦ ਗਾਣਾ ਟਵੀਟ ਕੀਤਾ ਇਸ ਨੂੰ ਸ਼ੇਅਰ ਕੀਤਾ ਤੇ ਅਸ਼ੀਰਵਾਦ ਦਿੱਤਾ। ਭਗਵੰਤ ਸਰਕਾਰ ਕਲਾਕਾਰ ਅਫਸਰ ਦੀ ਇੱਜ਼ਤ ਕਰਦੀ ਸਰਕਾਰ ਹੈ ਤੇ ਮੌਜੂਦਾ ਡੀਜੀਪੀ ਗੌਰਵ ਯਾਦਵ ਬਹੁਤ ਪਿਆਰ ਕਲਾਕਾਰ ਨੂੰ ਕਰਦੇ ਹਨ। ਪੰਮਾ ਮੱਲ੍ਹੀ ਦੀ ਤਮੰਨਾ ਮਹਿਕਮੇ ਦੇ ਵਧ ਤੋ ਵਧ ਗੀਤ ਗਾਇਣ ਕਰਨ ਦੀ ਹੈ। ਨਾਲ ਹੀ ਡਿਊਟੀ ਸਮੇਂ ਆਪਣੇ ਇਲਾਕੇ ਨੂੰ ਅਮਨਪਸੰਦ ਇਲਾਕਾ ਬਣਾਈਂ ਰੱਖਣ ਦੀ ਹੈ। ਗਾਇਕ ਤੇ ਅਫਸਰ ਪੰਮਾ ਮੱਲ੍ਹੀ ਦੇ ਗੀਤ, ਮਹਿਕਮੇ ਲਈ ਕੰਮ ਦੋਵਾਂ ਨੂੰ ਦੇਖ ਕਿਹਾ ਜਾ ਸਕਦਾ ਹੈ ਕਿ ਪੰਮਾ ਮੱਲ੍ਹੀ ਨੇ ਬਹੁਤ ਕੁਝ ਕੀਤਾ ਏ ਤੇ ਕਰਨਾ ਹੈ।

**- ਅੰਮ੍ਰਿਤ ਪਵਾਰ**





# "ਦੇਸ਼ ਦੁਆਬਾ"

## ਹਫਤਾਵਾਰੀ ਅਖਬਾਰ

**ਕੀ ਤੁਸੀਂ ਆਪਣੇ ਕਾਰੋਬਾਰ ਨੂੰ ਵਧਾਉਣਾ ਚਾਹੁੰਦੇ ਹੋ?**
**ਕੀ ਤੁਸੀਂ ਆਪਣੇ ਵਪਾਰ-ਕਾਰੋਬਾਰ ਦਾ ਪ੍ਰਚਾਰ ਚਾਹੁੰਦੇ ਹੋ?**
**ਤਾਂ ਅੱਜ ਹੀ ਇਸ਼ਤਿਹਾਰ "ਦੇਸ਼ ਦੁਆਬਾ" ਵਿਚ ਲਗਵਾਓ।**

## ਤੁਹਾਡੀਆਂ ਰਚਨਾਵਾਂ ਦਾ ਸਵਾਗਤ ਹੈ

ਆਪਣੀ ਰਚਨਾ ਅਤੇ ਲੇਖ 14 ਦਿਨ ਪਹਿਲਾਂ ਭੇਜੇ ਜਾਣ ਅਤੇ ਖਬਰ ਐਤਵਾਰ ਤੱਕ ਸਾਡੇ ਕੋਲ ਪਹੁੰਚ ਜਾਣੀ ਚਾਹੀਦੀ ਹੈ। ਰਚਨਾ ਅਤੇ ਲੇਖ ਸਿਰਫ ਅਣਛਪੀ ਹੀ ਭੇਜੀ ਜਾਵੇ।
ਖਬਰਾਂ, ਲੇਖ ਜਾਂ ਰਚਨਾਵਾਂ ਪ੍ਰਕਾਸ਼ਿਤ ਕਰਨੀਆਂ ਸੰਪਾਦਕੀ ਬੋਰਡ ’ਤੇ ਨਿਰਭਰ ਹਨ, ਜੋ ਜਵਾਬਦੇਹ ਨਹੀਂ ਹੋਵੇਗਾ।
ਲੇਖਕ ਅਤੇ ਪੱਤਰਕਾਰ ਆਪਣੀ ਰਚਨਾ ਸਾਫ-ਸਾਫ ਸ਼ਬਦਾਂ ਵਿਚ ਲਿਖ ਕੇ ਜਾਂ ਟਾਈਪ ਕਰਕੇ ਸਿਰਫ ਈ-ਮੇਲ ਰਾਹੀਂ ਹੀ ਸਾਨੂੰ ਹਰੇਕ ਹਫਤੇ ਐਤਵਾਰ ਰਾਤ ਤੱਕ ਭੇਜ ਦੇਣ।

**E-mail : deshdoaba@yahoo.com**

**(ਸੰਪਰਕ) 1-916-947-8920, (ਫੈਕਸ) 1-916-238-1393**

www.deshdoaba.com www.ambedkartimes.com

ਸੰਪਾਦਕੀ ਮੰਡਲ ਦਾ ਕਿਸੇ ਵੀ ਰਚਨਾ ਨਾਲ ਸਹਿਮਤ ਹੋਣਾ ਜ਼ਰੂਰੀ ਨਹੀਂ। ਮੈਟਰ ਵਿਚ ਵਾਧਾ-ਘਾਟਾ ਕਰਨ ਦਾ ਅਧਿਕਾਰ ਅਦਾਰਾ ’ਦੇਸ਼ ਦੁਆਬਾ’ ਨੂੰ ਹੋਵੇਗਾ। ਪੇਪਰ ਵਿਚ ਛਪੀ ਹਰ ਲਿਖਤ ਜਾਂ ਇਸ਼ਤਿਹਾਰ ਸਬੰਧੀ ਲੇਖਕ ਅਤੇ ਇਸ਼ਤਿਹਾਰਦਾਤਾ ਹੀ ਜ਼ਿੰਮੇਵਾਰ ਹੋਵੇਗਾ। ਸਾਰੇ ਲੇਖਕ/ ਪੱਤਰਕਾਰ ਵੀਰਾਂ ਨੂੰ ਬੇਨਤੀ ਹੈ ਕਿ ਆਪਣੇ ਲੇਖ ਜਾਂ ਖਬਰ ਦੇ ਨਾਲ ਆਪਣਾ ਨਾਂ, ਫੋਨ ਨੰਬਰ ਅਤੇ ਐਡਰੈਸ ਤੇ ਤਸਵੀਰ ਭੇਜਿਆ ਕਰਨ। ਅਸੀਂ ਉਹਨਾਂ ਦੀ ਤਸਵੀਰ ਲੇਖ ਦੇ ਨਾਲ ਲਗਾਵਾਂਗੇ। ਸਾਰੇ ਲੇਖਕ/ ਪੱਤਰਕਾਰ ਆਨਰੇਰੀ ਹਨ, ਉਹਨਾਂ ਨੂੰ ਲਿਖਤ ਬਦਲੇ ਕੋਈ ਅਦਾਇਗੀ ਨਹੀਂ ਕੀਤੀ ਜਾਂਦੀ। -ਸੰਪਾਦਕ

# ਡਾਕਟਰਾਂ ਨੇ ਧੜ ਤੋਂ ਵੱਖ ਹੋ ਚੁੱਕੇ ਸਿਰ ਨੂੰ ਦੁਬਾਰਾ ਜੋੜ 'ਤਾ

**ਇਜ਼ਰਾਈਲ–** ਦਿ ਟਾਈਮਜ਼ ਆਫ਼ ਇਜ਼ਰਾਈਲ ਦੀ ਰਿਪੋਰਟ ਮੁਤਾਬਕ ਇਜ਼ਰਾਈਲ ਦੇ ਡਾਕਟਰਾਂ ਨੇ ਅਜਿਹਾ ਚਮਤਕਾਰ ਕਰ ਦਿਖਾਇਆ ਹੈ, ਜਿਸ ਬਾਰੇ ਜਾਣ ਕੇ ਹਰ ਕੋਈ ਹੈਰਾਨ ਹੈ। ਦਰਅਸਲ, ਇਕ ਬੱਚੇ ਦਾ ਐਕਸੀਡੈਂਟ ਹੋ ਗਿਆ ਸੀ, ਜਿਸ ਕਾਰਨ ਉਸ ਦਾ ਸਿਰ ਧੜ ਤੋਂ ਵੱਖ ਹੋ ਗਿਆ। ਉਸ ਦੇ ਬਚਣ ਦੀ ਉਮੀਦ ਘੱਟ ਸੀ। ਉਸ ਦਾ ਸਿਰ ਸਿਰਫ ਚਮੜੀ ਨਾਲ ਜੁੜਿਆ ਹੋਇਆ ਸੀ ਪਰ ਕਾਫੀ ਕੋਸ਼ਿਸ਼ਾਂ ਤੋਂ ਬਾਅਦ ਡਾਕਟਰਾਂ ਨੇ ਇਸ ਨੂੰ ਜੋੜ ਕੇ ਬੱਚੇ ਦੀ ਜਾਨ ਬਚਾ ਲਈ। ਫਲਸਤੀਨ ਦਾ ਰਹਿਣ ਵਾਲਾ 12 ਸਾਲਾ ਸੁਲੇਮਾਨ ਹਸਨ ਸਾਈਕਲ 'ਤੇ ਕਿਤੇ ਜਾ ਰਿਹਾ ਸੀ। ਇਸੇ ਦੌਰਾਨ ਕਾਰ ਨਾਲ ਉਸ ਦਾ ਐਕਸੀਡੈਂਟ ਹੋ ਗਿਆ। ਕਾਰ ਨੇ ਉਸ ਨੂੰ ਜ਼ੋਰਦਾਰ ਟੱਕਰ ਮਾਰ ਦਿੱਤੀ, ਜਿਸ ਕਾਰਨ ਉਸ ਦੇ ਸਿਰ 'ਤੇ ਡੂੰਘੀ ਸੱਟ ਲੱਗੀ ਅਤੇ ਸਿਰ ਖੋਪੜੀ ਦੇ ਅਧਾਰ ਅਤੇ ਰੀੜ੍ਹ ਦੀ ਹੱਡੀ ਤੋਂ ਵੱਖ ਹੋ ਗਿਆ। ਸਿਰ ਸਿਰਫ ਚਮੜੀ ਨਾਲ ਹੀ ਜੁੜਿਆ ਹੋਇਆ ਸੀ। ਇਸ ਸਥਿਤੀ ਨੂੰ ਵਿਗਿਆਨਕ ਤੌਰ 'ਤੇ ਦੁਵੱਲੇ ਅਟਲਾਂਟੋ-ਓਸੀਸੀਪਿਟਲ ਸੰਯੁਕਤ ਡਿਸਲੋਕੇਸ਼ਨ ਵਜੋਂ ਜਾਣਿਆ ਜਾਂਦਾ ਹੈ। ਹਾਦਸੇ ਤੋਂ ਬਾਅਦ ਬੱਚੇ ਨੂੰ ਹਵਾਈ ਜਹਾਜ਼ ਰਾਹੀਂ ਮੈਡੀਕਲ ਸੈਂਟਰ ਲਿਜਾਇਆ ਗਿਆ, ਜਿੱਥੇ ਉਸ ਨੂੰ ਐਮਰਜੈਂਸੀ ਸਰਜਰੀ ਲਈ ਭੇਜਿਆ ਗਿਆ।



ਡਾਕਟਰਾਂ ਮੁਤਾਬਕ ਉਸ ਦਾ ਸਿਰ ਗਰਦਨ ਦੇ ਹੇਠਲੇ ਹਿੱਸੇ ਤੋਂ ਲਗਭਗ ਪੂਰੀ ਤਰ੍ਹਾਂ ਕੱਟਿਆ ਗਿਆ ਸੀ। ਬੱਚੇ ਦਾ ਇਲਾਜ ਕਰਨ ਵਾਲੇ ਆਰਥੋਪੈਡਿਕ ਸਰਜਨ ਡਾ. ਓਹਦ ਈਨਾਵ ਨੇ ਦਿ ਟਾਈਮਜ਼ ਆਫ਼ ਇਜ਼ਰਾਈਲ ਨੂੰ ਦੱਸਿਆ ਕਿ ਸਰਜਰੀ ਵਿੱਚ ਕਈ ਘੰਟੇ ਲੱਗ ਗਏ ਪਰ ਅਸੀਂ ਸਹੀ ਢੰਗ ਨਾਲ ਆਪ੍ਰੇਸ਼ਨ ਕੀਤਾ। ਇਸ ਦੇ ਲਈ ਸਾਨੂੰ ਨਵੀਆਂ ਪਲੇਟਾਂ ਅਤੇ ਫਿਕਸਚਰ ਲੈਣੇ ਪਏ। ਅਸੀਂ ਬੱਚੇ ਨੂੰ ਬਚਾਉਣ ਲਈ ਜੱਦੋ-ਜਹਿਦ ਕੀਤੀ ਅਤੇ ਆਖਿਰਕਾਰ ਕਾਮਯਾਬ ਹੋ ਗਏ। ਸਰਜਨ ਦਾ ਇਹ ਵੀ ਮੰਨਣਾ ਹੈ ਕਿ ਬੱਚੇ ਦਾ ਠੀਕ ਹੋਣਾ ਕਿਸੇ ਚਮਤਕਾਰ ਤੋਂ ਘੱਟ ਨਹੀਂ ਸੀ ਕਿਉਂਕਿ ਉਸ ਦਾ ਬਚਾਅ ਸਿਰਫ 50 ਫ਼ੀਸਦੀ ਸੀ। ਆਪ੍ਰੇਸ਼ਨ ਪਿਛਲੇ ਮਹੀਨੇ ਹੋਇਆ ਸੀ ਪਰ ਡਾਕਟਰਾਂ ਨੇ ਜੁਲਾਈ ਤੱਕ ਇਸ ਬਾਰੇ ਕਿਸੇ ਨੂੰ ਨਹੀਂ ਦੱਸਿਆ। ਬੱਚੇ ਨੂੰ ਹਾਲ ਹੀ 'ਚ ਸਰਵਾਈਕਲ ਸਪਲਿੰਟ ਨਾਲ ਹਸਪਤਾਲ ਤੋਂ ਛੁੱਟੀ ਦਿੱਤੀ ਗਈ ਸੀ। ਹਾਲਾਂਕਿ, ਉਹ ਡਾਕਟਰਾਂ ਦੀ ਨਿਗਰਾਨੀ 'ਚ ਹੈ। ਡਾ. ਈਨਾਵ ਨੇ 'ਆਊਟਲੈਟ' ਨੂੰ ਦੱਸਿਆ ਕਿ ਬੱਚਾ ਠੀਕ ਚੱਲ ਰਿਹਾ ਹੈ। ਉਸ ਨੂੰ ਕੋਈ ਨਿਊਰੋਲਾਜੀਕਲ ਸਮੱਸਿਆ ਨਹੀਂ ਹੈ। ਇੰਨੇ ਵੱਡੇ ਆਪ੍ਰੇਸ਼ਨ ਤੋਂ ਬਾਅਦ ਉਹ ਆਪਣੇ-ਆਪ ਚੱਲ ਰਿਹਾ ਹੈ ਅਤੇ ਬਿਲਕੁਲ ਨਾਰਮਲ ਹੈ। ਉਨ੍ਹਾਂ ਅੱਗੇ ਕਿਹਾ ਕਿ ਅਜਿਹੀਆਂ ਦੁਰਲੱਭ ਸਰਜਰੀਆਂ ਲਈ ਮਾਹਿਰ ਡਾਕਟਰਾਂ ਦੀ ਲੋੜ ਹੁੰਦੀ ਹੈ। ਇਹ ਬਿਲਕੁਲ ਵੀ ਆਮ ਸਰਜਰੀ ਨਹੀਂ ਹੈ।

# ਚੀਨ ਨੂੰ ਗ਼ਰੀਬ ਦੇਸ਼ਾਂ ਨੂੰ ਰਿਆਇਤ ਦੇਣਾ ਪੈ ਸਕਦਾ ਭਾਰੀ

**ਨਵੀਂ ਦਿੱਲੀ–** ਚੀਨ ਤੋਂ ਕਰਜ਼ਾ ਲੈਣ ਵਾਲੇ ਦੇਸ਼ਾਂ ਦੀ ਆਰਥਿਕ ਸਥਿਤੀ ਬਹੁਤ ਖਰਾਬ ਹੈ। ਚੀਨ ਨੇ 150 ਵਿਕਾਸਸ਼ੀਲ ਦੇਸ਼ਾਂ ਨੂੰ 82 ਲੱਖ ਕਰੋੜ ਰੁਪਏ ਤੋਂ ਵੱਧ ਦਾ ਕਰਜ਼ਾ ਦਿੱਤਾ ਹੈ। ਉਹ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਦੇਸ਼ਾਂ ਦੇ ਵੱਡੇ ਕਰਜ਼ਿਆਂ ਨੂੰ ਮੁਆਫ਼ ਨਹੀਂ ਕਰਨਾ ਚਾਹੁੰਦਾ। ਦਰਅਸਲ ਚੀਨ ਵਿੱਚ ਸਥਾਨਕ ਸਰਕਾਰਾਂ ਅਤੇ ਰੀਅਲ ਅਸਟੇਟ ਡਿਵੈਲਪਰਾਂ ਨੇ ਅਰਬਾਂ ਰੁਪਏ ਦਾ ਕਰਜ਼ਾ ਲਿਆ ਹੋਇਆ ਹੈ। ਚੀਨ ਦੀ ਸਰਕਾਰੀ ਮਾਲਕੀ ਵਾਲੀ ਬੈਂਕਿੰਗ ਪ੍ਰਣਾਲੀ ਘਰੇਲੂ ਕਰਜ਼ਿਆਂ 'ਤੇ ਭਾਰੀ ਘਾਟੇ ਨੂੰ ਦੇਖਦੇ ਹੋਏ ਵਿਦੇਸ਼ੀ ਕਰਜ਼ਿਆਂ 'ਤੇ ਘਾਟਾ ਸਹਿਣ ਲਈ ਤਿਆਰ ਨਹੀਂ ਹੈ। ਪਾਕਿਸਤਾਨ, ਸ਼੍ਰੀਲੰਕਾ ਸਮੇਤ ਕਈ ਗਰੀਬ ਦੇਸ਼ ਇਸ ਸਮੇਂ ਗੰਭੀਰ ਆਰਥਿਕ ਸੰਕਟ ਦਾ ਸਾਹਮਣਾ ਕਰ ਰਹੇ ਹਨ। ਫਿਰ ਵੀ ਉਨ੍ਹਾਂ ਨੂੰ ਚੀਨ ਤੋਂ ਰਿਆਇਤ ਨਹੀਂ ਮਿਲ ਰਹੀ ਹੈ।



ਚੀਨ ਦੇ ਘਰੇਲੂ ਕਰਜ਼ੇ ਦੀ ਸਥਿਤੀ ਦਾ ਪਤਾ ਲਗਾਉਣਾ ਮੁਸ਼ਕਲ ਹੈ। ਜੇਪੀ ਮਾਰਗਨ ਚੇਜ ਬੈਂਕ ਦੇ ਖੋਜੀਆਂ ਨੇ ਪਿਛਲੇ ਮਹੀਨੇ ਹਿਸਾਬ ਲਗਾਇਆ ਸੀ ਕਿ ਘਰੇਲੂ ,ਕੰਪਨੀਆਂ ਅਤੇ ਸਰਕਾਰ ਸਮੇਤ ਚੀਨ ਦਾ ਕੁੱਲ ਕਰਜ਼ਾ ਦੇਸ਼ ਦੀ ਆਰਥਿਕ ਆਮਦਨ ਦਾ 282 ਫ਼ੀਸਦੀ ਹੋ ਗਿਆ ਹੈ। ਇਸ ਦੇ ਮੁਕਾਬਲੇ ਵਿਕਸਿਤ ਦੇਸ਼ਾਂ ਦਾ ਔਸਤ 256 ਫ਼ੀਸਦੀ ਅਤੇ ਅਮਰੀਕਾ ਦਾ 257 ਫ਼ੀਸਦੀ ਹੈ। ਦੂਜੇ ਦੇਸ਼ਾਂ ਦੇ ਮੁਕਾਬਲੇ ਚੀਨ ਦਾ ਕਰਜ਼ਾ ਤੇਜ਼ੀ ਨਾਲ ਵਧ ਰਿਹਾ ਹੈ। ਵਿਕਾਸਸ਼ੀਲ ਦੇਸ਼ਾਂ ਨੂੰ ਚੀਨ ਦਾ ਕਰਜ਼ਾ ਦੇਸ਼ ਦੇ ਆਰਥਿਕ ਉਤਪਾਦਨ ਦਾ 6 ਫ਼ੀਸਦੀ ਹੈ। ਸਖ਼ਤ ਸੈਂਸਰਸ਼ਿਪ ਦੇ ਬਾਵਜੂਦ ਚੀਨੀ ਸੋਸ਼ਲ ਮੀਡੀਆ ਉੱਤੇ ਸ਼ਿਕਾਇਤਾਂ ਮਿਲਦੀਆਂ ਰਹਿੰਦੀਆਂ ਹਨ ਬੈਂਕਾਂ ਨੂੰ ਦੂਜੇ ਦੇਸ਼ਾਂ ਦੇ ਬਜਾਏ ਆਪਣੇ ਦੇਸ਼ ਦੇ ਗਰੀਬ ਲੋਕਾਂ ਨੂੰ ਪੈਸਾ ਉਧਾਰ ਦੇਣਾ ਚਾਹੀਦਾ ਹੈ। ਵਿਦੇਸ਼ੀ ਕਰਜ਼ਿਆ ਨੂੰ ਨਜ਼ਰਅੰਦਾਜ਼ ਕਰਨਾ ਚੀਨ ਦੀ ਅਰਥਵਿਵਸਥਾ ਨੂੰ ਭਾਰੀ ਪੈ ਸਕਦਾ ਹੈ। ਚੀਨ ਤੋਂ ਕਰਜ਼ਾ ਲੈਣ ਵਾਲੇ ਪਾਕਿਸਤਾਨ, ਸ਼੍ਰੀਲੰਕਾ ਅਤੇ ਸੂਰੀਨਾਮ ਵਰਗੇ ਕੁਝ ਦੇਸ਼ਾਂ ਦੀ ਆਰਥਿਕ ਸਥਿਤੀ ਬਹੁਤ ਖਰਾਬ ਹੈ। ਪਾਕਿਸਤਾਨ ਦੀ ਆਰਥਿਕ ਹਾਲਤ ਬਹੁਤ ਗੰਭੀਰ ਹੈ। ਦੁਨੀਆ ਦੇ ਦੋ ਤਿਹਾਈ ਵਿਕਾਸਸ਼ੀਲ ਦੇਸ਼ ਵਸਤੂਆਂ ਦੀ ਬਰਾਮਦ 'ਤੇ ਨਿਰਭਰ ਹਨ। ਵਿਸ਼ਵ ਬੈਂਕ ਦਾ ਅਨੁਮਾਨ ਹੈ ਕਿ ਇਸ ਸਾਲ ਵਸਤੂਆਂ ਦੀਆਂ ਕੀਮਤਾਂ ਪਿਛਲੇ ਸਾਲ ਨਾਲੋਂ 21 ਫੀਸਦੀ ਘੱਟ ਰਹਿਣਗੀਆਂ। ਜ਼ਾਹਿਰ ਹੈ ਕਿ ਇਨ੍ਹਾਂ ਦੇਸ਼ਾਂ ਨੂੰ ਆਰਥਿਕ ਸੰਕਟ ਤੋਂ ਰਾਹਤ ਨਹੀਂ ਮਿਲੇਗੀ। ਪੱਛਮੀ ਦੇਸ਼ਾਂ ਦੇ ਹੇਜ ਫੰਡ ਵੀ ਇਨ੍ਹਾਂ ਦੇਸ਼ਾਂ ਦੇ ਬਾਂਡ ਖਰੀਦਦੇ ਹਨ। ਬਾਂਡ ਦੀ ਵਿਆਜ ਦਰ ਸਥਿਰ ਰਹਿੰਦੀ ਹੈ। ਦੂਜਾ ਪਾਸੇ ਚੀਨੀ ਬੈਂਕ ਬਦਲਣ ਵਾਲੀਆਂ ਵਿਆਜ ਦਰਾਂ ਉੱਤੇ ਡਾਲਰ ਵਿਚ ਕਰਜ਼ਾ ਦਿੰਦੇ ਹਨ। ਚੀਨ ਵਿਕਾਸਸ਼ੀਲ ਦੇਸ਼ਾਂ ਦਾ ਸਭ ਤੋਂ ਵੱਡਾ ਕਰਜ਼ਦਾਰ ਹੈ।

# ਮੀਂਹ ਕਾਰਨ ਗੁਰਦੁਆਰਾ ਰੋੜੀ ਸਾਹਿਬ ਦੀ ਇਮਾਰਤ ਨੁਕਸਾਨੀ



**ਨਵੀਂ ਦਿੱਲੀ–** ਭਾਜਪਾ ਦੇ ਕੌਮੀ ਬੁਲਾਰੇ ਆਰ. ਪੀ. ਸਿੰਘ ਨੇ ਟਵੀਟ ਕਰਦਿਆਂ ਦੱਸਿਆ ਕਿ ਲਾਹੌਰ 'ਚ ਭਾਰੀ ਮੀਂਹ ਕਾਰਨ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਦੀ ਇਕ ਇਮਾਰਤ ਬੁਰੀ ਤਰ੍ਹਾਂ ਨੁਕਸਾਨੀ ਗਈ ਹੈ। ਇੱਥੇ ਸ੍ਰੀ ਗੁਰੂ ਨਾਨਕ ਦੇਵ ਜੀ ਕਦੇ ਕੰਕਰ-ਪੱਥਰ 'ਤੇ ਬੈਠੇ ਸਨ, ਉੱਥੇ ਗੁਰਦੁਆਰਾ ਰੋੜੀ ਸਾਹਿਬ ਬਣਾਇਆ ਗਿਆ ਸੀ। ਉਨ੍ਹਾਂ ਕਿਹਾ ਕਿ ਪਾਕਿਸਤਾਨ ਸਰਕਾਰ ਨੇ ਇਸ ਵੱਲ ਕੋਈ ਧਿਆਨ ਨਹੀਂ ਦਿੱਤਾ, ਜਿਸ ਕਾਰਨ ਇਹ ਕੰਕਰ-ਪੱਥਰ 'ਚ ਤਬਦੀਲ ਹੋ ਗਿਆ ਹੈ। ਉਨ੍ਹਾਂ ਨੇ ਸਿੱਖਸ ਫਾਰ ਜਸਟਿਸ ਦੇ ਗੁਰਪਤਵੰਤ ਸਿੰਘ ਪੰਨੂ 'ਤੇ ਨਿਸ਼ਾਨਾ ਵਿੰਨ੍ਹਦਿਆਂ ਕਿਹਾ ਕਿ ਇਸ ਦੇ ਲਈ ਪੰਨੂ ਵਰਗੇ ਕਿਸੇ ਵੀ ਕੱਟੜਪੰਥੀ ਨੇ ਪਾਕਿਸਤਾਨ ਸਰਕਾਰ ਦੇ ਖ਼ਿਲਾਫ਼ ਇੱਕ ਵੀ ਸ਼ਬਦ ਨਹੀਂ ਬੋਲਿਆ ਹੈ। ਇਸ ਦੇ ਨਾਲ ਹੀ ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੂੰ ਵੀ ਨਿਸ਼ਾਨੇ 'ਤੇ ਲਿਆ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਸਬੰਧੀ ਅੰਮ੍ਰਿਤਸਰ ਦੀ ਐੱਸ. ਜੀ. ਪੀ. ਸੀ. ਨੇ ਵੀ ਕੋਈ ਪ੍ਰਤੀਕਿਰਿਆ ਨਹੀਂ ਦਿੱਤੀ ਹੈ।

ਭਾਰੀ ਮੀਂਹ ਕਾਰਨ ਲਾਹੌਰ ਦੇ ਨਜ਼ਦੀਕੀ ਪਿੰਡ ਜਾਹਮਣ ਸਥਿਤ ਇਤਿਹਾਸਕ ਗੁਰਦੁਆਰਾ ਰੋੜੀ ਸਾਹਿਬ ਦੀ ਇਕ ਇਮਾਰਤ ਬੁਰੀ ਤਰ੍ਹਾਂ ਨੁਕਸਾਨੀ ਗਈ। ਦੋਸ਼ ਹੈ ਕਿ ਦੇਸ਼ ਦੀ ਵੰਡ ਤੋਂ ਬਾਅਦ ਤੋਂ ਹੀ ਇਸ ਗੁਰੂ ਘਰ ਵੱਲ ਸਰਕਾਰ ਨੇ ਕਦੇ ਕੋਈ ਧਿਆਨ ਨਹੀਂ ਦਿੱਤਾ। ਹੁਣ ਇਸ ਗੁਰਦੁਆਰਾ ਸਾਹਿਬ ਦੀ ਸਿਰਫ਼ ਇੱਕ ਕੰਧ ਖੜ੍ਹੀ ਰਹਿ ਗਈ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਨੇ ਭਾਈ ਮਰਦਾਨਾ ਨਾਲ ਇੱਥੇ ਆਪਣੇ ਚਰਨ ਪਾਏ ਸਨ। ਪਿੰਡ ਜਾਹਮਣ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਨਾਨਕੇ ਪਿੰਡ ਡੇਰਾ ਚਾਹਲ ਦੇ ਨੇੜੇ ਸਥਿਤ ਹੈ ਤੇ ਗੁਰੂ ਜੀ ਇਸ ਪਿੰਡ 'ਚ ਵੀ ਅਕਸਰ ਆਉਂਦੇ-ਜਾਂਦੇ ਰਹਿੰਦੇ ਸਨ ਕਿਉਂਕਿ ਇਹ ਉਨ੍ਹਾਂ ਦੇ ਨਾਨਕੇ ਪਿੰਡ ਦੇ ਰਾਹ 'ਚ ਪੈਂਦਾ ਸੀ। ਇਹ ਗੁਰਦੁਆਰਾ ਸਾਹਿਬ ਭਾਰਤ-ਪਾਕਿਸਤਾਨ ਸਰਹੱਦ ਦੇ ਬਿਲਕੁਲ ਨੇੜੇ ਸਥਿਤ ਹੈ।







# ਐਸ. ਬੀ. ਐਸ. ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ 'ਤੀਆਂ ਤੀਜ ਦੀਆਂ' ਮੇਲੇ ਵਿਚ ਰੌਣਕਾਂ







**ਔਕਲੈਂਡ–** ਐਸ. ਬੀ. ਐਸ. ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਬੀਤੀ ਰਾਤ ਮਿਨੀ ਮਿਨੀ ਲਾਈਟ ਦੇ ਵਿਚ ਫੁੱਲ ਲੇਡੀਜ਼ ਨਾਈਟ ਯਾਨਿ 'ਤੀਆਂ ਤੀਜ ਦੀਆਂ' ਦਾ ਵੱਡਾ ਰੌਣਕ ਮੇਲਾ ਪ੍ਰੋਗਰਾਮ ਕਰਵਾਇਆ ਗਿਆ। ਐਂਕਰ ਹਰਜੀਤ ਕੌਰ, ਰਾਜਵਿੰਦਰ ਕੌਰ ਅਤੇ ਜਸਪ੍ਰੀਤ ਕੌਰ ਨੇ ਰਲ ਕੇ ਜਿੱਥੇ ਵਧੀਆ ਤੇ ਨਿਰੰਤਰ ਵਹਾਅ ਦੇ ਵਿਚ ਸਟੇਜ ਸੰਚਾਲਨ ਕੀਤਾ ਉਥੇ ਸ਼ੁੱਧ ਪੰਜਾਬੀ, ਹਾਸਰਸ ਟੋਟਕੇ, ਬੋਲੀਆਂ ਦੇ ਨਾਲ-ਨਾਲ ਅੰਗਰੇਜ਼ੀ ਸਰੋਤਿਆਂ ਅਤੇ ਆਏ ਮਹਿਮਾਨਾਂ ਦੇ ਲਈ ਦੁਭਾਸ਼ੀਏ ਦਾ ਰੋਲ ਵੀ ਅਦਾ ਕਰ ਦਿੱਤਾ।

ਛੋਟੀਆਂ ਬੱਚੀਆਂ ਤੋਂ ਲੈ ਕੇ ਬਜ਼ੁਰਗ ਮਾਤਾਵਾਂ ਤੱਕ ਨੇ ਇਸ ਮੇਲੇ ਦਾ ਪੂਰਾ ਅਨੰਦ ਮਾਣਿਆ। ਸਟੇਜ ਵੰਨਗੀਆਂ ਦੀ ਸ਼ੁਰੂਆਤ 'ਤਵੀਤੀ' ਗਰੁੱਪ ਦੀਆਂ ਬੱਚੀਆਂ ਨੇ ਕੀਤੀ। ਇਸ ਤੋਂ ਬਾਅਦ ਲਗਾਤਾਰ ਤੋਰ ਪੰਜਾਬ ਦੀ, ਤ੍ਰਿੰਝਣਾ, ਰੂਹ ਪੰਜਾਬ ਦੀ, ਪੰਜਾਬੀ ਹੈਰੀਟੇਜ ਡਾਂਸ ਅਕੈਡਮੀ, ਸਾਂਝ ਗਰੁੱਪ, ਡੇਲੀ ਖਬਰ ਭੰਗੜਾ ਗਰੁੱਪ, ਕੋਹੇਨੂਰ ਭੰਗੜਾ ਗਰੁੱਪ, ਅਤੇ ਵੋਮੈਨ ਕੇਅਰ ਟ੍ਰਸਟ ਦੀਆਂ ਕੁੜੀਆਂ ਨੇ ਖੂਬ ਧਮਾਲ ਪਾਈ। ਪੁਰਾਣੇ ਗੀਤਾਂ ਦੀ ਸਟੇਜ ਉਤੇ ਭਾਵੇਂ ਘਾਟ ਰਹੀ, ਪਰ ਨਵੇਂ ਗੀਤ ਸੰਗੀਤ ਦੇ ਵਿਚ ਨਵੇਂ ਗਾਇਕਾਂ ਦੇ ਗੀਤਾਂ ਉਤੇ ਪੂਰੀ ਧਮਾਲ ਪਾਈ ਗਈ। ਰੌਣਕ ਮੇਲੇ ਤੋਂ ਇਲਾਵਾ ਮਹਿਲਾਵਾਂ ਦੇ ਕਮਿਊਨਿਟੀ ਦੇ ਵਿਚ ਦਿੱਤੇ ਯੋਗਦਾਨ ਦੇ ਲਈ ਦੋ ਸੋਨੇ ਦੇ ਤਮਗੇ ਵੀ ਦਿੱਤੇ ਗਏ। ਪਹਿਲਾ ਤਮਗਾ ਸਿੱਖ ਵੋਮੈਨ ਐਸੋਸੀਏਸ਼ਨ ਦੀ ਪ੍ਰਮੁੱਖ ਕਾਰਜ ਕਰਤਾ ਤੇ ਸਮਾਜ ਸੇਵਿਕਾ ਬੀਬੀ ਜੀਤ ਕੌਰ ਹੋਰਾਂ ਨੂੰ ਆਈਆਂ ਮੁੱਖ ਮਹਿਮਾਨਾਂ ਚੋਂ ਸਾਂਸਦ ਮਲੀਸ਼ਾ ਲੀਅ ਨੇ ਭੇਟ ਕੀਤਾ। ਦੂਜਾ ਤਮਗਾ ਲੀਗਲ ਐਸੋਸੀਏਸ਼ਨ ਦੀ ਨਿਰਦੇਸ਼ਿਕਾ ਤੇ ਵੀਕਲ ਬੀਬਾ ਆਸ਼ਿਮਾ ਸਿੰਘ ਨੂੰ ਰੀਮਾ ਨਾਖਲੇ (ਨੈਸ਼ਨਲ ਪਾਰਟੀ ਉਮੀਦ-ਵਾਰ) ਵੱਲੋਂ ਪਹਿਨਾਇਆ ਗਿਆ। ਇਸ ਤੋਂ ਇਲਾਵਾ ਲੱਕੀ ਡ੍ਰਾਅ ਦੇ ਵਿਚ ਦੋ ਸੋਨੇ ਦੀਆਂ ਵਾਲੀਆਂ ਅਤੇ ਡੇਲੀ ਖਬਰ ਅਦਾਰਾ ਵੱਲੋਂ ਇਕ ਐਪਲ ਘੜੀ ਵੀ ਕੱਢੀ ਗਈ।

ਪਿਊਰ ਬਿਊਟੀ ਪਾਰਲਰ ਅਤੇ ਦਾ ਬਿਊਟੀ ਸਟੇਸ਼ਨ ਵੱਲੋਂ ਵੀ ਗਿਫਟ ਹੈਂਪਰ ਕੱਢੇ ਗਏ। ਸਟੇਜ ਪਰਫਾਰਮੈਂਸ ਤੋਂ ਬਾਅਦ ਖੁੱਲ੍ਹਾ ਅਖਾੜਾ ਵੀ ਲਾਇਆ ਗਿਆ। ਡੀ. ਜੇ ਦੇ ਉਤੇ ਮਹਿਲਾਵਾਂ ਨੇ ਖੂਬ ਗਿੱਧੇ, ਭੰਗੜੇ, ਦੇਸੀ-ਵਿਦੇਸ਼ੀ ਡਾਂਸ ਦੇ ਵੱਟ ਕੱਢੇ।

ਅਰੀਨਾ ਦੇ ਬਾਹਰ ਖਰੀਦੋ-ਫਰੋਖਤ ਦੇ ਲਈ ਕਈ ਤਰਾਂ ਦੇ ਸਟਾਲ ਲੱਗੇ ਹੋਏ ਸਨ ਅਤੇ ਖਾਣ-ਪੀਣ ਦਾ ਵੀ ਸਟਾਲ ਲੱਗਾ ਹੋਇਆ ਸੀ। ਮਹਿਲਾਵਾਂ ਨੇ ਸੂਟ ਅਤੇ ਆਰਟੀਫੀਸ਼ੀਅਲ ਜਿਊਲਰੀ ਵੀ ਖੂਬ ਖਰੀਦੀ।

ਇਸ ਮੇਲੇ ਤੋਂ ਬਾਅਦ ਅਗਲਾ ਮਹਿਲਾਵਾਂ ਦਾ ਮੇਲਾ (ਫੁੱਲਕਾਰੀ ਨਾਈਟ) 5 ਅਗਸਤ ਨੂੰ ਆ ਰਿਹਾ ਹੈ। ਮਾਲਵਾ ਕਲੱਬ ਦੀਆਂ ਮਹਿਲਾ ਮੈਂਬਰਾਂ ਨੇ ਇਸ ਸਬੰਧੀ 'ਫੁੱਲਕਾਰੀ ਨਾਈਟ' ਦਾ ਪੋਸਟਰ ਵੀ ਸਟੇਜ ਉਤੇ ਜਾਰੀ ਕੀਤਾ ਗਿਆ ਅਤੇ ਸੱਦਾ ਦਿੱਤਾ ਗਿਆ ਕਿ 5 ਅਗਸਤ ਨੂੰ ਵੀ ਇਸੇ ਤਰ੍ਹਾਂ ਹੁੰਮਾ ਹੁੰਮਾ ਕੇ ਪੁੱਜੋ।

**– ਹਰਜਿੰਦਰ ਸਿੰਘ ਬਸਿਆਲਾ**

## ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਵੱਲੋਂ ਇਸ ਸਾਲ ਦੀ 'ਫੁੱਲਕਾਰੀ ਨਾਈਟ' 5 ਅਗਸਤ ਨੂੰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਭਾਰਤੀਆਂ ਲਈ ਅਗਸਤ ਮਹੀਨਾ ਹਰ ਸਾਲ 'ਆਜ਼ਾਦੀ ਦਿਵਸ' ਦੇ ਜਸ਼ਨਾਂ ਵਿਚ ਬੀਤਦਾ ਹੈ। ਇਸੇ ਤਰ੍ਹਾਂ ਵਿਦੇਸ਼ੀ ਵਸਦਾ ਭਾਈਚਾਰਾ ਅਤੇ ਭਾਈਚਾਰੇ ਦੀਆਂ ਗ੍ਰਹਿਣੀਆਂ ਜਿੱਥੇ ਆਪਣੀਆਂ ਜ਼ਿੰਮੇਵਾਰੀਆਂ ਸੰਭਾਲਦੀਆਂ ਹਨ ਉਥੇ ਜ਼ਿੰਦਗੀ ਦੀਆਂ ਫੁੱਲ ਪੱਤੀਆਂ ਨੂੰ ਸਾਵਣ ਦੇ ਮਹੀਨੇ 'ਚ ਰੌਣਕ ਮੇਲੇ ਵਿਚ ਬਦਲਣ ਦੇ ਲਈ ਗੀਤ-ਸੰਗੀਤ ਅਤੇ ਸਭਿਆਚਾਰਕ ਪ੍ਰੋਗਰਾਮ ਕਰ ਲੈਂਦੀਆਂ ਹਨ।

ਮਾਲਵਾ ਸਪੋਰਟਸ ਐਂਡ ਕਲਚਰਲ ਕਲੱਬ ਨਿਊਜ਼ੀਲੈਂਡ ਵੱਲੋਂ ਛੇਵਾਂ ਮਹਿਲਾ ਮੇਲਾ ਇਸ ਵਾਰ ਦੂਜੀ 'ਫੁੱਲਕਾਰੀ ਨਾਈਟ' ਦੇ ਰੂਪ ਵਿਚ 5 ਅਗਸਤ ਦਿਨ ਸ਼ਨੀਵਾਰ ਨੂੰ ਸ਼ਾਮ 6 ਵਜੇ ਤੋਂ ਦੇਰ ਰਾਤ ਤੱਕ 'ਡੂ ਡ੍ਰਾਪ ਈਵੈਂਟ ਸੈਂਟਰ' (ਵੋਡਾਫੋਨ) ਮੈਨੁਕਾਓ ਵਿਖੇ ਕਰਵਾਇਆ ਜਾ ਰਿਹਾ ਹੈ। ਇਸ ਸਬੰਧ ਦੇ ਵਿਚ ਕੱਲ੍ਹ ਰੰਗਦਾਰ ਪੋਸਟਰ ਜਾਰੀ ਕੀਤਾ ਗਿਆ ਅਤੇ ਤਾਂ ਕਿ ਐਂਟਰੀ ਪਾਸਾਂ ਦੇ ਲਈ ਸਥਾਨਿਕ ਮਹਿਲਾਵਾਂ ਸੰਪਰਕ ਕਰ ਸਕਣ। ਪੋਸਟਰ ਜਾਰੀ ਕਰਨ ਵੇਲੇ ਇਕੱਤਰ ਮਹਿਲਾਵਾਂ ਨੇ ਜਿੱਥੇ ਬੋਲੀਆਂ ਪਾ ਕੇ ਪੋਸਟਰ ਜਾਰੀ ਕੀਤਾ ਉਥੇ ਨਿਊਜ਼ੀਲੈਂਡ ਵਸਦੀਆਂ ਸਮੂਹ ਭਾਰਤੀ ਮਹਿਲਾਵਾਂ ਨੂੰ 5 ਅਗਸਤ ਨੂੰ ਇਸ ਫੁੱਲਕਾਰੀ ਨਾਈਟ ਦੇ ਵਿਚ ਸ਼ਾਮਿਲ ਹੋਣ ਲਈ ਵੀ ਬੇਨਤੀ ਕੀਤੀ।

ਇਸ ਫੁੱਲਕਾਰੀ ਨਾਈਟ (ਮਹਿਲਾ ਮੇਲੇ) ਦੇ ਵਿਚ ਦਾਖਲਾ ਬਿਲਕੁਲ ਮੁਫਤ ਹੋਵੇਗਾ। ਮੇਲੇ ਵਿਚ ਵੱਖ-ਵੱਖ ਤਰ੍ਹਾਂ ਦੀਆਂ ਸਟੇਜ ਵੰਨਗੀਆਂ ਜਿਵੇਂ ਗਿੱਧਾ ਭੰਗੜਾ ਹੋਣਗੇ ਉਪਰੰਤ ਖੁੱਲ੍ਹੇ ਪੰਡਾਲ ਦੇ ਵਿਚ ਡੀ. ਜੇ. ਉਤੇ ਗੀਤ-ਸੰਗੀਤ ਦਾ ਮਾਹੌਲ ਸਿਰਜਿਆ ਜਾਵੇਗਾ ਤਾਂ ਕਿ ਹਰ ਕੋਈ ਖੁੱਲ੍ਹੇ ਵਿਹੜੇ ਦੇ ਵਿਚ ਸੰਗੀਤਕ ਧੁਨਾਂ ਉਤੇ ਆਪਣੇ ਮਨ ਪ੍ਰਚਾਵੇ ਦੇ ਵਾਸਤੇ ਨੱਚ ਸਕੇ ਅਤੇ ਰੌਣਕਾਂ ਨੂੰ ਹੋਰ ਵਧਾਵੇ। ਭਾਗ ਲੈਣ ਵਾਲੀਆਂ ਮਹਿਲਾਵਾਂ ਦੇ ਲਈ ਕਈ ਤਰ੍ਹਾਂ ਦੇ ਲੱਕੀ ਡਰਾਅ ਰਹਿਣਗੇ ਅਤੇ ਇਨਾਮ ਨਿਕਲਣਗੇ। ਹਾਲ ਦੀ ਸਮਰੱਥਾ 2500 ਹੋਣ ਕਰਕੇ ਇਸ ਤੋਂ ਵੱਧ ਦਾਖਲਾ ਨਹੀਂ ਹੋ ਸਕੇਗਾ ਇਸ ਕਰਕੇ ਸਾਰੀਆਂ ਮਹਿਲਾਵਾਂ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਸਮੇਂ ਸਿਰ ਆ ਕੇ ਆਪਣੇ ਐਂਟਰੀ ਪਾਸ ਪ੍ਰਾਪਤ ਕਰਨ। ਹਾਲ ਭਰਨ ਉਤੇ ਦਾਖਲਾ ਬੰਦ ਕਰ ਦਿੱਤਾ ਜਾਵੇਗਾ।

## ਪਿਛਲੇ 10 ਸਾਲਾਂ ਦੇ ਮੁਕਾਬਲੇ ਅੱਜਕਲ੍ਹ ਕੀਵੀਆਂ ਨੇ ਆਸਟਰੇਲੀਆ ਵੱਲ ਵਹੀਰਾਂ ਘੱਤੀਆਂ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਮਹਿੰਗਾਈ ਦੀ ਮਾਰ ਦਾ ਬਚਾਅ ਕਹਿ ਲਈਏ ਜਾਂ ਜੀਵਨ ਪੱਧਰ ਉਚਾ ਚੁੱਕਣ ਦਾ ਸੁਪਨਾ, ਸਾਲਾਂ ਤੋਂ ਨਿਊਜ਼ੀਲੈਂਡ ਦੇ ਲੋਕ ਆਸਟਰੇਲੀਆ ਵਿਖੇ ਕੰਮ ਕਾਰ ਲਈ ਅਤੇ ਪੱਕੇ ਤੌਰ 'ਤੇ ਪ੍ਰਵਾਸ ਲਈ ਚਲੇ ਜਾਂਦੇ ਹਨ। ਅੱਜ ਕਲ੍ਹ ਇਹ ਦੌੜ ਕੁਝ ਜਿਆਦਾ ਲੱਗੀ ਹੋਈ ਹੈ। ਆਮ ਗੱਲਬਾਤ ਵਿਚ ਲੋਕ ਕਹਿੰਦੇ ਸੁਣੀਦੇ ਹਨ ਕਿ ਉਹ ਵੀ ਗਿਆ... ਉਹ ਵੀ ਗਿਆ। ਜਿਹੜੇ ਪਹਿਲਾਂ ਹੀ ਇਥੇ ਪ੍ਰਵਾਸ ਕਰਕੇ ਆਉਂਦੇ ਸਨ, ਉਹ ਵੀ ਪੱਕੀਆਂ ਮੋਹਰਾਂ ਲਗਦਿਆਂ ਜਾਂ ਨਾਗਰਿਕਤਾ ਹਾਸਿਲ ਕਰਦਿਆਂ ਨੌਕਰੀਆਂ ਵਾਸਤੇ ਗੂਗਲ ਦਾ ਆਸਟਰੇਲੀਆ ਵਾਲਾ 'ਸਰਚ ਇੰਜਣ' ਖੋਲ੍ਹਣਾ ਕਰਨਾ ਸ਼ੁਰੂ ਕਰ ਦਿੰਦੇ ਹਨ। ਵੱਡਾ ਮੁਲਕ ਹੈ ਅਤੇ ਕਿਤਾ ਮੁਹਾਰਿਤ ਲੋਕਾਂ ਦੇ ਲਈ ਉਥੇ ਨੌਕਰੀਆਂ ਦੇ ਕਾਫੀ ਜ਼ਿਆਦਾ ਮੌਕੇ ਹਨ। ਲੋਕਾਂ ਨੂੰ ਘਰਾਂ ਦੀ ਕੀਮਤ ਇਥੇ ਨਾਲੋਂ ਸਸਤੀ ਜਾਪਦੀ ਹੈ ਅਤੇ ਮਹਿੰਗਾਈ ਵੀ ਘੱਟ ਲਗਦੀ ਹੈ। ਅੰਕੜੇ ਦਸਦੇ ਹਨ ਕਿ ਪਿਛਲੇ ਸਾਲ 33,863 ਨਿਊਜ਼ੀਲੈਂਡ ਵਾਸੀ ਆਸਟਰੇਲੀਆ ਵਿਖੇ ਗਏ ਅਤੇ ਉਸਦੇ ਮੁਕਾਬਲੇ 20,431 ਆਸਟਰੇਲੀਆ ਤੋਂ ਲੋਕ ਇਥੇ ਆਏ। ਸੋ ਸ਼ੁੱਧ ਪ੍ਰਵਾਸ 13,432 ਦਾ ਬਣਦਾ ਹੈ ਜੋ ਕਿ ਪਿਛਲੇ 10 ਸਾਲਾਂ ਦੇ ਇਤਿਹਾਸ ਵਿਚ ਜ਼ਿਆਦਾ ਹੈ। ਇਕ ਨਿਊਜ਼ੀਲੈਂਡ ਦੀ ਨਰਸ ਜੋ ਆਪਣੇ ਬੱਚਿਆਂ ਸਮੇਤ ਉਥੇ ਚਲੀ ਗਈ ਹੈ ਨੇ ਕਿਹਾ ਹੈ ਕਿ ਉਹ ਇਥੇ 15 ਦਿਨਾਂ ਦੇ ਵਿਚ ਜੇਕਰ 70 ਘੰਟੇ ਤੱਕ ਕੰਮ ਕਰਕੇ ਜੋ ਕਮਾਉਂਦੀ ਸੀ, ਉਹ ਆਸਟਰੇਲੀਆ ਵਿਖੇ ਹਫਤੇ ਵਿਚ ਚਾਰ ਦਿਨ ਕੰਮ ਕਰਕੇ ਹੀ ਕਮਾ ਲੈਂਦੀ ਹੈ। ਅਪ੍ਰੈਲ ਮਹੀਨੇ ਦੇ ਅੰਕੜੇ ਦਸਦੇ ਹਨ ਕਿ ਪਿਛਲੇ 7 ਮਹੀਨਿਆਂ ਦੇ ਵਿਚ 5000 ਨਿਊਜ਼ੀਲੈਂਡ ਨਰਸਾਂ ਨੇ ਆਸਟਰੇਲੀਆ ਕੰਮ ਕਰਨ ਲਈ ਰਜਿਟ੍ਰੇਸ਼ਨ ਕੀਤੀ ਜਦ ਕਿ ਸਿਰਫ 164 ਆਸਟਰੇਲੀਅਨ ਨਰਸਾਂ ਨੇ ਨਿਊਜ਼ੀਲੈਂਡ ਲਈ ਰਜਿਸਟ੍ਰੇਸ਼ਨ ਕੀਤੀ। ਆਸਟਰੇਲੀਆ ਦੇ ਵਿਚ ਆਮਦਨ ਦੇ ਪਹਿਲੇ 18,200 ਡਾਲਰ ਉਤੇ ਟੈਕਸ ਨਹੀਂ ਲਗਦਾ। ਆਸਟਰੇਲੀਆ ਦੇ ਵਿਚ ਔਸਤਨ ਤਨਖਾਹ 94,000 ਆਸਟਰੇਲੀਅਨ ਡਾਲਰ (101,000 ਨਿਊਜ਼ੀਲੈਂਡ) ਡਾਲਰ ਹੈ

## ਤੀਰਥ ਸਿੰਘ ਅਟਵਾਲ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਦੇ ਪ੍ਰਧਾਨ ਚੁਣੇ ਗਏ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਕਹਿੰਦੇ ਨੇ ਜੇਕਰ ਖੇਡਣ ਅਤੇ ਖਿਡਾਉਣ ਦੀ ਭਾਵਨਾ ਵਧੀਆ ਹੋਵੇ ਤਾਂ ਖੇਡਾਂ ਦਾ ਮਿਆਰ ਅੰਤਰਰਾਸ਼ਟਰੀ ਹੋਣ ਤੋਂ ਵੀ ਅੱਗੇ ਵਧ ਜਾਂਦਾ ਹੈ। ਨਿਊਜ਼ੀਲੈਂਡ ਦੇ ਵਿਚ ਪੰਜਾਬੀਆਂ ਦੀ ਮਾਂ ਖੇਡ ਕਬੱਡੀ ਨੂੰ ਪ੍ਰਫੁੱਲਤ ਕਰਨ ਦੇ ਲਈ ਜਿੱਥੇ ਖੇਡ ਕਲੱਬਾਂ ਦਾ ਵੱਡਾ ਯੋਗਦਾਨ ਹੈ ਉਥੇ ਇਨ੍ਹਾਂ ਨੂੰ ਇਕ ਮਾਲਾ ਵਿਚ ਪਰੋਈ ਰੱਖਣਾ ਅਤੇ ਖੇਡ ਨਿਯਮਾਵਲੀ ਅਧੀਨ ਕਬੱਡੀ ਟੂਰਨਾਮੈਂਟ ਕਰਵਾ ਕੇ ਬਰਾਬਰਤਾ ਕਾਇਮ ਰੱਖਣੀ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਦੇ ਹਿੱਸੇ ਕਈ ਸਾਲਾਂ ਤੋਂ ਆ ਰਿਹਾ ਹੈ। ਅੱਜ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਦੇ ਸਲਾਨਾ ਇਜਲਾਸ ਦੇ ਵਿਚ ਸਰਬ ਸੰਮਤੀ ਦੇ ਨਾਲ ਸ. ਤੀਰਥ ਸਿੰਘ ਅਟਵਾਲ ਨੂੰ ਸਾਲ 2023-24 ਦੇ ਲਈ ਸਰਬ ਸੰਮਤੀ ਦੇ ਨਾਲ ਪ੍ਰਧਾਨ ਚੁਣਿਆ ਗਿਆ। ਉਪ ਪ੍ਰਧਾਨ ਸ. ਜਗਦੇਵ ਸਿੰਘ ਜੱਗੀ ਰਾਮੂਵਾਲੀਆਂ ਨੂੰ ਚੁਣਿਆ ਗਿਆ। ਚੇਅਰਮੈਨ ਦੀ ਸੇਵਾ ਬਿੱਲਾ ਦੁਸਾਂਝ ਨੂੰ ਸੌਂਪੀ ਗਈ। ਬਾਕੀ ਹੋਰ ਨਿਯੁਕਤੀਆਂ ਕਰਦਿਆਂ ਸਕੱਤਰ ਸ. ਵਰਿੰਦਰ ਸਿੱਧੂ, ਸਹਾਇਕ ਸਕੱਤਰ ਸ. ਅਵਤਾਰ ਸਿੰਘ ਤਾਰੀ, ਮੀਡੀਆ ਤਾਲਮੇਲ ਸ. ਹਰਪ੍ਰੀਤ ਸਿੰਘ ਰਾਏਸਰ ਬਣਾਏ ਗਏ, ਫੈਡਰੇਸ਼ਨ ਬੁਲਾਰੇ ਦੀ ਸੇਵਾ ਰਾਣਾ ਹਰਸਿਮਰਤਜੀਤ ਪਾਲ ਸਿੰਘ (ਹੈਰੀ ਰਾਣਾ) ਨੂੰ ਸੌਂਪੀ ਗਈ। ਕਾਰਜਕਾਰੀ ਮੈਂਬਰਾਂ ਵਿਚ ਪ੍ਰਿਥਪਾਲ ਗਰੇਵਾਲ, ਤਲਵਿੰਦਰ ਸੋਹਲ, ਹੈਪੀ ਹੀਰਾ, ਲੱਖਾ ਧਾਲੀਵਾਲ. ਸਤਨਾਮ ਸਿੰਘ ਕਾਲਾ ਸ਼ਾਮਿਲ ਹਨ।



ਵਰਨਣਯੋਗ ਹੈ ਕਿ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਵੱਲੋਂ ਨਿਊਜ਼ੀਲੈਂਡ ਦੇ ਹਰ ਪ੍ਰਮੁੱਖ ਸ਼ਹਿਰ 'ਚ ਕਬੱਡੀ ਮੈਚ ਕਰਵਾਏ ਜਾ ਚੁੱਕੇ ਹਨ ਅਤੇ ਇਕ ਅੰਦਾਜ਼ੇ ਮੁਤਾਬਿਕ 50 ਦੇ ਕਰੀਬ ਟੂਰਨਾਮੈਂਟ ਕਰਵਾਏ ਜਾ ਚੁੱਕੇ ਹਨ। ਨਿਊਜ਼ੀਲੈਂਡ ਸਿੱਖ ਖੇਡਾਂ ਦੀ ਸ਼ੁਰੂਆਤ ਤੋਂ ਲੈ ਕੇ ਇਸ ਵਾਰ 25 ਤੇ 26 ਨਵੰਬਰ ਨੂੰ ਹੋ ਰਹੀਆਂ ਪੰਜਵੀਆਂ ਨਿਊਜ਼ੀਲੈਂਡ ਸਿੱਖ ਖੇਡਾਂ ਦੇ ਵਿਚ ਵੀ ਅਹਿਮ ਯੋਗਦਾਨ ਰਹੇਗਾ। ਫੈਡਰੇਸ਼ਨ ਵੱਲੋਂ ਕਬੱਡੀ ਖਿਡਾਰੀ ਲਈ ਇਕ ਲੱਖ ਦੀ ਮਦਦ ਦਾ ਐਲਾਨ 'ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ' ਦੀ ਅੱਜ ਦੀ ਮੀਟਿੰਗ ਦੇ ਵਿਚ ਪਹਿਲਾ ਪਰਉਪਕਾਰੀ ਕਾਰਜ ਕਰਦਿਆਂ ਫੈਸਲਾ ਲਿਆ ਗਿਆ ਕਿ ਪ੍ਰਸਿੱਧ ਕਬੱਡੀ ਖਿਡਾਰੀ ਵੀਰੀ ਢੈਪਈ ਜਿਸ ਦੀ ਇਕ ਸੜਕ ਦੁਰਘਟਨਾ ਬਾਅਦ ਡਾਕਟਰੀ ਕਾਰਨ ਕਰਕੇ ਇਕ ਲੱਤ ਕੱਟਣੀ ਪਈ ਸੀ, ਦੀ ਵਿੱਚੀ ਸਹਾਇਤਾ ਵਾਸਤੇ ਇਕ ਲੱਖ ਰੁਪਈਆ ਦਿੱਤਾ ਜਾਵੇਗਾ। ਇਸਦੇ ਨਾਲ ਹੀ ਪੰਜਾਬ ਦੇ ਵਿਚ ਹੜ੍ਹਾਂ ਦੀ ਮਾਰ ਹੇਠ ਆਏ ਪੀੜਤ ਪਰਿਵਾਰਾਂ ਦੀ ਵੀ ਮਦਦ ਕੀਤੀ ਜਾਵੇਗੀ। ਵਧਾਈਆਂ: ਨਿਊਜ਼ੀਲੈਂਡ ਸਿੱਖ ਗੇਮਜ਼ ਕਮੇਟੀ ਵੱਲੋਂ ਵੀ ਸ. ਤੀਰਥ ਸਿੰਘ ਅਟਵਾਲ ਨੂੰ ਪ੍ਰਧਾਨ ਦੀ ਸੇਵਾ ਮਿਲਣ ਉਤੇ ਅਤੇ ਬਾਕੀ ਅਹੁਦੇਦਾਰਾਂ ਨੂੰ ਹੋਰ ਜ਼ਿੰਮੇਵਾਰੀਆਂ ਮਿਲਣ ਉਤੇ ਬਹੁਤ ਬਹੁਤ ਵਧਾਈ ਦਿੱਤੀ ਹੈ ਅਤੇ ਖੇਡਾਂ ਦੇ ਵਿਚ ਭਰਪੂਰ ਸਹਿਯੋਗ ਦੀ ਆਸ ਪ੍ਰਗਟ ਕੀਤੀ ਗਈ ਹੈ। ਵਧਾਈਆਂ: ਖੇਡ ਕਲੱਬਾਂ ਵੱਲੋ: ਨਿਊਜ਼ੀਲੈਂਡ ਕਬੱਡੀ ਫੈਡਰੇਸ਼ਨ ਦੇ ਨਾਲ ਜੁੜੀਆਂ ਸਮੁੱਚੀਆਂ ਖੇਡ ਕਲੱਬਾਂ ਵੱਲੋਂ ਵੀ ਸ. ਤੀਰਥ ਸਿੰਘ ਅਟਵਾਲ ਨੂੰ ਪ੍ਰਧਾਨ ਦੀ ਜ਼ਿੰਮੇਵਾਰੀ ਮਿਲਣ ਉਤੇ ਵਧਾਈ ਦਿੱਤੀ ਗਈ ਹੈ। ਕਬੱਲਾਂ ਦਾ ਮੰਨਣਾ ਹੈ ਕਿ ਇਹ ਫੈਡਰੇਸ਼ਨ ਖੇਡ ਭਾਵਨਾ ਦੇ ਅਧਾਰ ਉਤੇ ਰਿਸ਼ਤੇ ਬਣਾਈ ਰੱਖਣ ਦੇ ਵਿਚ ਅਹਿਮ ਭੂਮਿਕਾ ਨਿਭਾਅ ਰਹੀ ਹੈ। ਵਧਾਈਆਂ: ਮੀਡੀਆ ਅਦਾਰੇ: ਪੰਜਾਬੀ ਮੀਡੀਆ 'ਪੰਜਾਬੀ ਹੈਰਲਡ', 'ਰੇਡੀਓ ਸਪਾਈ', 'ਡੇਲੀ ਖਬਰ','ਕੂਕ ਪੰਜਾਬੀ ਸਮਾਚਾਰ' ਨੇ ਵਧਾਈ ਦਿੱਤੀ ਹੈ।

## ਬੀਕੇਯੂ ਉਗਰਾਹਾਂ ਵੱਲੋਂ ਕਿਸਾਨ ਦੀ ਜ਼ਮੀਨ ਉੱਤੇ ਧਨਾਡ ਸੂਦਖੋਰ ਦਾ ਨਜਾਇਜ਼ ਕਬਜ਼ਾ ਖਤਮ ਕਰਨ ਲਈ ਪਿੰਡ ਜੌਲੀਆਂ 'ਚ ਸੂਬਾਈ ਪ੍ਰੋਗਰਾਮ

**ਭਵਾਨੀਗੜ੍ਹ, (ਦਲਜੀਤ ਕੌਰ)–** ਅੱਜ ਭਾਰਤੀ ਕਿਸਾਨ ਯੂਨੀਅਨ ਏਕਤਾ-ਉਗਰਾਹਾਂ ਨੇ ਸੂਬਾ ਪ੍ਰਧਾਨ ਜੋਗਿੰਦਰ ਸਿੰਘ ਉਗਰਾਹਾਂ ਦੀ ਅਗਵਾਈ ਹੇਠ ਬਲਾਕ ਭਵਾਨੀਗੜ੍ਹ ਜ਼ਿਲ੍ਹਾ ਸੰਗਰੂਰ ਦੇ ਪਿੰਡ ਜੋਲੀਆਂ ਵਿਖੇ ਵੱਡਾ ਇਕੱਠ ਕਰਕੇ ਅਵਤਾਰ ਸਿੰਘ ਦੇ ਖੇਤ ਵਿੱਚ ਮਾਵਾਂ-ਭੈਣਾ ਅਤੇ ਕਿਸਾਨਾਂ ਵੱਲੋਂ ਜੀਰੀ ਲਾਈ ਗਈ। ਇਸ ਮੌਕੇ ਸੂਬੇ ਦੇ ਸੀਨੀਅਰ ਮੀਤ ਪ੍ਰਧਾਨ ਝੰਡਾ ਸਿੰਘ ਜੇਠੂਕੇ ਨੇ ਦੱਸਿਆ ਕਿ 18 ਜੁਲਾਈ ਤੋਂ ਐਸ ਐਸ ਪੀ ਸੰਗਰੂਰ ਦਫ਼ਤਰ ਅੱਗੇ ਲਾਇਆ ਜਾਣ ਵਾਲਾ ਪੱਕਾ ਮੋਰਚਾ ਹੜ੍ਹਾਂ ਦੀ ਸਥਿਤੀ ਨੂੰ ਮੁੱਖ ਰੱਖਦਿਆਂ ਫਿਲਹਾਲ ਮੁਲਤਵੀ ਕਰ ਦਿੱਤਾ ਗਿਆ ਹੈ।



ਇਸ ਸੰਬੰਧੀ ਜਾਣਕਾਰੀ ਦਿੰਦਿਆਂ ਜਥੇਬੰਦੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਕੋਕਰੀ ਕਲਾਂ ਨੇ ਦੱਸਿਆ ਕਿ ਜੌਲੀਆਂ ਪਿੰਡ ਦੇ ਗ਼ਰੀਬ ਕਿਸਾਨ ਅਵਤਾਰ ਸਿੰਘ ਵੱਲੋਂ ਸੂਦਖੋਰ ਆੜ੍ਹਤੀਏ ਦੇ 1.54 ਲੱਖ ਰੁਪਏ ਦੇਣੇ ਸਨ। ਭੋਂ ਮਾਫੀਆ ਧਨਾਡ ਬਲਜਿੰਦਰ ਸਿੰਘ ਦੁਆਰਾ 23-24 ਸਾਲ ਪਹਿਲਾਂ ਕਿਸਾਨ ਨੂੰ ਅਗਵਾ ਕਰ ਕੇ ਬੇਤਹਾਸ਼ਾ ਕੁੱਟਮਾਰ ਰਾਹੀਂ ਭਾਰੀ ਵਿਆਜ ਸਮੇਤ 5.62 ਲੱਖ ਰੁਪਏ ਬਣਾ ਕੇ ਉਸਦੀ 20 ਕਨਾਲ ਜ਼ਮੀਨ ਦਾ ਧੱਕੇ ਨਾਲ ਬੈਨਾਮਾ ਲਿਖਵਾ ਲਿਆ। ਫਿਰ ਰਜਿਸਟਰੀ ਤੇ ਇੰਤਕਾਲ ਕਰਵਾ ਕੇ ਸਰਾਸਰ ਨਜਾਇਜ਼ ਕਬਜ਼ਾ ਕੀਤਾ ਗਿਆ ਹੈ। ਇਸ ਕੁੱਟਮਾਰ ਤੋਂ ਪਹਿਲਾਂ ਵੀ ਉਸ ਵੱਲੋਂ ਆ ਰਹੀਆਂ ਧਮਕੀਆਂ ਵਿਰੁੱਧ ਥਾਣਾ ਭਵਾਨੀਗੜ੍ਹ ਵਿੱਚ ਅਵਤਾਰ ਸਿੰਘ ਵੱਲੋਂ ਦਰਜ ਕਰਵਾਈ ਸ਼ਿਕਾਇਤ ਐਸ ਐਸ ਪੀ ਸੰਗਰੂਰ ਨੂੰ ਭੇਜੀ ਜਾ ਚੁੱਕੀ ਸੀ ਅਤੇ ਕੁੱਟਮਾਰ/ ਧੱਕੇਸ਼ਾਹੀ ਤੋਂ ਫੌਰੀ ਬਾਅਦ ਵੀ ਬਾਕਾਇਦਾ ਰਪਟ ਲਿਖਵਾਈ ਗਈ ਸੀ ਪ੍ਰੰਤੂ ਪ੍ਰਸਾਸ਼ਨ ਦੀ ਮਿਲੀ ਭੁਗਤ ਕਾਰਨ ਬਾਰ ਬਾਰ ਗੇੜੇ ਮਾਰਨ ਦੇ ਬਾਵਜੂਦ ਕੋਈ ਕਾਰਵਾਈ ਨਹੀਂ ਕੀਤੀ ਗਈ। ਇਸ ਧੱਕੇਸ਼ਾਹੀ ਵਿਰੁੱਧ ਕਿਸਾਨ ਨੂੰ ਇਨਸਾਫ਼ ਦਿਵਾਉਣ ਲਈ ਜਥੇਬੰਦੀ ਵੱਲੋਂ ਢਾਈ ਤਿੰਨ ਮਹੀਨਿਆਂ ਤੋਂ ਪੁਲਿਸ ਤੇ ਸਿਵਲ ਅਧਿਕਾਰੀਆਂ ਤੱਕ ਵਾਰ ਵਾਰ ਪਹੁੰਚ ਕੀਤੀ ਗਈ ਹੈ। ਕੁੱਟਮਾਰ/ਧੱਕੇਸ਼ਾਹੀ ਬਾਰੇ ਤੱਥਾਂ ਦੀ ਪੂਰੇ ਪਿੰਡ ਵੱਲੋਂ ਪੁਸ਼ਟੀ ਕਰਨ ਦੇ ਬਾਵਜੂਦ ਪ੍ਰਸ਼ਾਸਨ ਟੱਸ ਤੋਂ ਮੱਸ ਨਹੀਂ ਹੋ ਰਿਹਾ। ਸਿਤਮਜ਼ਰੀਫੀ ਇਹ ਕਿ 50000 ਰੁਪਏ ਦੇ ਲੈਣ ਦੇਣ ਬਦਲੇ ਇੱਕ ਹੋਰ ਸੂਦਖੋਰ/ ਦੁਕਾਨਦਾਰ ਮਨੀਸ਼ ਗੋਇਲ ਕਿਸਾਨ ਅਵਤਾਰ ਸਿੰਘ ਦੀ ਬਾਕੀ ਬਚੀ 2 ਕਨਾਲਾਂ ਜ਼ਮੀਨ ਦੀ ਵੀ ਕੁਰਕੀ ਨਿਲਾਮੀ ਦੇ ਅਦਾਲਤੀ ਹੁਕਮ ਲਾਗੂ ਕਰਨ ਲਈ ਜ਼ੋਰ ਮਾਰ ਰਿਹਾ ਹੈ। ਉਨ੍ਹਾਂ ਕਿਹਾ ਕਿ ਜਥੇਬੰਦੀ ਦਾ ਫੈਸਲਾ ਹੈ ਕਿ ਇਹ ਨਜਾਇਜ਼ ਕਬਜ਼ੇ ਕਿਸੇ ਵੀ ਕੀਮਤ ਉਤੇ ਕਾਮਯਾਬ ਨਹੀਂ ਹੋਣ ਦਿੱਤੇ ਜਾਣਗੇ।

ਇਸ ਮੌਕੇ ਸੂਬਾ ਮੀਤ ਪ੍ਰਧਾਨ ਜਨਕ ਸਿੰਘ ਭੁਟਾਲ, ਸੂਬਾ ਸਕੱਤਰ ਸ਼ਿਗਾਰਾ ਸਿੰਘ ਮਾਨ, ਸੂਬਾ ਮੀਤ ਪ੍ਰਧਾਨ ਰੂਪ ਸਿੰਘ ਛੰਨਾ, ਸੂਬਾ ਸਕੱਤਰ ਜਗਤਾਰ ਸਿੰਘ ਕਾਲਾਝਾੜ, ਸੰਗਰੂਰ ਜਿਲੇ ਦੇ ਪ੍ਰਧਾਨ ਅਮਰੀਕ ਸਿੰਘ ਗੰਢੂਆਂ, ਜਰਨਲ ਸਕੱਤਰ ਦਰਵਾਰਾ ਸਿੰਘ ਛਾਜਲਾ, ਮਾਨਸਾ ਜਿਲੇ ਦੇ ਪ੍ਰਧਾਨ ਰਾਮ ਸਿੰਘ ਭੈਣੀ, ਪਟਿਆਲਾ ਜਿਲ੍ਹੇ ਦੇ ਪ੍ਰਧਾਨ ਜਸਵਿੰਦਰ ਸਿੰਘ ਬਰਾਸ, ਮਲੇਰਕੋਟਲੇ ਦੇ ਪ੍ਰਧਾਨ ਕੁਲਵਿੰਦਰ ਸਿੰਘ ਭੂਦਨ ਅਤੇ ਸਾਰੇ ਜਿਲਿਆ ਦੇ ਆਗੂ ਅਤੇ ਵੱਡੀ ਗਿਣਤੀ ਵਿੱਚ ਕਿਸਾਨ ਮਜ਼ਦੂਰ ਨੌਜਵਾਨ ਅਤੇ ਮਾਵਾਂ ਭੈਣਾਂ ਪਹੁੰਚੀਆ ਹੋਈਆਂ ਸਨ।

# ਉਦੇ ਥਾਪਰ ਵੱਲੋਂ ਬਣਾਏ ਸਾਈਕਲਾਂ ਨਾਲ ਲੋਕ ਲੈਂਦੇ ਨੇ ਸੈਲਫੀਆਂ

**ਲੁਧਿਆਣਾ-** ਕਹਿੰਦੇ ਨੇ ਹਨ ਕਿ ਸ਼ੌਕ ਦਾ ਕੋਈ ਮੁੱਲ ਨਹੀਂ ਹੁੰਦਾ ਤੇ ਅਜਿਹਾ ਹੀ ਨੌਜਵਾਨ ਉਦੇ ਥਾਪਰ ਲੁਧਿਆਣਾ ਦਾ ਵਸਨੀਕ ਹੈ, ਜਿਸ ਸਾਇਕਲਿੰਗ ਦਾ ਬਚਪਨ ਤੋਂ ਹੀ ਸ਼ੌਕ ਹੈ ਅਤੇ ਉਸ ਕੋਲ ਸਾਈਕਲਾਂ ਦੀ ਅਜਿਹੀ ਕੁਲੈਕਸ਼ਨ ਹੈ, ਜੋ ਸ਼ਾਇਦ ਹੀ ਕਿਸੇ ਕੋਲ ਪੂਰੇ ਦੇਸ਼ ਵਿੱਚ ਹੋਵੇਗੀ। ਉਦੇ ਸਾਈਕਲ ਖਰੀਦਣ ਦੇ ਨਾਲ ਸਾਈਕਲ ਬਣਾਉਣ ਦਾ ਵੀ ਸ਼ੌਕ ਰੱਖਦਾ ਹੈ, ਉਹ ਹੁਣ ਤੱਕ ਚਾਰ ਅਜਿਹੇ ਸਾਈਕਲਾਂ ਦਾ ਨਿਰਮਾਣ ਕਰ ਚੁੱਕਾ ਹੈ, ਜਿਸ ਨੂੰ ਲੋਕ ਵੇਖ ਕੇ ਸੈਲਫੀਆਂ ਲੈਂਦੇ ਹਨ। ਦਰਅਸਲ ਉਦੇ ਆਟੋ ਪਾਰਟਸ ਫੈਕਟਰੀ ਚਲਾਉਂਦਾ ਹੈ, 4 ਸਾਲ ਦੀ ਉਮਰ ਦੇ ਵਿੱਚ ਜਦੋਂ ਉਸ ਨੇ ਸਾਇਕਲਿੰਗ ਸ਼ੁਰੂ ਕੀਤੀ ਤਾਂ ਉਸ ਨੂੰ ਇੱਕ ਵੱਖਰੀ ਹੀ ਆਜ਼ਾਦੀ ਦਾ ਅਹਿਸਾਸ ਹੋਇਆ, ਜਿਸ ਤੋਂ ਬਾਅਦ ਉਸ ਨੇ ਪਿੱਛੇ ਮੁੜ ਕੇ ਨਹੀਂ ਵੇਖਿਆ।

ਉਦੇ ਚਾਰ ਸਾਈਕਲਾਂ ਦਾ ਨਿਰਮਾਣ ਕਰ ਚੁੱਕਾ ਹੈ। ਇਨ੍ਹਾਂ ਵਿੱਚ ਇੱਕ ਸਾਈਕਲ ਪੰਜ ਫੁੱਟ ਉੱਚੀ ਹੈ, ਜਿਸ ਨੂੰ ਉਹ ਖੁਦ ਹੀ ਚਲਾਉਂਦਾ ਹੈ। ਜਦੋਂ ਇਹ ਸਾਈਕਲ ਲੈ ਕੇ ਉਹ ਸੜਕਾਂ ਉੱਤੇ ਉਤਰਦਾ ਹੈ ਤਾਂ ਲੋਕ ਸੈਲਫੀਆਂ ਲੈਂਦੇ ਹਨ। ਇੱਕ ਸਾਈਕਲ ਉਸ ਨੇ ਅਜਿਹੀ ਬਣਾਈ ਹੈ ਜੋ ਕਾਫ਼ੀ ਨੀਵੀਂ ਹੈ, ਮਹਿਜ਼ ਧਰਤੀ ਤੋਂ 2 ਫੁੱਟ ਉੱਚੀ। ਇਸ ਸਾਈਕਲ ਵੀ ਲੋਕ ਕਾਫ਼ੀ ਪਸੰਦ ਕਰਦੇ ਨੇ ਇਹ ਸਾਰੀ ਸਾਇਕਲ ਉਸ ਨੇ ਖੁਦ ਹੀ ਬਣਾਈਆਂ ਹਨ। ਉਦੇ ਹੁਣ ਤੱਕ ਚਾਰ ਸਾਇਕਲ ਬਣਾ ਚੁੱਕਾ ਹੈ ਅਤੇ ਹਾਲੇ ਵੀ ਉਹ ਸਾਈਕਲਾਂ ਬਣਾ ਰਿਹਾ ਹੈ। ਇਹ ਸਾਈਕਲ ਕਿਸੇ ਨੂੰ ਵੇਚਣ ਲਈ ਨਹੀਂ ਸਗੋਂ



ਖੁੱਦ ਦੇ ਲਈ ਬਣਾਉਂਦਾ ਹੈ।

ਉਦੇ ਕੋਲ 20 ਦੇ ਕਰੀਬ ਸਾਈਕਲ ਹਨ, ਉਸ ਦੇ ਘਰ ਵਿੱਚ ਹਰ ਕੋਨੇ ਹਰ ਕਮਰੇ ਵਿੱਚ ਸਾਈਕਲ ਖੜ੍ਹੀ ਹੈ। 2 ਲੱਖ ਰੁਪਏ ਤੋਂ ਲੈ ਕੇ ਹਜ਼ਾਰਾਂ ਰੁਪਏ ਤੱਕ ਦੀ ਵੀ ਉਸ ਕੋਲ ਸਾਈਕਲ ਉਪਲਬਧ ਹਨ। ਉਸਦੇ ਕੋਲ ਵਿਦੇਸ਼ੀ ਸਾਈਕਲਾਂ ਦੀ ਵੱਡੀ ਕੁਲੈਕਸ਼ਨ ਹੈ। ਇਕ ਪਹੀਏ ਵਾਲੇ ਸਾਈਕਲ, 4 ਪੈਡਲਾਂ ਵਾਲੇ ਸਾਈਕਲ, ਫੋਲਡ ਹੋਣ ਵਾਲੀ ਸਾਈਕਲ ਹੈ, ਅਮਰੀਕਾ, ਆਸਟ੍ਰੇਲੀਆ, ਫਰਾਂਸ, ਜਪਾਨ ਆਦਿ ਮੁਲਕਾਂ ਦੀਆਂ ਸਾਈਕਲ ਉਸ ਕੋਲ ਮੌਜੂਦ ਹਨ। ਜਦੋਂ ਵੀ ਉਹ ਕਿਸੇ ਕੰਮ ਦੇ ਸਿਲਸਿਲੇ ਵਿੱਚ ਕਿਸੇ ਵੀ ਮੁਲਕ ਦੇ ਵਿੱਚ ਜਾਂਦਾ ਹੈ ਤਾਂ ਉੱਥੋਂ ਸਾਈਕਲ ਜ਼ਰੂਰ ਖਰੀਦ ਕੇ ਲੈ ਕੇ ਆਉਂਦਾ ਹੈ। ਕਿਸੇ ਵੀ ਥਾਂ ਉੱਤੇ ਘੁੰਮਣ ਜਾਣ ਵੇਲੇ ਵੀ ਉਹ ਆਪਣੀ ਸਾਈਕਲ ਆਪਣੇ ਨਾਲ ਲੈਕੇ ਜਾਂਦਾ ਹੈ।

ਉਦੇ ਦੀ ਫੈਕਟਰੀ ਉਸਦੇ ਘਰ ਤੋਂ 18 ਕਿਲੋਮੀਟਰ ਦੂਰ ਹੈ। ਜ਼ਿਆਦਾਤਰ ਉਹ ਸਾਈਕਲ ਉੱਤੇ ਹੀ ਆਪਣੀ ਫੈਕਟਰੀ ਵਿੱਚ ਜਾਣਾ ਪਸੰਦ ਕਰਦਾ ਹੈ, ਹਾਲਾਂਕਿ ਆਪਣੀ ਸੁਵਿਧਾ ਲਈ ਉਸ ਨੇ ਫੈਕਟਰੀ ਦੇ ਵਿਚ ਕਾਰਾਂ ਵੀ ਰੱਖੀਆਂ ਹਨ। ਬਾਰਿਸ਼ ਵਿੱਚ ਜਾਂ ਜ਼ਿਆਦਾ ਗਰਮੀ, ਜ਼ਿਆਦਾ ਠੰਡ ਵਿੱਚ ਉਹ ਕਾਰ ਦੀ ਵਰਤੋਂ ਕਰਦਾ ਹੈ, ਪਰ ਜ਼ਿਆਦਾਤਰ ਸਾਈਕਲ ਚਲਾਉਂਦਾ ਹੈ। ਉਨ੍ਹਾਂ ਕਿਹਾ ਕਿ ਸਾਈਕਲ ਅਜਿਹੀ ਸਵਾਰੀ ਹੈ ਜੇਕਰ ਲੋਕ ਇਸ ਨੂੰ ਚਲਾਉਣ ਤਾਂ ਕਈ ਬਿਮਾਰੀਆਂ ਦੂਰ ਹੋ ਸਕਦੀਆਂ ਹਨ। ਉਹਨਾਂ ਕਿਹਾ ਕਿ ਜੇਕਰ ਲੋਕ ਸਾਈਕਲਿੰਗ ਕਰਨਗੇ ਤਾਂ ਉਹਨਾਂ ਨੂੰ ਨਾ ਤਾਂ ਜਿਮ ਜਾਣ ਦੀ ਲੋੜ ਪਵੇਗੀ ਅਤੇ ਨਾ ਹੀ ਬਿਮਾਰ ਹੋਣ ਤੋਂ ਬਾਅਦ ਹਸਪਤਾਲਾਂ ਦੇ ਮਹਿੰਗੇ ਬਿੱਲ ਦੇਣੇ ਪੈਣਗੇ। ਉਨ੍ਹਾਂ ਕਿਹਾ ਕਿ ਸਾਈਕਲ ਸਮੇਂ ਦੀ ਲੋੜ ਹੈ ਇਸ ਨੂੰ ਗਰੀਬੀ ਨਾਲ ਜੋੜ ਕੇ ਨਾ ਵੇਖਿਆ ਜਾਵੇ ਇਸ ਨੂੰ ਆਪਣੀ ਫਿਟਨੈਸ ਅਤੇ ਆਪਣੀ ਲੋੜ ਦੇ ਮੁਤਾਬਿਕ ਵਰਤਿਆ ਜਾਣਾ ਚਾਹੀਦਾ ਹੈ।

# ਅਮਰੀਕਾ ਤੋਂ ਲੈ ਕੇ ਯੂਰਪ ਤੱਕ ਹੀਟਵੇਵ, ਲੋਕ ਹੋਏ ਬੇਹਾਲ



**ਜਾਰਡਨ-** ਅਮਰੀਕਾ ਤੋਂ ਲੈ ਕੇ ਯੂਰਪ ਅਤੇ ਜਾਪਾਨ ਤੱਕ ਲੋਕ ਖ਼ਤਰਨਾਕ ਗਰਮੀ ਦਾ ਸਾਹਮਣਾ ਕਰ ਰਹੇ ਹਨ। ਨਿੱਜੀ ਅਖ਼ਬਾਰ ਦੀ ਰਿਪੋਰਟ ਮੁਤਾਬਕ ਇਸ ਸਮੇਂ ਪੂਰੀ ਦੁਨੀਆ 'ਚ ਰਿਕਾਰਡ ਗਰਮੀ ਪੈ ਰਹੀ ਹੈ। ਗਲੋਬਲ ਵਾਰਮਿੰਗ ਤੋਂ ਵੱਧ ਰਹੇ ਖ਼ਤਰੇ ਦੀ ਤਾਜ਼ਾ ਉਦਾਹਰਣ। ਯੂਰਪ ਦੇ ਸਿਹਤ ਮੰਤਰਾਲੇ ਨੇ ਕਿਹਾ ਕਿ ਰੋਮ, ਬੋਲੋਨਾ ਅਤੇ ਫਲੋਰੈਂਸ ਸਮੇਤ 16 ਸ਼ਹਿਰਾਂ ਲਈ ਰੈਡ ਅਲਰਟ ਜਾਰੀ ਕੀਤਾ ਗਿਆ ਹੈ। ਇਟਲੀ ਵਿਚ ਸ਼ਨੀਵਾਰ ਇਤਿਹਾਸਕ ਤੌਰ 'ਤੇ ਗਰਮ ਰਿਹਾ ਹੈ।ਮੌਸਮ ਵਿਗਿਆਨ ਕੇਂਦਰ ਵੱਲੋਂ ਜਾਰੀ ਸੂਚਨਾ ਅਨੁਸਾਰ ਇਟਲੀ ਵਿੱਚ ਰਹਿਣ ਵਾਲੇ ਲੋਕਾਂ ਨੂੰ ਹੁਣ ਤੱਕ ਦੀ ਸਭ ਤੋਂ ਤੇਜ਼ ਗਰਮੀ ਅਤੇ ਸਭ ਤੋਂ ਗਰਮ ਮੌਸਮ ਲਈ ਤਿਆਰ ਰਹਿਣ ਦੀ ਚੇਤਾਵਨੀ ਦਿੱਤੀ ਗਈ ਹੈ। ਰੋਮ ਵਿੱਚ ਪਾਰਾ ਸੋਮਵਾਰ ਨੂੰ 40 ਡਿਗਰੀ ਸੈਲਸੀਅਸ ਅਤੇ ਮੰਗਲਵਾਰ ਨੂੰ 43 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ, ਜੋ ਅਗਸਤ 2007 ਵਿੱਚ ਸੈੱਟ ਕੀਤੇ ਗਏ 40.5 ਡਿਗਰੀ ਸੈਲਸੀਅਸ ਦੇ ਰਿਕਾਰਡ ਉੱਚੇ ਪੱਧਰ ਨੂੰ ਪਾਰ ਕਰਦਾ ਹੈ। ਯੂਰਪੀਅਨ ਸਪੇਸ ਏਜੰਸੀ ਨੇ ਚੇਤਾਵਨੀ ਦਿੱਤੀ ਹੈ ਕਿ ਸਿਸਲੀ ਅਤੇ ਸਾਰਡੀਨੀਆ ਟਾਪੂ 48 ਡਿਗਰੀ ਸੈਲਸੀਅਸ ਦੇ ਉੱਚ ਤਾਪਮਾਨ ਕਾਰਨ ਸੁੱਕ ਸਕਦੇ ਹਨ। ਸ਼ਾਇਦ ਯੂਰਪ ਵਿੱਚ ਹੁਣ ਤੱਕ ਦਾ ਸਭ ਤੋਂ ਗਰਮ ਤਾਪਮਾਨ ਰਿਕਾਰਡ ਕੀਤਾ ਗਿਆ ਹੈ।

ਯੂਰਪ ਦੀ ਰਾਸ਼ਟਰੀ ਮੌਸਮ ਸੇਵਾ ਏਐਮਵਾਈ ਦੇ ਅਨੁਸਾਰ, ਸ਼ਨੀਵਾਰ ਨੂੰ ਦੇਸ਼ ਦੇ ਕੁਝ ਹਿੱਸਿਆਂ ਵਿੱਚ ਵੱਧ ਤੋਂ ਵੱਧ ਤਾਪਮਾਨ 44 ਡਿਗਰੀ ਸੈਲਸੀਅਸ ਤੱਕ ਪਹੁੰਚ ਸਕਦਾ ਹੈ। ਕੇਂਦਰੀ ਸ਼ਹਿਰ ਥੀਬਸ ਵਿੱਚ ਸ਼ੁੱਕਰਵਾਰ ਨੂੰ 44.2 ਡਿਗਰੀ ਸੈਲਸੀਅਸ ਤਾਪਮਾਨ ਦਰਜ ਕੀਤਾ ਗਿਆ। ਐਥਨਜ਼ ਦਾ ਪ੍ਰਮੁੱਖ ਸੈਲਾਨੀ ਆਕਰਸ਼ਣ ਐਕ੍ਰੋਪੋਲਿਸ ਲਗਾਤਾਰ ਦੂਜੇ ਦਿਨ ਸ਼ਨੀਵਾਰ ਸਭ ਤੋਂ ਗਰਮ ਰਿਹਾ। ਇੱਥੇ ਤਾਪਮਾਨ 41 ਡਿਗਰੀ ਸੈਲਸੀਅਸ (106 ਫਾਰਨਹੀਟ) ਤੱਕ ਪਹੁੰਚ ਗਿਆ। ਰਾਜਧਾਨੀ ਦੇ ਕਈ ਪਾਰਕ ਗਰਮੀ ਕਾਰਨ ਬੰਦ ਕਰ ਦਿੱਤੇ ਗਏ। ਫਰਾਂਸ, ਜਰਮਨੀ, ਸਪੇਨ ਅਤੇ ਪੋਲੈਂਡ ਦੇ ਖੇਤਰ ਵੀ ਅੱਤ ਦੀ ਗਰਮੀ ਦਾ ਸਾਹਮਣਾ ਕਰ ਰਹੇ ਹਨ।

ਪੂਰਬੀ ਜਾਪਾਨ ਦੇ ਕੁਝ ਹਿੱਸਿਆਂ ਵਿੱਚ ਐਤਵਾਰ ਅਤੇ ਸੋਮਵਾਰ ਨੂੰ ਤਾਪਮਾਨ 38 ਤੋਂ 39 ਡਿਗਰੀ ਸੈਲਸੀਅਸ ਤੱਕ ਪਹੁੰਚਣ ਦੀ ਸੰਭਾਵਨਾ ਹੈ। ਮੌਸਮ ਏਜੰਸੀ ਨੇ ਚਿਤਾਵਨੀ ਦਿੱਤੀ ਹੈ ਕਿ ਤਾਪਮਾਨ ਪਿਛਲੇ ਰਿਕਾਰਡ ਨੂੰ ਤੋੜ ਸਕਦਾ ਹੈ। ਇਸ ਦੌਰਾਨ, ਜਾਪਾਨ ਦੇ ਰਾਸ਼ਟਰੀ ਪ੍ਰਸਾਰਕ ਐਨਐਚਕੇ ਨੇ ਰਿਪੋਰਟ ਦਿੱਤੀ ਕਿ ਉੱਤਰੀ ਸ਼ਹਿਰ ਅਕੀਤਾ ਵਿੱਚ ਪੂਰੇ ਜੁਲਾਈ ਮਹੀਨੇ ਦੇ ਮੁਕਾਬਲੇ ਅੱਧੇ ਦਿਨ ਵਿੱਚ ਜ਼ਿਆਦਾ ਮੀਂਹ ਪਿਆ। ਭਾਰੀ ਮੀਂਹ ਕਾਰਨ ਘੱਟੋ-ਘੱਟ ਇੱਕ ਥਾਂ 'ਤੇ ਢਿੱਗਾਂ ਡਿੱਗੀਆਂ। ਜਿਸ ਕਾਰਨ 9000 ਲੋਕਾਂ ਨੂੰ ਆਪਣੇ ਘਰ ਖਾਲੀ ਕਰਨ ਲਈ ਮਜ਼ਬੂਰ ਹੋਣਾ ਪਿਆ। ਜਾਪਾਨ ਦੀ ਮੌਸਮ ਵਿਗਿਆਨ ਏਜੰਸੀ ਨੇ ਕਿਹਾ ਕਿ 'ਹੁਣ ਤੱਕ ਰਿਕਾਰਡ ਕੀਤੀ ਗਈ ਸਭ ਤੋਂ ਭਾਰੀ ਬਾਰਿਸ਼' ਵਜੋਂ ਵਰਣਿਤ, ਦੱਖਣੀ ਜਾਪਾਨ ਵਿੱਚ ਵੀ ਹਾਲ ਹੀ ਦੇ ਹਫ਼ਤਿਆਂ ਵਿੱਚ ਭਾਰੀ ਮੀਂਹ ਪਿਆ ਹੈ, ਜਿਸ ਵਿੱਚ ਘੱਟੋ-ਘੱਟ 11 ਲੋਕਾਂ ਦੀ ਮੌਤ ਹੋ ਗਈ ਹੈ।


ਅਮਰੀਕਾ ਦੇ ਕੈਲੀਫੋਰਨੀਆ ਤੋਂ ਟੈਕਸਾਸ ਤੱਕ ਭਿਆਨਕ ਗਰਮੀ ਦੀ ਲਹਿਰ ਮਹਿਸੂਸ ਕੀਤੀ ਜਾ ਰਹੀ ਹੈ, ਜਿਸ ਦੇ ਇਸ ਹਫ਼ਤੇ ਦੇ ਅੰਤ ਤੱਕ ਆਪਣੇ ਸਿਖਰ 'ਤੇ ਪਹੁੰਚਣ ਦੀ ਸੰਭਾਵਨਾ ਹੈ। ਸਭ ਤੋਂ ਵੱਧ ਪ੍ਰਭਾਵਿਤ ਰਾਜਾਂ ਵਿੱਚੋਂ ਇੱਕ ਐਰੀਜ਼ੋਨਾ ਦੇ ਵਸਨੀਕ ਹੁਣ ਤੱਕ ਦੇ ਸਭ ਤੋਂ ਗਰਮ ਮੌਸਮ ਦਾ ਸਾਹਮਣਾ ਕਰ ਰਹੇ ਹਨ। ਅਮਰੀਕੀ ਰਾਸ਼ਟਰੀ ਮੌਸਮ ਸੇਵਾ ਦੇ ਅਨੁਸਾਰ, ਐਰੀਜ਼ੋਨਾ ਦੀ ਰਾਜਧਾਨੀ ਫੀਨਿਕਸ ਵਿੱਚ ਸ਼ੁੱਕਰਵਾਰ ਨੂੰ ਲਗਾਤਾਰ 15ਵੇਂ ਦਿਨ ਤਾਪਮਾਨ 43 ਡਿਗਰੀ ਸੈਲਸੀਅਸ ਤੋਂ ਉੱਪਰ ਦਰਜ ਕੀਤਾ ਗਿਆ।

ਵ੍ਹਾਈਟ ਹਾਊਸ ਦੀ ਜਲਵਾਯੂ ਨੀਤੀ ਸਲਾਹਕਾਰ ਹੰਨਾਹ ਸੈਫੋਰਡ ਨੇ ਅਲ ਜਜ਼ੀਰਾ ਨੂੰ ਦੱਸਿਆ ਕਿ ਘੱਟ ਆਮਦਨੀ ਵਾਲੇ ਭਾਈਚਾਰੇ ਹੀਟਵੇਵ ਤੋਂ ਸਭ ਤੋਂ ਵੱਧ ਪ੍ਰਭਾਵਿਤ ਹੋਏ ਹਨ। ਉਨ੍ਹਾਂ ਕਿਹਾ ਕਿ ਲੋਕਾਂ ਨੂੰ ਪਿਛਲੇ ਕਈ ਹਫ਼ਤਿਆਂ ਤੋਂ ਰਿਕਾਰਡ ਤੋੜ ਗਰਮੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਸੈਫੋਰਡ ਨੇ ਕਿਹਾ ਕਿ ਇਹ ਸਿਰਫ਼ ਇੱਕ ਭੂਗੋਲਿਕ ਖੇਤਰ ਨਹੀਂ ਹੈ ਜਿੱਥੇ ਅਸੀਂ ਭਾਈਚਾਰਿਆਂ ਨੂੰ ਅਸਪਸ਼ਟ ਤੌਰ 'ਤੇ ਪ੍ਰਭਾਵਿਤ ਹੁੰਦੇ ਦੇਖ ਰਹੇ ਹਾਂ। ਅਸੀਂ ਜਾਣਦੇ ਹਾਂ ਕਿ ਸਭ ਤੋਂ ਕਮਜ਼ੋਰ, ਸਭ ਤੋਂ ਘੱਟ ਆਮਦਨੀ ਵਾਲੇ ਅਮਰੀਕੀਆਂ ਨੇ ਇਤਿਹਾਸਕ ਤੌਰ 'ਤੇ ਜਲਵਾਯੂ ਤਬਦੀਲੀ ਦੀ ਮਾਰ ਝੱਲੀ ਹੈ। ਇਹ ਉਹ ਲੋਕ ਹਨ ਜਿਨ੍ਹਾਂ ਨੂੰ ਬਾਹਰ ਕੰਮ ਕਰਨਾ ਪੈਂਦਾ ਹੈ, ਜਿਨ੍ਹਾਂ ਦੇ ਘਰਾਂ ਵਿੱਚ ਕੂਲਿੰਗ ਸਿਸਟਮ ਨਹੀਂ ਹੈ, ਇਸ ਲਈ ਅਸੀਂ ਉਨ੍ਹਾਂ ਕਮਿਊਨਿਟੀਆਂ ਵੱਲ ਵਿਸ਼ੇਸ਼ ਧਿਆਨ ਦੇ ਰਹੇ ਹਾਂ।

# ਪੇਰੂ 'ਚ ਫੈਲਿਆ ਨਵਾਂ ਜਾਨਲੇਵਾ ਵਾਇਰਸ ਗੁਇਲੇਨ-ਬੈਰੇ ਸਿੰਡਰੋਮ

## ਜੂਨ ਤੋਂ ਲੈ ਕੇ ਹੁਣ ਤੱਕ 182 ਮਾਮਲੇ ਦਰਜ ਕੀਤੇ

**ਲੀਮਾ-** ਦੱਖਣੀ ਅਮਰੀਕੀ ਰਾਜ ਪੇਰੂ ਨੇ ਗੁਇਲੇਨ-ਬੈਰੇ ਸਿੰਡਰੋਮ ਦਾ ਪਤਾ ਲੱਗਣ ਤੋਂ ਬਾਅਦ ਸਿਹਤ ਐਮਰਜੈਂਸੀ ਦਾ ਐਲਾਨ ਕੀਤਾ ਹੈ। ਐਮਰਜੈਂਸੀ ਦੀ ਸਥਿਤੀ 90 ਦਿਨਾਂ ਤੱਕ ਰਹੇਗੀ ,ਕਿਉਂਕਿ ਅਧਿਕਾਰੀ ਇਹਨਾਂ ਮਾਮਲਿਆਂ ਵਿੱਚ ਮਰੀਜ਼ਾਂ ਦੀ ਬਹੁਗਿਣਤੀ' ਦਾ ਇਲਾਜ ਕਰ ਰਹੇ ਗਈ ਹੈ। ਉਸਨੇ ਕਿਹਾ ਕਿ ਕੇਸਾਂ ਵਿੱਚ ਵਾਧੇ ਦਾ ਮਤਲਬ 'ਐਂਟੀਬਾਡੀਜ਼ ਦੀ ਘਾਟ' ਹੋ ਸਕਦਾ ਹੈ। ਬੀਤੇ ਦਿਨੀਂ ਪ੍ਰਕਾਸ਼ਿਤ ਆਪਣੇ ਅਧਿਕਾਰਤ ਬਿਆਨ ਵਿੱਚ, ਪੇਰੂ ਦੀ ਸਰਕਾਰ ਨੇ ਕਿਹਾ ਕਿ 23 ਜੂਨ ਤੱਕ, 103 ਕੇਸ ਦਰਜ ਕੀਤੇ ਗਏ ਸਨ।




ਪੇਰੂ ਦੇ ਰਾਸ਼ਟਰਪਤੀ ਦੀਨਾ ਬੋਲੁਆਰਤੇ ਦੇ ਆਦੇਸ਼ ਵਿੱਚ ਇਹ ਵੀ ਕਿਹਾ ਗਿਆ ਹੈ ਕਿ ਮਰੀਜ਼ਾਂ ਦੀ ਦੇਖਭਾਲ ਵਿੱਚ ਸੁਧਾਰ ਕਰਨ, ਕੇਸਾਂ ਦੀ ਗਿਣਤੀ 'ਤੇ ਨਿਯੰਤਰਣ ਪ੍ਰਾਪਤ ਕਰਨ ਅਤੇ ਰਿਪੋਰਟਾਂ ਤਿਆਰ ਕਰਨ ਲਈ ਲਗਭਗ 3.27 ਮਿਲੀਅਨ ਡਾਲਰ ਅਲਾਟ ਕੀਤੇ ਜਾਣਗੇ। ਜੀਬੀਐਸ ਇੱਕ ਨਿਊਰੋਲਾਜੀਕਲ ਡਿਸਆਰਡਰ ਅਤੇ ਇੱਕ ਆਟੋਇਮਿਊਨ ਰੋਗ ਹੈ। ਇਸ ਬਿਮਾਰੀ ਦਾ ਪਹਿਲਾ ਲੱਛਣ ਤੁਹਾਡੇ ਹੱਥਾਂ ਅਤੇ ਪੈਰਾਂ ਵਿੱਚ ਕਮਜ਼ੋਰੀ ਅਤੇ ਝਰਨਾਹਟ ਹੈ। ਇਸ ਬਿਮਾਰੀ ਦਾ ਕਾਰਨ ਫਿਲਹਾਲ ਪਤਾ ਨਹੀਂ ਹੈ।

ਬਿਮਾਰੀ ਦਾ ਕੋਈ ਇਲਾਜ ਨਹੀਂ ਹੈ ਹਨ। ਮਰਕੋਪ੍ਰੈਸ ਨਿਊਜ਼ ਏਜੰਸੀ ਦੀ ਰਿਪੋਰਟ ਦੇ ਅਨੁਸਾਰ, ਜੂਨ 2023 ਤੋਂ, ਦੇਸ਼ ਭਰ ਵਿੱਚ 182 ਮਾਮਲੇ ਸਾਹਮਣੇ ਆਏ ਹਨ। ਇਨ੍ਹਾਂ ਵਿੱਚੋਂ 147 ਨੂੰ ਹਸਪਤਾਲ ਤੋਂ ਛੁੱਟੀ ਦੇ ਦਿੱਤੀ ਜਾ ਚੁਕੀ ਹੈ, 31 ਅਜੇ ਵੀ ਦਾਖ਼ਲ ਹਨ ਅਤੇ ਚਾਰ ਦੀ ਮੌਤ ਹੋ ਚੁੱਕੀ ਹੈ।

ਜੀ.ਬੀ.ਐਸ ਮਾਸਪੇਸ਼ੀਆਂ ਦੀ ਕਮਜ਼ੋਰੀ ਦਾ ਕਾਰਨ ਬਣ ਸਕਦਾ ਹੈ ਅਤੇ ਗੰਭੀਰ ਮਾਮਲਿਆਂ ਵਿੱਚ ਅਧਰੰਗ ਜਾਂ ਮੌਤ ਹੋ ਸਕਦੀ ਹੈ। ਸਿਹਤ ਮੰਤਰੀ ਸੀਜ਼ਰ ਵਾਸਕੁਏਜ਼ ਦੀ ਅਪੀਲ ਤੋਂ ਬਾਅਦ ਦੇਸ਼ ਵਿੱਚ ਸਿਹਤ ਐਮਰਜੈਂਸੀ ਐਲਾਨੀ ਨੈਸ਼ਨਲ ਇੰਸਟੀਚਿਊਟ ਆਫ ਨਿਊਰੋਲੋਜੀਕਲ ਡਿਸਆਰਡਰਜ਼ ਅਤੇ ਸਟ੍ਰੋਕ ਦੇ ਅਨੁਸਾਰ, ਜੀਬੀਐਸ ਅਕਸਰ ਤੁਹਾਡੀਆਂ ਲੱਤਾਂ ਵਿੱਚ ਝਰਨਾਹਟ ਅਤੇ ਕਮਜ਼ੋਰੀ ਨਾਲ ਸ਼ੁਰੂ ਹੁੰਦਾ ਹੈ ਅਤੇ ਤੁਹਾਡੇ ਉਪਰਲੇ ਸਰੀਰ ਅਤੇ ਬਾਹਾਂ ਤੱਕ ਫੈਲਦਾ ਹੈ। ਕੁਝ ਲੋਕ ਪਹਿਲਾਂ ਬਾਹਾਂ ਜਾਂ ਚਿਹਰੇ 'ਤੇ ਲੱਛਣ ਦੇਖਦੇ ਹਨ। ਜਿਉਂ ਜਿਉਂ ਜੀਬੀਐਸ ਅੱਗੇ ਵਧਦਾ ਹੈ, ਮਾਸਪੇਸ਼ੀ ਦੀ ਕਮਜ਼ੋਰੀ ਅਧਰੰਗ ਵਿੱਚ ਬਦਲ ਸਕਦੀ ਹੈ। ਵਰਤਮਾਨ ਵਿੱਚ, ਇਸ ਸਿੰਡਰੋਮ ਲਈ ਕੋਈ ਇਲਾਜ ਵਿਕਸਤ ਨਹੀਂ ਕੀਤਾ ਗਿਆ ਹੈ।

# ਅਮਰੀਕਾ 'ਚ ਪੰਜਾਬੀ ਗੱਬਰੂ ਬਣਿਆ ਨੇਵੀ ਦਾ ਅਫ਼ਸਰ



**ਟਾਂਡਾ ਉੜਮੁੜ-** ਵਿਦੇਸ਼ਾਂ ਵਿਚ ਗਏ ਪੰਜਾਬੀਆਂ ਨੇ ਆਪਣੀ ਮਿਹਨਤ ਨਾਲ ਹਰ ਉਚਾ ਮੁਕਾਮ ਹਾਸਲ ਕੀਤਾ ਹੈ। ਟਾਂਡਾ ਉੜਮੁੜ ਦੇ ਪਿੰਡ ਖੁੱਡਾ ਨਾਲ ਸਬੰਧਤ ਨੌਜਵਾਨ ਹਰਪ੍ਰੀਤ ਸਿੰਘ ਅਮਰੀਕਾ ਵਿਚ ਨੇਵੀ ਦਾ ਅਫ਼ਸਰ ਬਣਿਆ ਹੈ। ਪੰਜਾਬ ਪੁਲਸ ਦੇ ਸੇਵਾਮੁਕਤ ਇੰਸਪੈਕਟਰ ਵਰਿੰਦਰ ਸਿੰਘ ਅਤੇ ਮਾਤਾ ਸੇਵਾਮੁਕਤ ਟੀਚਰ ਜਗਦੀਸ਼ ਕੌਰ ਦੇ ਹੋਣਹਾਰ ਸਪੁੱਤਰ ਹਰਪ੍ਰੀਤ ਸਿੰਘ ਦੀ ਪ੍ਰਾਪਤੀ ਤੋਂ ਬਾਅਦ ਪੂਰਾ ਪਰਿਵਾਰ ਅਤੇ ਪਿੰਡ ਵਾਸੀ ਮਾਣ ਮਹਿਸੂਸ ਕਰ ਰਹੇ ਹਨ।ਅਮਰੀਕਾ ਤੋਂ ਹਰਪ੍ਰੀਤ ਨੇ ਆਪਣੀ ਇਸ ਪ੍ਰਾਪਤੀ ਬਾਰੇ ਦੱਸਿਆ ਕਿ ਸੇਂਟ ਪੋਲ ਕਾਨਵੈਂਟ ਸਕੂਲ ਦਸੂਹਾ ਅਤੇ ਫਿਰ ਜੀ. ਜੀ. ਡੀ. ਐੱਸ. ਡੀ. ਕਾਲਜ ਹਰਿਆਣਾ ਤੋਂ ਪੜ੍ਹਾਈ ਕਰਨ ਉਪਰੰਤ ਉੱਚ ਪੜ੍ਹਾਈ ਲਈ 2008 ਤੋਂ 2013 ਤੱਕ ਆਇਰਲੈਂਡ ਰਿਹਾ ਅਤੇ 2013 ਅਮਰੀਕਾ ਚਲਾ ਗਿਆ, ਜਿੱਥੇ ਉਸ ਨੇ ਯੂਨੀਵਰਸਿਟੀ ਆਫ਼ ਵਿਸਕਾਨਸਿਨ ਵਿਚ ਐੱਮ. ਬੀ. ਏ. ਦੀ ਪੜ੍ਹਾਈ ਕੀਤੀ। ਯੂਨੀਵਰਸਿਟੀ ਪੱਧਰ ਵਿਚ ਉਹ ਮੋਹਰੀ ਦੌੜਾਕ ਰਿਹਾ ਹੈ। ਚਾਰ ਵਰ੍ਹੇ ਪਹਿਲਾਂ ਹੀ ਉਹ ਅਮਰੀਕੀ ਨੇਵੀ ਵਿਚ ਭਰਤੀ ਹੋਇਆ ਸੀ ਅਤੇ ਹੁਣ ਉਸ ਦਾ ਸੁਫ਼ਨਾ ਉਸ ਵੇਲੇ ਪੂਰਾ ਹੋ ਗਿਆ ਜਦੋਂ ਸਖ਼ਤ ਮਿਹਨਤ ਕਰਦੇ ਹੋਏ ਅੱਗੇ ਵਧਿਆ ਹਰਪ੍ਰੀਤ ਅਮਰੀਕੀ ਨੇਵੀ ਦਾ ਕਮਿਸ਼ਨਡ ਅਫ਼ਸਰ ਬਣ ਗਿਆ ਹੈ।

# ਦੱਖਣੀ ਕੋਰੀਆ 'ਚ ਹੜ੍ਹ ਕਾਰਨ 30 ਲੋਕਾਂ ਦੀ ਮੌਤ; 14 ਲਾਪਤਾ

**ਸਿਓਲ-** ਇਥੋਂ ਦੇ ਮੀਡੀਆ ਨੇ ਕੇਂਦਰੀ ਆਫ਼ਤ ਏਜੰਸੀ ਦੇ ਹਵਾਲੇ ਨਾਲ ਦੱਸਿਆ ਕੇ ਦੱਖਣੀ ਕੋਰੀਆ 'ਚ ਭਾਰੀ ਮੀਂਹ ਕਾਰਨ ਆਏ ਹੜ੍ਹ ਕਾਰਨ ਘੱਟੋ-ਘੱਟ 30 ਲੋਕਾਂ ਦੀ ਮੌਤ ਹੋ ਗਈ ਅਤੇ 14 ਲਾਪਤਾ ਹਨ। ਰਿਪੋਰਟਾਂ ਮੁਤਾਬਕ ਹੜ੍ਹ ਕਾਰਨ ਹਜ਼ਾਰਾਂ ਲੋਕਾਂ ਨੂੰ ਆਪਣੇ ਘਰ ਖਾਲੀ ਕਰਨੇ ਪਏ ਹਨ। ਫਿਲਹਾਲ ਸਰਕਾਰੀ ਏਜੰਸੀਆਂ ਹੜ੍ਹ ਕਾਰਨ ਹੋਏ ਨੁਕਸਾਨ ਦਾ ਮੁਲਾਂਕਣ ਕਰ ਰਹੀਆਂ ਹਨ। ਅਜਿਹੇ 'ਚ ਮਰਨ ਵਾਲਿਆਂ ਦੀ ਗਿਣਤੀ ਵਧ ਸਕਦੀ ਹੈ। ਅਧਿਕਾਰੀਆਂ ਨੇ ਐਤਵਾਰ ਨੂੰ ਕਿਹਾ ਕਿ ਦੱਖਣੀ ਕੋਰੀਆ ਦੇ ਬਚਾਅ ਕਰਮਚਾਰੀਆਂ ਨੇ ਹੜ੍ਹਾਂ ਨਾਲ ਭਰੀ ਸੁਰੰਗ 'ਚ ਫਸੇ ਵਾਹਨਾਂ ਵਿੱਚੋਂ ਛੇ ਲਾਸ਼ਾਂ ਨੂੰ ਕੱਢਿਆ, ਜਿਸ ਨਾਲ 30 ਤੋਂ ਵੱਧ ਲੋਕ ਮਾਰੇ ਜਾ ਚੁੱਕੇ ਹਨ। ਜਾਣਕਾਰੀ ਮੁਤਾਬਕ ਓਸੋਂਗ ਸ਼ਹਿਰ 'ਚ ਜ਼ਮੀਨਦੋਜ਼ ਰੋਡਵੇਅ 'ਚ 19 ਵਾਹਨ ਡੁੱਬ ਗਏ। ਜ਼ਿਆਦਾਤਰ ਮੌਤਾਂ ਉੱਤਰੀ ਗਯੋਂਗਸਾਂਗ ਵਿੱਚ ਹੋਈਆਂ, ਜਿੱਥੇ ਜ਼ਮੀਨ ਖਿਸਕਣ ਅਤੇ ਮਕਾਨ ਢਹਿਣ ਕਾਰਨ 16 ਲੋਕਾਂ ਦੀ ਮੌਤ ਹੋ ਗਈ, ਮੀਡੀਆ ਨੇ ਕੇਂਦਰੀ ਆਫ਼ਤ ਏਜੰਸੀ ਦੇ ਹਵਾਲੇ ਨਾਲ ਰਿਪੋਰਟ ਦਿੱਤੀ। ਇਸ ਤੋਂ ਬਾਅਦ ਦੱਖਣੀ ਚੁੰਗਚਿਆਂਗ ਸੂਬੇ 'ਚ ਚਾਰ ਲੋਕਾਂ ਦੀ ਮੌਤ ਹੋਣ ਦੀ ਸੂਚਨਾ ਮਿਲੀ ਹੈ। ਮੀਡੀਆ ਰਿਪੋਰਟਾਂ ਅਨੁਸਾਰ ਓਸੋਂਗ ਵਿੱਚ ਇੱਕ ਵਿਅਕਤੀ ਦੀ ਮੌਤ ਹੋ ਗਈ, ਜਦੋਂ ਕਿ ਨੌਂ ਹੋਰਾਂ ਨੂੰ ਬਚਾ ਲਿਆ ਗਿਆ ਹੈ। ਫਾਇਰ ਬ੍ਰਿਗੇਡ ਅਧਿਕਾਰੀਆਂ ਨੇ ਦੱਸਿਆ ਕਿ ਹੜ੍ਹ ਤੋਂ ਬਾਅਦ ਸ਼ਹਿਰ ਦੀਆਂ ਸੜਕਾਂ ਪਾਣੀ ਵਿਚ ਡੁੱਬ ਗਈਆਂ। ਅਧਿਕਾਰੀਆਂ ਨੇ ਦੱਸਿਆ ਕਿ ਹੜ੍ਹ 'ਚ 19 ਵਾਹਨ ਡੁੱਬ ਗਏ ਹਨ। ਹਾਲਾਂਕਿ ਕਾਰ 'ਚ ਕਿੰਨੇ ਲੋਕ ਸਵਾਰ ਸਨ, ਇਸ ਬਾਰੇ ਅਜੇ ਤੱਕ ਜਾਣਕਾਰੀ ਨਹੀਂ ਮਿਲ ਸਕੀ ਹੈ।

ਮੀਡੀਆ ਅਨੁਸਾਰ ਗੋਸਾਨ ਡੈਮ ਸਥਾਨਕ ਸਮੇਂ ਅਨੁਸਾਰ ਸਵੇਰੇ 6:30 ਵਜੇ ਦੇ ਕਰੀਬ ਪਾਣੀ ਨਾਲ ਭਰਨਾ ਸ਼ੁਰੂ ਹੋ ਗਿਆ, ਜਿਸ ਨਾਲ ਗੋਸਾਨ ਦੇ ਲਗਭਗ 6,400 ਨਿਵਾਸੀਆਂ ਨੂੰ ਬਾਹਰ ਕੱਢਿਆ ਗਿਆ। ਰਿਪੋਰਟ 'ਚ ਕਿਹਾ ਗਿਆ ਕਿ ਦੇਸ਼ ਭਰ 'ਚ ਭਾਰੀ ਮੀਂਹ ਕਾਰਨ ਕੁੱਲ 4763 ਲੋਕਾਂ ਨੂੰ ਅਸਥਾਈ ਸ਼ਰਨ 'ਚ ਸ਼ਰਨ ਲੈਣੀ ਪਈ ਅਤੇ 27,260 ਘਰਾਂ ਨੂੰ ਬਿਜਲੀ ਤੋਂ ਬਿਨਾਂ ਛੱਡ ਦਿੱਤਾ ਗਿਆ ਸੀ। ਹੜ੍ਹਾਂ ਕਾਰਨ 59 ਜਨਤਕ ਜਾਇਦਾਦਾਂ ਨੂੰ ਨੁਕਸਾਨ ਪਹੁੰਚਿਆ ਹੈ।

ਰਿਪੋਰਟਾਂ ਅਨੁਸਾਰ ਸਰਕਾਰੀ ਏਜੰਸੀਆਂ ਦੁਆਰਾ ਦੇਸ਼ ਭਰ ਵਿੱਚ ਹੋਏ ਨੁਕਸਾਨ ਦਾ ਮੁਲਾਂਕਣ ਕਰਨ ਕਾਰਨ ਮੌਤਾਂ ਵਧਣ ਦੀ ਸੰਭਾਵਨਾ ਹੈ। ਇਸ ਤੋਂ ਇਲਾਵਾ ਸ਼ੁੱਕਰਵਾਰ ਨੂੰ ਦੱਖਣੀ ਚੁੰਗਚਿਆਂਗ ਸੂਬੇ ਦੇ ਨੌਨਸਾਨ ਇਲਾਕੇ 'ਚ ਜ਼ਮੀਨ ਖਿਸਕਣ ਕਾਰਨ ਇਕ ਇਮਾਰਤ ਡਿੱਗਣ ਨਾਲ ਦੋ ਲੋਕਾਂ ਦੀ ਮੌਤ ਹੋ ਗਈ।ਇਸ ਦੌਰਾਨ ਸੇਜੋਂਗ ਸ਼ਹਿਰ ਵਿੱਚ ਜ਼ਮੀਨ ਖਿਸਕਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ। ਇਸ ਤੋਂ ਇਲਾਵਾ ਯੇਓਂਗਜੂ ਦੀ ਦੱਖਣ-ਪੂਰਬੀ ਕਾਉਂਟੀ ਅਤੇ ਚੇਓਂਗਯਾਂਗ ਦੀ ਕੇਂਦਰੀ ਕਾਉਂਟੀ ਵਿੱਚ ਮਕਾਨ ਢਹਿਣ ਨਾਲ ਤਿੰਨ ਮੌਤਾਂ ਹੋਈਆਂ ਹਨ। ਇਸ ਦੇ ਨਾਲ ਹੀ ਚੇਓਂਗਜੂ ਵਿੱਚ ਇੱਕ ਕਾਰ ਢਿੱਗਾਂ ਡਿੱਗਣ ਕਾਰਨ ਇੱਕ ਵਿਅਕਤੀ ਦੀ ਮੌਤ ਹੋ ਗਈ।

# ਵਲਡਜ ਵਾਈਜ ਬੀ.ਐਸ.ਪੀ. ਸਪੋਰਟਸ ਟੀਮ ਇਟਲੀ ਨੇ ਬਸਪਾ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਤੇ ਸਾਥੀਆਂ 'ਤੇ ਪੁਲਿਸ ਵਲੋ ਕੀਤੀ ਹਿੰਸਾ ਦੀ ਕੀਤੀ ਨਿਖੇਧੀ



**ਫਗਵਾੜਾ 16 ਜੁਲਾਈ–** ਵਲਡਜ ਵਾਈਜ ਬੀ.ਐਸ.ਪੀ. ਸਪੋਰਟਸ ਟੀਮ ਇਟਲੀ ਨੇ ਪਿਛਲੇ ਦਿਨੀ ਬਹੁਜਨ ਸਮਾਜ ਪਾਰਟੀ ਦੇ ਸੂਬਾ ਜਨਰਲ ਸਕੱਤਰ ਐਡਵੋਕੇਟ ਬਲਵਿੰਦਰ ਕੁਮਾਰ ਤੇ ਉਨ੍ਹਾਂ ਦੇ ਸਾਥੀਆਂ ਤੇ ਆਪ ਸਰਕਾਰ ਵਿੱਚ ਕਮਿਸ਼ਨਰੇਟ ਪੁਲਿਸ ਵਲੋ ਕੀਤੀ ਹਿੰਸਾ ਤੇ ਉਨ੍ਹਾਂ ਨੂੰ ਗ੍ਰਿਫਤਾਰ ਕਰਨ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਗਈ। ਬਾਬਾ ਸਾਹਬ ਦੇ ਪੈਰੋਕਾਰਾਂ ਨੇ ਕਿਹਾ ਕਿ ਬਸਪਾ ਆਗੂ ਤੇ ਵਰਕਰ ਤੇ ਹਿੰਸਾ ਇਕ ਤਰ੍ਹਾਂ ਦੇ ਉਨ੍ਹਾਂ ਦੀ ਆਵਾਜ਼ ਦਵਾਉਣ ਦੀ ਕੋਸ਼ਿਸ਼ ਹੈ। ਉਨ੍ਹਾਂ ਕਿਹਾ ਕਿ ਬਲਵਿੰਦਰ ਕੁਮਾਰ ਤੇ ਉਨ੍ਹਾਂ ਦੇ ਸਾਥੀਆਂ ਵਲੋ ਸਿਰਫ ਬੁੱਤ ਤੋੜਨ ਦੀ ਕੋਸ਼ਿਸ਼ ਦਾ ਵਿਰੋਧ ਹੀ ਦਰਜ ਕਰਵਾਇਆ ਜਾ ਰਿਹਾ ਸੀ ਤੇ ਉਨ੍ਹਾਂ ਵਲੋ ਕੋਈ ਵੀ ਗੱਲ ਜਨਤਾ ਦੇ ਹਿੱਤਾਂ ਦੇ ਵਿਰੁੱਧ ਨਹੀਂ ਕੀਤੀ ਗਈ ਪਰ ਇਸਦੇ ਬਾਵਜੂਦ ਆਪ ਸਰਕਾਰ ਦੇ ਰਾਜ ਵਿੱਚ ਪੁਲਿਸ ਵਲੋਂ ਉਨ੍ਹਾਂ ਤੇ ਤਸ਼ੱਦਦ ਤੇ ਅਣ ਮਨੁੱਖੀ ਵਰਤਾਅ ਕੀਤੀ ਗਿਆ ਜੋ ਕਿ ਬਰਦਾਸ਼ਤ ਨਹੀਂ ਕੀਤਾ ਜਾ ਸਕਦਾ। ਵਲਡਜ ਵਾਈਜ ਬੀ.ਐਸ.ਪੀ. ਸਪੋਰਟਸ ਇਟਲੀ ਟੀਮ ਦੇ ਸਾਥੀ ਮਨਦੀਪ ਅੰਬੇਡਕਰ, ਪ੍ਰਭਦਿਆਲ, ਮਦਨ ਬੰਗੜ, ਭੁੱਟੋ ਕੁਮਾਰ, ਲੇਖਰਾਜ ਜੱਖੂ, ਗੁਰਬਖਸ ਜੱਸਲ,ਬਿੱਟੂ ਬਿਲਗਾ, ਰਾਮ ਲੁਭਾਇਆ ਪੰਚ, ਡਾ. ਰਾਕੇਸ਼ ਜੱਖੂ, ਭਜਨ ਬੰਗੜ, ਮਲਕੀਤ ਸਿੰਘ, ਲੱਖਵੀਰ ਸਿੰਘ ਰਗੂਸਾ, ਮਦਨ ਅੰਬੇਡਕਰ, ਪ੍ਰੇਮ ਕੁਮਾਰ ਕਿਹਾ ਕਿ ਬਾਬਾ ਸਾਹਿਬ ਪੈਰੋਕਾਰਾਂ ਜਿੱਥੇ ਵੀ ਵੱਸਦੇ ਹੋਣ ਉਨ੍ਹਾਂ ਵਲੋ ਬਾਬਾ ਸਾਹਬ ਦੇ ਬੁੱਤ ਨਾਲ ਕਿਸੇ ਵੀ ਤਰ੍ਹਾਂ ਹੀ ਛੇੜਛਾੜ ਬਰਦਾਸ਼ਤ ਨਹੀਂ ਕੀਤੀ ਜਾ ਸਕਦੀ ਤੇ ਜੇਕਰ ਕੋਈ ਕਰਦਾ ਹੈ ਤਾਂ ਉਸ ਦਾ ਵਿਰੋਧ ਹੋਣਾ ਸੁਭਾਵਿਕ ਹੈ। ਉਹੀ ਬਲਵਿੰਦਰ ਕੁਮਾਰ ਨੇ ਕੀਤਾ। ਉਨ੍ਹਾਂ ਕਿਹਾ ਕਿ ਉਹ ਬਸਪਾ ਆਗੂ ਤੇ ਵਰਕਰ ਨਾਲ ਡਟ ਕੇ ਖੜੇ ਹਨ ਤੇ ਸਰਕਾਰ ਤੇ ਪੁਲਿਸ ਦੀ ਧੱਕੇਸ਼ਾਹੀ ਦਾ ਸਖਤ ਵਿਰੋਧ ਕਰਦੇ ਹਾਂ। ਬਹੁਜਨ ਮੂਲਨਿਵਾਸੀ ਸਮਾਜ ਨੂੰ ਬੇਨਤੀ ਕੀਤੀ ਕਿ ਆਪਣੀਆਂ ਸਰਕਾਰਾਂ ਬਣਾਓ ਤੇ ਅੱ-ਤਿਆਚਾਰ ਤੋਂ ਮੁਕਤੀ ਪਾਓ।

# ਸਾਈਲੈਂਸਰ ਬਦਲ ਕੇ ਪਟਾਖੇ ਵਜਾਉਣ ਵਾਲਿਆਂ 'ਤੇ ਨਕੇਲ ਪਾਉਣ ਲਈ ਪੁਲਿਸ ਕਰੇ ਸਖਤ ਕਾਰਵਾਈ - ਬੀ ਟੀ ਐਫ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)–** ਬੇਗਮਪੁਰਾ ਟਾਇਗਰ ਫੋਰਸ ਦੇ ਪੰਜਾਬ ਪ੍ਰਧਾਨ ਵੀਰਪਾਲ ਠਰੋਲੀ, ਦੋਆਬਾ ਪ੍ਰਧਾਨ ਨੇਕੂ ਅਜਨੋਹਾ ਅਤੇ ਹੈਪੀ ਫਤਿਹਗੜ੍ਹ ਨੇ ਜ਼ਿਲ੍ਹਾ ਪੁਲਿਸ ਮੁਖੀ ਨੂੰ ਅਪੀਲ ਕਰਦੇ ਹੋਏ ਕਿਹਾ ਹੈ ਕਿ ਵਾਹਨਾਂ ਵਿੱਚ ਪ੍ਰੈਸ਼ਰ ਹਾਰਨ ਲਗਾਉਣ ਵਾਲਿਆਂ ਅਤੇ ਬੁਲੇਟ ਮੋਟਰਸਾਈਕਲਦਾ ਸਾਈਲੈਂਸਰ ਬਦਲ ਕੇ ਪਟਾਖੇ ਵਜਾਉਣ ਅਤੇ ਉੱਚੀ ਆਵਾਜ਼ ਕਰਨ ਵਾਲਿਆਂ 'ਤੇ ਨਕੇਲ ਪਾਉਣ ਲਈ ਸਖਤ ਕਾਰਵਾਈ ਕੀਤੀ ਜਾਵੇ। ਉਨ੍ਹਾਂ ਕਿਹਾ ਕਿ ਪ੍ਰੈਸ਼ਰ ਹਾਰਨਾਂ ਦਾ ਮੁੱਦਾ ਪਹਿਲਾਂ ਵੀ ਕਈ



ਵਾਰ ਚੁੱਕਿਆ ਗਿਆ ਹੈ, ਪਰ ਦੁੱਖਦੀ ਗੱਲ ਹੈ ਕਿ ਪੁਲਿਸ ਵਲੋਂ ਇਕ ਅੱਧਾ ਦਿਨ ਕਾਰਵਾਈ ਕਰਕੇ ਇਸ ਦਾ ਭੋਗ ਪਾ ਦਿੱਤਾ ਜਾਂਦਾ ਹੈ। ਇਹ ਇਸ ਤਰ੍ਹਾਂ ਦੀ ਭਿਆਨਕ ਸਮੱਸਿਆ ਹੈ। ਜਿਸ ਉਪਰ ਵੱਡੇ ਤੌਰ ਤੇ ਮੁਹਿੰਮ ਚਲਾਉਣ ਦੀ ਜ਼ਰੂਰਤ ਹੈ। ਉਨਾਂ ਨੇ ਕਿਹਾ ਕਿ ਆਏ ਦਿਨ ਲੋਕਾਂ ਨੂੰ ਖਾਸ ਕਰਕੇ ਉੱਚੀ ਆਵਾਜ਼ ਦੇ ਸ਼ੌਕੀਨਾਂ ਨੂੰ ਅਲੱਗ-ਅਲੱਗ ਪ੍ਰੋਗਰਾਮਾਂ ਦੁਆਰਾ ਜ਼ਿਲ੍ਹਾ ਪ੍ਰਸ਼ਾਸਨ, ਪੁਲਿਸ ਪ੍ਰਸ਼ਾਸਨ ਅਤੇ ਸਮਾਜ ਸੇਵੀ ਸੰਸਥਾਵਾਂ ਵਲੋਂ ਸਮਝਾਉਣ ਦਾ ਯਤਨ ਕੀਤਾ ਜਾਂਦਾ ਹੈ। ਪਰ ਇਨ੍ਹਾਂ ਦੇ ਕੰਨ ਉਪਰ ਜੂੰ ਤੱਕ ਨਹੀਂ ਸਰਕਦੀ। ਇਸ ਲਈ ਇਨ੍ਹਾਂ ਨਾਲ ਸਖਤੀ ਨਾਲ ਨਿੱਪਟਣ ਦੇ ਲਈ ਜ਼ਿਲ੍ਹਾ ਪੁਲਿਸ ਨੂੰ ਸਖਤ ਕਦਮ ਚੁੱਕਣੇ ਚਾਹੀਦੇ ਹਨ। ਉਨਾਂ ਨੇ ਕਿਹਾ ਕਿ ਅਕਸਰ ਦੇਖਣ ਵਿੱਚ ਆਇਆ ਹੈ ਕਿ ਬਜ਼ੁਰਗ ਅਤੇ ਬਿਮਾਰ ਲੋਕਾਂ ਦੇ ਨਜ਼ਦੀਕ ਆ ਕੇ ਜਦੋਂ ਕੋਈ ਪ੍ਰੈਸ਼ਰ ਹਾਰਨ ਵਜਾਉਂਦਾ ਹੈ ਤਾਂ ਉਹ ਇਕਦਮ ਨਾਲ ਘਬਰਾ ਜਾਂਦੇ ਹਨ। ਜਿਸ ਨਾਲ ਉਨਾਂ ਦੇ ਦੁਰਘਟਨਾ ਗ੍ਰਸਤ ਹੋਣ ਦਾ ਖਤਰਾ ਰਹਿੰਦਾ ਹੈ। ਐਨਾ ਹੀ ਨਹੀਂ ਕਈ ਲੋਕ ਉੱਚੀ ਅਵਾਜ਼ ਦੇ ਕਾਰਨ ਜ਼ਖਮੀ ਵੀ ਹੋ ਚੁੱਕੇ ਹਨ। ਇਸ ਦੇ ਨਾਲ ਹੀ ਬੁਲੇਟ ਮੋਟਰਸਾਈਕਲ ਦਾ ਸਾਈਲੈਂਸਰ ਬਦਲਣ ਵਾਲੇ ਵੀ ਹੋਰ ਲੋਕਾਂ ਦੇ ਲਈ ਸਿਰ ਦਰਦੀ ਤੋਂ ਘੱਟ ਨਹੀਂ ਹਨ ਅਤੇ ਇਹ ਸਮਾਜ ਦੇ ਅਸਮਾਜਿਕ ਅਨਸਰਾਂ ਦੀ ਤਰ੍ਹਾਂ ਹੀ ਹਨ ਜਿਨ੍ਹਾਂ ਤੇ ਨਕੇਲ ਪਾਉਣੀ ਬਹੁਤ ਜ਼ਰੂਰੀ ਹੈ। ਉਹਨਾ ਐਸ.ਐਸ.ਪੀ. ਨੂੰ ਅਪੀਲ ਕੀਤੀ ਕਿ ਉਹ ਇਸ ਸਮੱਸਿਆ ਦੇ ਹੱਲ ਲਈ ਨਿੱਜੀ ਤੌਰ ਤੇ ਧਿਆਨ ਦੇਣ ਅਤੇ ਪੁਲਿਸ ਕਰਮਚਾਰੀਆਂ ਨੂੰ ਨਿਰਦੇਸ਼ ਦੇਣ ਕਿ ਪ੍ਰੈਸ਼ਰ ਹਾਰਨ ਅਤੇ ਸਾਈਲੈਂਸਰ ਬਦਲਣ ਵਾਲਿਆਂ ਤੇ ਕਾਰਵਾਈ ਕੀਤੀ ਜਾਵੇ। ਇਸਦੇ ਨਾਲ ਹੀ ਜਿਹੜੇ ਦੁਕਾਨਦਾਰ ਪ੍ਰੈਸ਼ਰ ਹਾਰਨ ਵੇਚਦੇ ਹਨ ਜਾਂ ਸਾਈਲੈਂਸਰ ਬਦਲਦੇ ਹਨ ਉਨਾਂ ਤੇ ਵੀ ਕਾਰਵਾਈ ਕੀਤੀ ਜਾਵੇ ਤਾਂ ਕਿ ਕੋਈ ਵੀ ਜਨਤਾ ਨੂੰ ਪਰੇਸ਼ਾਨ ਕਰਨ ਵਾਲੇ ਕੰਮ ਵਿੱਚ ਸਹਿਯੋਗੀ ਨਾ ਬਣ ਸਕੇ।

# ਗੁਰਦਵਾਰਾ ਅੰਗੀਠਾ ਸਾਹਿਬ ਦੇ ਪ੍ਰਧਾਨ ਬਾਬਾ ਦਰਸ਼ਨ ਸਿੰਘ ਦੀ ਪਹਿਲਕਦਮੀ ਤੇ ਹੜ੍ਹ ਪੀੜਤ ਕਿਸਾਨਾਂ ਲਈ ਜੀਰੀ ਬੀਜਣ ਦਾ ਐਲਾਨ



**ਮਸਤੂਆਣਾ ਸਾਹਿਬ, (ਦਲਜੀਤ ਕੌਰ )–** ਅੱਜ ਦੀ ਸਟੇਜ ਤੋਂ ਸੰਘਰਸ਼ ਦੇ 45ਵੇਂ ਦਿਨ ਬੁਲਾਰਿਆਂ ਨੇ ਐਲਾਨ ਕੀਤਾ ਕਿ ਮਸਤੂਆਣਾ ਸਾਹਿਬ ਦੀ ਉਸ 25 ਏਕੜ ਜ਼ਮੀਨ (ਜਿਸ ਉੱਤੇ ਸਰਕਾਰੀ ਮੈਡੀਕਲ ਕਾਲਜ ਅਤੇ ਹਸਪਤਾਲ ਦੀ ਉਸਾਰੀ ਹੋਣ 'ਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਹਾਈਕੋਰਟ ਤੋਂ ਸਟੇਅ ਲਈ ਹੋਈ ਹੈ) ਉੱਤੇ ਪ੍ਰਬੰਧਕ ਕਮੇਟੀ ਗੁਰਦੁਆਰਾ ਅੰਗੀਠਾ ਸਾਹਿਬ ਵੱਲੋਂ, ਮਸਤੂਆਣਾ ਸਾਹਿਬ ਦੇ ਬੱਸ ਸਟੈਂਡ 'ਤੇ ਲੱਗੇ ਹੋਏ ਪੱਕੇ ਮੋਰਚੇ ਵਿੱਚ ਸ਼ਾਮਲ ਹੋਣ ਵਾਲੀਆਂ ਸੰਗਤਾਂ ਦੇ ਸਹਿਯੋਗ ਨਾਲ ਝੋਨੇ ਦੀ ਪਨੀਰੀ/ਪੌਦ ਬੀਜ ਦਿੱਤੀ ਗਈ ਹੈ। ਇਹ ਪਨੀਰੀ/ਪੌਧ ਹੜ੍ਹ ਪੀੜ੍ਹਤ ਕਿਸਾਨਾਂ ਨੂੰ ਮੁਫ਼ਤ ਦਿੱਤੀ ਜਾਵੇਗੀ। ਕਿਸੇ ਵੀ ਸੰਘਰਸ਼ ਕਮੇਟੀ ਦੀ ਦਰੁਸਤ ਅਗਵਾਈ ਦੀ ਪੁਸ਼ਟੀ ਇਸ ਗੱਲ ਤੇ ਨਿਰਭਰ ਕਰਦੀ ਹੈ ਕਿ ਚੱਲ ਰਹੇ ਸੰਘਰਸ਼ ਦੌਰਾਨ ਵਾਪਰਦੇ ਵਰਤਾਰਿਆਂ ਪ੍ਰਤੀ ਕਿਹੋ ਜਿਹਾ ਵਤੀਰਾ ਧਾਰਨ ਕਰਦੀ ਹੈ।

ਜ਼ਿਕਰਯੋਗ ਹੈ ਕਿ ਲੱਗਭਗ ਡੇਢ ਮਹੀਨੇ ਤੋਂ ਸੰਘਰਸ਼ ਕਮੇਟੀ ਦੀ ਅਗਵਾਈ ਵਿੱਚ ਮਸਤੂਆਣਾ ਸਾਹਿਬ ਦੇ ਅੱਡੇ ਤੇ ਪੱਕਾ ਮੋਰਚਾ ਚੱਲ ਰਿਹਾ ਹੈ। ਹੁਣ ਹਫਤਾ ਭਰ ਤੋਂ ਪੰਜਾਬ ਦਾ ਵੱਡਾ ਹਿੱਸਾ ਹੜ੍ਹ ਦੀ ਮਾਰ ਹੇਠ ਆਇਆ ਹੋਇਆ ਹੈ। ਸਮੁੱਚਾ ਪੰਜਾਬੀ ਭਾਈਚਾਰਾ ਹੜ੍ਹ ਪੀੜਤਾਂ ਦੀ ਮੱਦਦ ਲਈ ਅੱਗੇ ਆਇਆ ਹੈ। ਕਿਸੇ ਕਿਸਮ ਦੀ ਖਾਣ-ਪੀਣ, ਦਵਾਈਆਂ, ਪਸ਼ੂਆਂ ਲਈ ਹਰਾ ਚਾਰਾ ਆਦਿ ਦੀ ਘਾਟ ਪੂਰੀ ਕਰਨ ਦੇ ਸਿਰਤੋੜ ਯਤਨ ਜਾਰੀ ਹਨ। ਲੱਖਾਂ ਏਕੜ ਫ਼ਸਲ ਪਾਣੀ ਵਿੱਚ ਡੁੱਬਣ ਨਾਲ ਬਰਬਾਦ ਹੋ ਗਈ ਹੈ। ਪਾਣੀ ਮੁੜ ਜਾਣ ਤੋਂ ਬਾਅਦ ਹੀ ਜੀਰੀ ਦੁਬਾਰਾ ਲਾਈ ਜਾ ਸਕੇਗੀ। ਜਿੱਥੇ ਇੱਕ ਪਾਸੇ ਐਸਕੇਐਮ ਵੱਲੋਂ ਕੱਲ੍ਹ ਮੀਟਿੰਗ ਕਰਕੇ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਜੀਰੀ ਲਾਉਣ ਲਈ ਸੈਂਕੜੇ ਏਕੜ ਪਨੀਰੀ ਬੀਜਣ ਦਾ ਫ਼ੈਸਲਾ ਕੀਤਾ ਗਿਆ ਹੈ। ਉੱਥੇ ਗੁਰਦੁਆਰਾ ਅੰਗੀਠਾ ਸਾਹਿਬ ਦੇ ਸੇਵਾਦਾਰ ਬਾਬਾ ਦਰਸ਼ਨ ਸਿੰਘ ਵੱਲੋਂ , ਸੰਘਰਸ਼ ਕਮੇਟੀ ਦੇ ਸਰਗਰਮ ਸਹਿਯੋਗ ਨਾਲ ਗੁਰਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਦੀ 25 ਏਕੜ ਜ਼ਮੀਨ ਉੱਪਰ ਝੋਨੇ ਦੀ ਪਨੀਰੀ ਬੀਜਣ ਦਾ ਫ਼ੈਸਲਾ ਪਹਿਲਾਂ ਹੀ ਹੋ ਗਿਆ ਹੈ। ਇੱਕ ਪਾਸੇ ਅਰਬਾਂ ਰੁਪਏ ਦੇ ਬਜਟ ਵਾਲੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਇਸ ਸਰਕਾਰੀ ਮੈਡੀਕਲ ਕਾਲਜ ਬਨਾਉਣ ਵਿੱਚ ਅੜਿੱਕੇ ਡਾਹ ਰਹੀ ਹੈ ਤੇ ਦੂਜੇ ਪਾਸੇ ਲੋਕਾਂ ਉੱਪਰ ਬਿਪਤਾ ਦੀ ਘੜੀ ਸਮੇਂ 25 ਏਕੜ ਜ਼ਮੀਨ ਵਿੱਚ ਜੀਰੀ ਲਾਉਣ ਦਾ ਸ਼ਲਾਘਾਯੋਗ ਉਪਰਾਲਾ ਕੀਤਾ ਹੈ।

ਅੱਠ ਮੈਂਬਰੀ ਸੰਘਰਸ਼ ਕਮੇਟੀ ਦੇ ਮੈਂਬਰਾਂ ਸਾਹਿਬ ਸਿੰਘ ਬਡਬਰ (ਕਨਵੀਨਰ) ਜਸਵੰਤ ਸਿੰਘ ਦੁੱਗਾਂ, ਭਰਪੂਰ ਸਿੰਘ ਦੁੱਗਾਂ, ਦਰਸ਼ਨ ਸਿੰਘ ਕੁਨਰਾਂ, ਬੰਤ ਸਿੰਘ ਚੰਗਾਲ, ਮਨਦੀਪ ਸਿੰਘ ਲਿੱਧੜਾਂ, ਕਰਨੈਲ ਸਿੰਘ ਜੱਸੇਕਾ, ਬਲਦੇਵ ਸਿੰਘ ਬੱਗੂਆਣਾ ਨੇ ਗੁਰੂਦੁਆਰਾ ਅੰਗੀਠਾ ਸਾਹਿਬ ਮਸਤੂਆਣਾ ਸਾਹਿਬ ਦੇ ਸੇਵਾਦਾਰ ਬਾਬਾ ਦਰਸ਼ਨ ਸਿੰਘ ਦੇ ਸੰਘਰਸ਼ ਕਮੇਟੀ ਨੂੰ ਮੋਢਾ ਦੇਣ ਅਤੇ ਹੜ੍ਹ ਪ੍ਰਭਾਵਿਤ ਕਿਸਾਨਾਂ ਦੀ ਫ਼ਸਲ ਲਈ ਜੀਰੀ ਬੀਜਣ ਦੇ ਉਪਰਾਲੇ ਲਈ ਧੰਨਵਾਦ ਕੀਤਾ ਅਤੇ ਨਾਲ ਹੀ ਕਿਹਾ ਕਿ ਅਸੀਂ ਆਉਣ ਵਾਲੇ ਸਮੇਂ ਵਿੱਚ ਲੋਕਾਂ ਦੇ ਪੱਖ ਵਿੱਚ ਹਰ ਸਮੇਂ ਖੜ੍ਹਨ ਦਾ ਹਰ ਸੰਭਵ ਯਤਨ ਯਤਨ ਕਰਾਂਗੇ।

# ਪੰਜਾਬ ਸਰਕਾਰ 2005 ਦੇ ਐਕਟ 'ਚ ਵਾਧਾ ਕਰਕੇ ਮਨਰੇਗਾ ਮਜਦੂਰਾਂ ਨੂੰ ਦੇਵੇ ਪੂਰਾ ਸਾਲ ਕੰਮ ਮਿਨੀਮਮ ਬੇਸ ਹੋਵੇ ਲਾਗੂ - ਕਲਾਰ, ਸਹੂੰਗੜਾ

**ਬਲਾਚੌਰ (ਸਤਨਾਮ ਸਿੰਘ ਸਹੂੰਗੜਾ)–** ਅੱਜ ਪੇਂਡੂ ਮਜ਼ਦੂਰ ਯੂਨੀਅਨ ਪੰਜਾਬ ਵਲੋਂ ਪਿੰਡ ਬੂਲੇਵਾਲ ਵਿਖੇ ਮਜ਼ਦੂਰਾਂ ਨਾਲ ਕੀਤੀ ਮੀਟਿੰਗ । ਮਜਦੂਰਾਂ ਨਾ.ਲ਼ ਵਿਚਾਰ ਵਟਾਂਦਰਾ ਕਰਦੇ ਤਹਿਸੀਲ ਪ੍ਰਧਾਨ ਅਸ਼ੋਕ ਕਲਾਰ, ਸਕੱਤਰ ਬਗੀਚਾ ਸਿੰਘ ਸਹੂੰਗੜਾ ਨੇ ਕਿਹਾ ਕਿ ਪੰਜਾਬ ਸਰਕਾਰ ਮਜਦੂਰਾਂ ਨੂੰ ਪੂਰਾ ਸਾਲ



ਕੰਮ ਦੀ ਗਰੰਟੀ ਦੇਵੇ।ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਨੇ ਦਿੱਲੀ ਮਾਡਲ ਲਾਗੂ ਕਰਨ ਦੀ ਗਰੰਟੀ ਕੀਤੀ ਸੀ ਜਿਸਦੇ ਤਹਿਤ ਮਜਦੂਰਾਂ ਦੀ ਦਿਹਾੜੀ 750 ਰੁਪਏ ਹੋਣੀ ਚਾਹੀਦੀ ਸੀ ਪਰ ਮਜਦੂਰਾਂ ਨੂੰ ਦਿਹਾੜੀ 303 ਰੁਪਏ ਦੇਕੇ ਕੋਝਾ ਮਜਾਕ ਕੀਤਾ ਜਾ ਰਿਹਾ ਹੈ। ਉਨ੍ਹਾਂ ਮਜਦੂਰਾਂ ਨਾਲ ਵਿਚਾਰ ਵਟਾਂਦਰੇ ਕਰਦਿਆਂ ਕਿਹਾ ਕਿ ਮਜਦੂਰਾਂ ਨੂੰ ਆਪਣੇ ਹੱਕਾਂ ਲਈ ਇਕੱਠੇ ਹੋਣਾ ਚਾਹੀਦਾ ਹੈ। ਉਨ੍ਹਾਂ ਕਿਹਾ ਮਜਦੂਰਾਂ ਨੂੰ ਸਰਕਾਰ 100 ਦਿਨ ਕੇਂਦਰ ਸਰਕਾਰ ਵਲੋਂ ਤੇ ਪੰਜਾਬ ਸਰਕਾਰ ਆਪਣੇ ਵਲੋਂ ਮਜਦੂਰਾਂ ਨੂੰ 200 ਦਿਨ ਕੰਮ ਦੇਵੇ ਅਤੇ ਲਾਲ ਲਕੀਰ ਵਿੱਚ ਰਹਿ ਰਹੇ ਪਰਿਵਾਰਾਂ ਨੂੰ ਮਾਲਕੀ ਹੱਕ ਦੇਣ ਅਤੇ 5-5 ਮਰਲੇ ਦੇ ਰਿਹਾਇਸ਼ੀ ਪਲਾਟ ਅਲਾਟ ਕਰਨ ਅਤੇ ਉਸਾਰੀ ਲਈ ਮਜਦੂਰਾਂ ਨੂੰ 5 ਲੱਖ ਦੀ ਗ੍ਰਾਂਟ ਦੇਵੇ ਸਰਕਾਰ । ਉਨ੍ਹਾਂ ਮਜਦੂਰਾਂ ਦੀਆਂ ਬਾਜਵ ਮੰਗਾਂ ਨੂੰ ਲੈਕੇ 21 ਜੁਲਾਈ ਨੂੰ ਡੀ ਸੀ ਦਫ਼ਤਰ ਨਵਾਂਸ਼ਹਿਰ ਧਰਨੇ ਵਿੱਚ ਪਹੁੰਚਣ ਦੀ ਅਪੀਲ ਕੀਤੀ। ਇਸ ਮੌਕੇ ਮੌਕੇ ਪਿੰਡ ਦੀ ਇਕਾਈ ਦਾ ਗਠਨ ਕੀਤਾ ਗਿਆ। ਜਿਸ ਵਿੱਚ ਪਰਮਜੀਤ ਸਿੰਘ ਪ੍ਰਧਾਨ, ਲੇਖ ਰਾਜ ਸਕੱਤਰ, ਪਰਵਿੰਦਰ ਕੌਰ ਖ਼ਜਾਨਚੀ ਅਤੇ ਅਸ਼ੋਕ ਕੁਮਾਰ, ਸੋਮ ਨਾਥ, ਹਰਿੰਦਰ ਕੌਰ, ਰੇਨੂੰ ਰਾਣੀ, ਮੀਤੋ ਰਾਣੀ, ਕਾਂਤਾ ਰਾਣੀ, ਹਰਵਿੰਦਰ ਕੌਰ ਰਾਣੀ, ਗੀਤਾ ਦੇਵੀ, ਸੀਸੋ, ਹਰਜਿੰਦਰ ਸਿੰਘ ਮੈਂਬਰ ਚੁਣੇ ਗਏ।

# ਮਨਰੇਗਾ ਵਰਕਰਾਂ ਦੇ ਅਧਿਕਾਰਾਂ ਨੂੰ ਕੀਤਾ ਜਾ ਰਿਹਾ ਖਤਮ



**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਕਹਿਣ ਨੂੰ ਪੰਜਾਬ ਸਰਕਾਰ ਭ੍ਰਿਸ਼ਟਾਚਾਰ ਵਿਰੋਧੀ ਹੈ ਪਰ ਅਸਲ ਵਿਚ ਭ੍ਰਿਸ਼ਟਾਚਾਰ ਦੇ ਵਧਣ ਫੁੱਲਣ ਦਾ ਹੁਣ ਮੌਕਾ ਵੇਖਿਆ ਜਾ ਰਿਹਾ ਹੈ। ਜ਼ੋ ਕਿ ਪਿਛਲੇ ਸਮੇਂ ਵਿਚ ਅਜਿਹਾ ਕਦੇ ਵੀ ਨਹੀਂ ਹੋਇਆ। ਜਦੋਂ ਸਰਕਾਰਾਂ ਵੀ ਅਧਿਕਾਰੀਆਂ ਨਾਲ ਮਿਲਕੇ ਭ੍ਰਿਸ਼ਟਾਚਾਰ ਨੂੰ ਉਤਸ਼ਾਹ ਕਰਨ ਲੱਗ ਪੈਣ ਤੇ ਫਿਰ ਅਨੁਸ਼ਾਸ਼ਨਹੀਨਤਾ ਦੀ ਵਧਣਾ ਲਾਜਮੀ ਹੈ। ਲੇਬਰ ਪਾਰਟੀ ਦੇ ਪ੍ਰਧਾਨ ਜੈ ਗੋਪਾਲ ਧੀਮਾਨ ਅਤੇ ਸਕੱਤਰ ਸੋਨੂ ਮਹਿਤਪੁਰ ਜਿਲ੍ਹਾ ਹੁਸ਼ਿਆਰਪੁਰ ਤੋਂ ਪ੍ਰੈਸ ਨੂੰ ਨਾਲ ਲੈ ਕੇ ਪਿੰਡ ਲੁਹਾਰ ਕੰਗਣਾ ਵਿਚ ਅੰਮ੍ਰਿਤ ਸਰੋਵਰ ਦੇ ਕੰਮ ਵਿਚ ਗੈਰ ਕਨੂੰਨੀ ਤੌਰ ਤੇ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਚੱਲ ਰਹੀ ਜੇ ਸੀ ਬੀ ਮਸ਼ੀਨ ਨੂੰ ਮੌਕੇ ਤੇ ਜਾ ਕੇ ਨੱਪਿਆ ਤੇ ਉਸੇ ਸਮੇਂ ਇਸ ਦੀ ਸ਼ਿਕਾਇਤ ਡਿਪਟੀ ਕਮਿਸ਼ਨਰ ਕਮ ਜਿਲ੍ਹਾ ਪ੍ਰੋਗਰਾਮ ਕੋਆਰਡੀਨੇਟਰ ਮਨਰੇਗਾ ਨੂੰ ਅਤੇ ਲੋਕਪਾਲ ਮਨਰੇਗਾ ਨੂੰ ਸਮੇਤ ਸਬੂਤ ਦਰਜ ਕਰਵਾਈ। ਧੀਮਾਨ ਨੇ ਦੱਸਿਆ ਕਿ ਅਸਲ ਵਿਚ ਪਿੰਡ ਲੁਹਾਰ ਕੰਗਣਾ ਵਿਚ ਵਰਕ ਨੇਮ (2607006018 ਡਵਲਯੂ ਐਚ 9989021617) ਤਹਿਤ ਮਿਤੀ 19 ਜੁਲਾਈ 2022 ਨੂੰ ਸੈਕਸ਼ਨ ਨੰਬਰ 2212 ਤਹਿਤ ਜਿਸ ਦੀ ਅੰਦਾਜਨ ਕੋਸਟ 1769 ਤਹਿਤ ਹੋਈ ਤੇ ਕੁਲ 6 ਮਹੀਨੇ ਵਿਚ ਇਹ ਕੰਮ ਪੂਰਾ ਕਰਨਾ ਸੀ। ਪਰ ਗ੍ਰਾਮ ਪੰਚਾਇਤ ਨੂੰ ਕੁਲ 1470939 ਰੁ: ਮਿਲੇ। ਜਿਸ ਵਿਚ ਉਨ੍ਹਾਂ ਨੇ 1470939 ਰੁ: ਦਾ ਕੰਮ ਕੀਤਾ ਵਿਖਾ ਦਿਤਾ। ਪਰ ਅਸਲ ਵਿਚ ਮਿਤੀ 15 ਜੂਨ 2023 ਤੱਕ ਵੀ ਅੰਮ੍ਰਿਤਰ ਸਰੋਵਰ ਦਾ ਕੰਮ ਪੂਰਾ ਨਹੀਂ ਹੋਇਆ ਤੇ ਹਾਲੇ ਵੀ ਅਧੂਰਾ ਪਿਆ ਹੈ। ਧੀਮਾਨ ਨੇ ਦੱਸਿਆ ਕਿ ਜਿਹੜੀ ਜੇ ਸੀ ਬੀ ਉਥੇ ਅੰਮ੍ਰਿਤ ਸਰੋਵਰ ਵਿਚ ਚੱਲ ਰਹੀ ਸੀ, ਕਹਿੰਦੇ ਉਹ ਪੰਚਾਇਤ ਅਪਣੇ ਕੋਲੋਂ ਚਲਾ ਰਹੀ ਹੈ। ਉਨ੍ਹਾਂ ਕਿਹਾ ਕਿ ਐਸਟੀਮੇਟ ਅਨੁਸਾਰ ਇਹ ਕੰਮ ਤਾਂ ਫਰਵਰੀ 2023 ਤੱਕ ਖਤਮ ਹੋ ਜਾਣਾ ਚਾਹੀਦਾ ਸੀ। ਜਦੋਂ ਕਿ ਆਨ ਲਾਇਨ ਰਿਕਾਰਡ ਅਨੁਸਾਰ 509 ਮਨਰੇਗਾ ਵਰਕਰ ਰੁਟੇਸ਼ਨ ਵਾਇਜ਼ 5191 ਦਿਹਾੜੀਆਂ ਦਾ ਕੰਮ ਕਰ ਚੁੱਕੇ ਹਨ।ਇਸ ਵਿਚ ਪਿੰਡ ਲੁਹਾਰ ਕੰਗਣਾ ਅਤੇ ਪੰਡੋਰੀ ਭਵਾਂ ਦੇ ਮਨਰੇਗਾ ਵਰਕਰਾਂ ਨੇ ਕੰਮ ਕੀਤਾ। ਕਿੰਨੀ ਸ਼ਰਮ ਦੀ ਗੱਲ ਹੈ ਕਿ ਮਨਰੇਗਾ ਵਰਕਰਾਂ ਦੀਆਂ ਦਿਹਾੜੀਆਂ ਦੇ ਸ਼ਰੇਆਮ ਪੈਸੇ ਖਾਧੇ ਜਾ ਰਹੇ ਹਨ ਤੇ ਅਧਿਕਾਰੀ ਏਅਰਕੰਡੀਸ਼ਨ ਗੱਡੀਆਂ ਵਿੱਚ ਮੌਜਾਂ ਕਰਦੇ ਹਨ। ਮਨਰੇਗਾ ਵਰਕਰ ਅਨਪੜ੍ਹ ਹੋਣ ਕਾਰਨ ਉਨ੍ਹਾਂ ਉਤੇ ਅਪਣੀ ਮਰਜੀ ਦਾ ਭ੍ਰਿਸ਼ਟ ਲੋਕ ਡੰਡਾਂ ਚਲਾ ਰਹੇ ਹਨ ਤੇ ਲੱਖਾਂ ਰੁਪਏ ਗਾਇਬ ਕਰਦੇ ਹਨ।

ਪ੍ਰਧਾਨ ਧੀਮਾਨ ਨੇ ਅੱਗੇ ਦੱਸਿਆ ਕਿ ਇਸ ਅੰਮ੍ਰਿਤ ਸਰੋਵਰ ਵਿਚ ਦਸੰਬਰ 2023 ਵਿਚ ਪਹਿਲਾਂ ਵੀ ਜੇ ਸੀ ਬੀ ਚੱਲ ਚੁੱਕੀ ਹੈ ਜ਼ੋ ਕਿ ਗ੍ਰਾਮ ਰੁਜਗਾਰ ਸੇਵਕ ਅਤੇ ਹੋਰ ਅਧਿਕਾਰੀਆਂ ਦੀ ਮਿਲੀ ਭੁਗਤ ਨਾਲ ਚੱਲੀ ਸੀ। ਪਰ ਉਸ ਦੀ ਸ਼ਿਕਾਇਤ ਡਿਪਟੀ ਕਸਿਮ੍ਨਰ ਹੁਸ਼ਿਆਰਪੁਰ ਅਤੇ ਵਧੀਕ ਡਿਪਟੀ ਕਮਿਸ਼ਨਰ ਵਿਕਾਸ ਕਮ ਜਿਲ੍ਹਾ ਵਧੀਕ ਪ੍ਰੋਗਰਾਮ ਕੋਆਰਡੀਨੇਟਰ ਮਨਰੇਗਾ ਜੀ ਨੂੰ ਵੀ ਦਰਜ ਕਰਵਾਈ ਸੀ। ਜਿਸ ਦੀ ਹਾਲੇ ਤੱਕ ਪੜਤਾਲ ਹੀ ਚੱਲੀ ਜਾ ਰਹੀ ਹੈ। ਧੀਮਾਨ ਨੇ ਕਿਹਾ ਕਿ ਅਸਲ ਵਿਚ ਮਨਰੇਗਾ ਐਕਟ ਗਰੀਬਾਂ ਨੂੰ ਕੰਮ ਮੁਹੱਈਆ ਕਰਵਾਉਣ ਲਈ ਇਕ ਵਧੀਆ ਯੋਜਨਾ ਹੈ। ਪਰ ਭ੍ਰਿਸ਼ਟ ਸਰਕਾਰਾਂ ਦੀ ਅਗਵਾਈ ਵਿਚ ਭ੍ਰਿਸ਼ਟ ਅਧਿਕਾਰੀ ਬੇਖੌਫ਼ ਅਪਣੀਆਂ ਜੇਬਾਂ ਗਰਮ ਕਰਦੇ ਹਨ, ਤੇ ਗਰੀਬਾਂ ਦੇ ਦਿਹਾੜੀ ਦੇ ਪੈਸਿਆ ਨਾਲ ਰਾਜਿਆਂ ਵਾਲਾ ਜੀਵਨ ਜਿਊਂਦੇ ਹਨ ਤੇ ਗੱਲਾਂ ਡਾ ਅੰਬੇਡਕਰ ਜੀ ਤੇ ਸ਼ਹੀਦ ਭਗਤ ਸਿੰਘ ਦੀਆਂ ਕਰਦੇ ਹਨ। ਇਸ ਭ੍ਰਿਸ਼ਟਾਚਾਰ ਵਾਰੇ ਸਭ ਜਾਣਦੇ ਹਨ। ਪਰ ਜਦੋਂ ਮਿਲੀ ਭੁਗਤ ਹੋਵੇ ਤਾਂ ਫਿਰ ਕੌਣ ਰੋਕੇਗਾ। ਇਸੇ ਕਰਕੇ ਕੈਟਲ ਸ਼ੈਡਾਂ ਸੰਬਧੀ ਇਨਸਾਫ ਨਾ ਮਿਲਣ ਤੇ ਮਾਨਯੋਗ ਪੰਜਾਬ ਅਤੇ ਹਾਈ ਕੋਰਟ ਦਾ ਦਰਵਾਜਾ ਖੜਕਾਇਆ ਗਿਆ। ਧੀਮਾਨ ਨੇ ਡਿਪਟੀ ਕਮਿਸ਼ਨਰ ਜੀ ਤੋਂ ਮੰਗ ਕੀਤੀ ਕਿ ਇਸ ਦੀ ਜੁਡੀਸ਼ਲ ਜਾਂਚ ਕਰਵਾ ਕੇ ਮਨਰੇਗਾ ਵਰਕਰਾਂ ਨੂੰ ਗੁੰਮਰਾਹ ਕਰਕੇ ਜੇਬਾਂ ਮੋਟੀਆਂ ਕਰਨ ਵਾਲਿਆਂ ਦੇ ਵਿਰੁਧ ਠੋਸ ਕਾਰਵਾਈ ਹੋਵੇ ਤੇ ਅੰਮ੍ਰਿਤ ਸਰੋਵਰ ਵਿਚ ਪੜਤਾਲ ਹੋਣ ਤੱਕ ਰੋਕ ਲਗਾਈ ਜਾਵੇ ਤਾ ਕਿ ਸਬੂਤ ਕਾਇਮ ਰਹਿਣ।

# ਬਸਪਾ ਆਗੂਆਂ ਨੇ ਮੀਂਹ ਨਾਲ ਹੋਏ ਨੁਕਸਾਨ ਦੇ ਮੁਆਵਜੇ ਦੀ ਮੰਗ ਕੀਤੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਗਰੀਬ ਬੰਦਾ ਆਪਣਾ ਰੈਣ ਬਸੇਰਾ ਬਣਾਉਣ ਲਈ ਭਾਰੀ ਜਦੋ-ਜਹਿਦ ਕਰਕੇ ਆਪਣਾ ਰੈਣ ਬਸੇਰਾ ਬਣਾਉਂਦਾ ਹੈ। ਜਦੋਂ ਉਹ ਬਣਾਇਆ ਗਰੀਬ ਦਾ ਬਸੇਰਾ ਕਿਸੇ ਵੀ ਵਜ੍ਹਾ ਨਾਲ ਟੁੱਟ ਜਾਵੇ ਤਾਂ ਉਸਦਾ ਕੀ ਦਰਦ ਹੁੰਦਾ ਹੈ, ਉਹ ਇਸ ਪੂਰੀ ਤਰ੍ਹਾਂ ਨਾਲ ਟੁੱਟ ਚੁੱਕੇ ਪਰਿਵਾਰ ਤੋਂ ਬਿਨ੍ਹਾਂ ਕੋਈ ਨਹੀਂ ਜਾਣ ਸਕਦਾ। ਪਿਛਲੇ ਦਿਨੀ ਮੀਂਹ ਨਾਲ ਮਚੀ ਭਾਰੀ ਤਬਾਹੀ ਦੇ ਹੁਣ ਸਾਹਮਣੇ ਆਉਣ ਤੇ ਪਤਾ ਲੱਗ ਰਿਹਾ ਹੈ ਕਿ ਕਿੱਥੇ ਕੀ ਹੋਇਆ। ਇਸ ਤਬਾਹੀ ਨਾਲ ਪ੍ਰੇਸ਼ਾਨ ਲੋਕ ਹੁਣ ਵੀ ਪ੍ਰੇਸ਼ਾਨੀਆਂ ਨਾਲ ਜੂਝ ਰਹੇ ਹਨ। ਲੋਕਾਂ ਦੇ ਘਰ ਢਹਿ ਢੇਰੀ ਹੋ ਗਏ ਤੇ ਬਹੁਤੇ ਥਾਈਂ ਮਕਾਨਾਂ ਨੂੰ ਤਰੇੜ ਆ ਗਈਆਂ। ਬੀਤੇ ਮਕਾਨਾਂ ਦੀਆਂ ਛੱਤਾਂ ਡਿੱਗ ਪਈਆਂ ਤੇ ਤੇਜ ਚੱਲੀ ਹਨੇਰੀ ਨਾਲ ਪਸ਼ੂਆਂ ਦੀਆਂ ਸ਼ੈਡਾਂ ਉੱਡ ਗਈਆਂ। ਇਹਨਾਂ ਓਨਾਂ ਦੇ ਘਰਾਂ ਦੇ ਹੋਏ ਨੁਕਸਾਨ ਨੂੰ ਵੇਖਣ ਸਰਕਾਰ ਦਾ ਕੋਈ ਵੀ ਨੁਮਾਇੰਦਾ ਜਾਂ ਅਧਿਕਾਰੀ ਨਹੀਂ ਪਹੁੰਚਿਆ। ਇਹਨਾਂ ਵਿਚਾਰਾਂ ਦਾ ਪ੍ਰਗਟਾਵਾ ਬਹੁਜਨ ਸਮਾਜ ਪਾਰਟੀ ਦੇ ਸੀਨੀਅਰ ਆਗੂ ਪ੍ਰਵੀਨ ਬੰਗਾ ਸਕੱਤਰ ਪੰਜਾਬ, ਰੂਪ ਲਾਲ ਧੀਰ ਜਿਲ੍ਹਾ ਮੀਤ ਪ੍ਰਧਾਨ, ਪੰਚ ਬਲਵੀਰ ਸਿੰਘ ਦਦਰਾਲ ਨੇ ਬਲਾਕ ਔੜ ਦੇ ਪਿੰਡ ਗੜ੍ਹੀ ਅਜੀਤ ਸਿੰਘ ਵਿਖੇ ਪਏ ਪਿਛਲੇ ਦਿਨੀਂ ਮੀਂਹ ਨਾਲ ਨੁਕਸਾਨੇ ਗਏ ਮਕਾਨਾਂ ਦਾ ਜਾਇਜਾ ਲੈਣ ਉਪਰੰਤ ਗੱਲਬਾਤ ਕਰਦਿਆਂ ਕੀਤਾ। ਉਹਨਾਂ ਕਿਹਾ ਕਿ ਬਹੁਤ ਪਰਿਵਾਰ ਇਸ ਤਰ੍ਹਾਂ ਦੇ ਹਨ, ਜੋ ਆਪਣੇ ਘਰ ਦਾ ਗੁਜਾਰਾ ਬਹੁਤ ਮੁਸ਼ਕਿਲ ਨਾਲ ਚਲਾ ਰਹੇ ਹਨ। ਉਹਨਾਂ ਦੀ ਇੰਨੀ ਹੈਸੀਅਤ ਨਹੀਂ ਹੈ ਕਿ ਕਿ ਉਹ ਆਪਣੇ ਮਕਾਨਾਂ ਦੀ ਨਵੀਂ ਉਸਾਰੀ ਜਾਂ ਰਿਪੇਅਰ ਕਰਵਾ ਸਕਣ। ਉਹਨਾਂ ਸਰਕਾਰ ਨੂੰ ਪੁਰਜੋਰ ਅਪੀਲ ਕਰਦਿਆਂ ਕਿਹਾ ਕਿ ਮੀਂਹ ਦੇ ਪਾਣੀ ਨਾਲ ਜਿਨ੍ਹਾਂ ਪਿੰਡਾਂ ਜਾਂ ਸ਼ਹਿਰ 'ਚ ਹੋਏ ਮਕਾਨਾਂ ਦੇ ਨੁਕਸਾਨ ਜਾਂ ਫਸਲਾਂ ਦੇ ਨੁਕਸਾਨ ਹੋਇਆ ਹੈ ਉਹਨਾਂ ਦੀ ਇਨਕੁਆਰੀ ਕਰਕੇ ਬਣਦਾ ਮੁਆਵਜ਼ਾ ਦਿੱਤਾ ਜਾਵੇ।

ਪਿੰਡ ਗੜ੍ਹੀ ਅਜੀਤ ਸਿੰਘ ਦੇ ਗੁਰਨਾਮ ਸਿੰਘ ਪੁੱਤਰ ਰਾਮ ਦਾਸ, ਗਗਨ ਪੁੱਤਰ ਦਰਸ਼ਨ, ਪਰਮਜੀਤ ਪੁੱਤਰ ਸੱਤਪਾਲ, ਰਣਜੀਤ ਪੁੱਤਰ ਸੱਤਪਾਲ, ਨੇਹਾ ਪਤਨੀ ਅਮਰਜੀਤ ਦੇ ਮਕਾਨਾਂ ਦਾ ਬਹੁਤ ਨੁਕਸਾਨ ਹੋਇਆ ਹੈ ਸਰਕਾਰ ਤੇ ਪ੍ਰਸ਼ਾਸਨ ਨੂੰ ਪਹਿਲ ਕਰਦਿਆਂ ਇਹਨਾਂ ਨੂੰ ਤੁਰੰਤ ਸਹਾਇਤਾ ਦੇ ਕੇ ਇਹਨਾਂ ਦੀ ਮੁਸ਼ਕਿਲ ਨੂੰ ਹੱਲ ਕੀਤਾ ਜਾਵੇ।

# ਫਰਾਂਸ ਤੇ ਯੂ.ਏ.ਈ. ਨਾਲ ਯੂਪੀਆਈ ਰਾਹੀਂ ਲੈਣ-ਦੇਣ ਦੀ ਸ਼ੁਰੂਆਤ ਮੋਦੀ ਸਰਕਾਰ ਦੀ ਵੱਡੀ ਪ੍ਰਾਪਤੀ - ਸੁਨੀਲ ਚਮ

**ਫਗਵਾੜਾ 16 ਜੁਲਾਈ (ਬੀ.ਕੇ.ਰੱਤੂ)** ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਫਰਾਂਸ ਅਤੇ ਯੂ.ਏ.ਈ ਦੀ ਹਾਲੀਆ ਫੇਰੀ ਨੂੰ ਅੰਤਰਰਾਸ਼ਟਰੀ ਮੰਚ 'ਤੇ ਭਾਰਤ ਦੇ ਸੁਨਹਿਰੀ ਦੌਰ ਦਾ ਨਵਾਂ ਅਧਿਆਏ ਦੱਸਦਿਆਂ ਭਾਜਪਾ ਦੇ ਸੀਨੀਅਰ ਆਗੂ ਅਤੇ ਇੰਪਰੂਵਮੈਂਟ ਟਰੱਸਟ ਫਗਵਾੜਾ ਦੇ ਸਾਬਕਾ ਚੇਅਰਮੈਨ ਸੁਨੀਲ ਚਮ ਨੇ ਕਿਹਾ ਕਿ ਇਸ ਫੇਰੀ ਦਾ ਸਭ ਤੋਂ ਅਹਿਮ ਹਿੱਸਾ ਇਹ ਹੈ ਕਿ ਹੁਣ ਫਰਾਂਸ ਤੇ ਯੂ.ਏ.ਈ. ਨਾਲ ਯੂਪੀਆਈ ਰਾਹੀਂ ਲੈਣ-ਦੇਣ ਸੰਭਵ ਹੋਵੇਗਾ, ਜਿਸ ਦਾ ਲਾਭ ਯੂਰਪ ਤੇ ਅਰਬ ਦੇਸ਼ਾਂ ਵਿੱਚ ਰਹਿ ਰਹੇ ਲੱਖਾਂ ਭਾਰਤੀ ਲੈਣਗੇ। ਇਸ ਨਾਲ ਭਾਰਤ ਦੀ ਡਾਲਰ 'ਤੇ ਨਿਰਭਰਤਾ ਘਟੇਗੀ ਅਤੇ ਇਹ ਭਾਰਤੀ ਕਰੰਸੀ ਰੁਪਏ ਨੂੰ ਮਜ਼ਬੂਤ ਕਰਨ ਦੀ ਦਿਸ਼ਾ 'ਚ ਇਕ ਵੱਡਾ ਕਦਮ ਸਾਬਤ ਹੋਵੇਗਾ ਤੇ ਇਸ ਦੇ ਸਾਰਥਕ ਨਤੀਜੇ ਆਉਣ ਵਾਲੇ ਸਮੇਂ ਵਿੱਚ ਜ਼ਰੂਰ ਦੇਖਣ ਨੂੰ ਮਿਲਣਗੇ। ਸੁਨੀਲ ਚਮ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਜਿਸ ਵੀ ਦੇਸ਼ ਦਾ ਦੌਰਾ ਕਰਦੇ ਹਨ, ਉੱਥੇ ਭਾਰਤੀ ਸੱਭਿਆਚਾਰ ਦੀ ਛਾਪ ਜ਼ਰੂਰ ਛੱਡਦੇ ਹਨ। ਫਰਾਂਸ ਦੇ ਰਾਸ਼ਟਰਪਤੀ ਮੈਕਰੋ ਨੂੰ ਚੰਦਨ ਦੀ ਸਿਤਾਰ ਭੇਟ ਕਰਨਾ ਇਸ ਦਾ ਪ੍ਰਤੱਖ ਸਬੂਤ ਹੈ। ਪਿਛਲੇ ਦਸ ਸਾਲਾਂ ਦੌਰਾਨ ਕੇਂਦਰ ਦੀ ਐਨ.ਡੀ.ਏ ਸਰਕਾਰ ਨੇ ਅਮਰੀਕਾ, ਯੂਰਪ ਅਤੇ ਅਰਬ ਦੇਸ਼ਾਂ ਨਾਲ ਵਪਾਰਕ ਹੀ ਨਹੀਂ ਸਗੋਂ ਸੁਹਿਰਦ ਸਬੰਧ ਵੀ ਸਥਾਪਿਤ ਕੀਤੇ ਹਨ ਅਤੇ ਇਸ ਦੇ ਲੰਮੇ ਸਮੇਂ ਤੱਕ ਚੰਗੇ ਨਤੀਜੇ ਸਾਹਮਣੇ ਆਉਣਗੇ। ਭਾਜਪਾ ਆਗੂ ਨੇ ਕਿਹਾ ਕਿ ਅੱਜ ਤੋਂ 100 ਸਾਲ ਬਾਅਦ ਜਦੋਂ ਭਾਰਤ ਦੇ ਨੌਜਵਾਨ ਅਜੋਕੇ ਸਮੇਂ ਨੂੰ ਇਤਿਹਾਸ ਵਜੋਂ ਪੜ੍ਹਣਗੇ ਤਾਂ ਉਨ੍ਹਾਂ ਦਾ ਸੀਨਾ ਜ਼ਰੂਰ ਮਾਣ ਨਾਲ ਚੌੜਾ ਹੋਵੇਗਾ। ਕਿਉਂਕਿ ਉਸ ਸਮੇਂ ਵਿਸ਼ਵ ਪੱਧਰ 'ਤੇ ਭਾਰਤ ਨੇ ਜੋ ਮੁਕਾਮ ਹਾਸਲ ਕੀਤਾ ਹੋਵੇਗਾ, ਉਸ ਵਿੱਚ ਮੌਜੂਦਾ ਦੌਰ ਦੇ ਸੁਧਾਰਾਂ ਦੀ ਭੂਮਿਕਾ ਨੂੰ ਵੱਡੀ ਪ੍ਰਾਪਤੀ ਵਜੋਂ ਯਾਦ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਭਾਰਤੀ-ਫਰਾਂਸੀਸੀ ਭਾਈਚਾਰੇ ਵੱਲੋਂ ਫਰਾਂਸ ਦੀ ਧਰਤੀ 'ਤੇ ਪ੍ਰਧਾਨ ਮੰਤਰੀ ਮੋਦੀ ਦਾ ਸ਼ਾਨਦਾਰ ਸਵਾਗਤ ਅਤੇ ਉਸ ਤੋਂ ਬਾਅਦ ਪਹਿਲੀ ਵਿਸ਼ਵ ਜੰਗ 'ਚ ਆਪਣੀਆਂ ਜਾਨਾਂ ਕੁਰਬਾਨ



ਕਰਨ ਵਾਲੇ ਬ੍ਰਿਟਿਸ਼ ਇੰਡੀਆ ਆਰਮੀ ਦੇ ਮਹਾਨ ਯੋਧਿਆਂ ਦੀ ਯਾਦ 'ਚ ਇਕ ਸ਼ਾਨਦਾਰ ਸਮਾਗਮ ਕਰਵਾਇਆ ਜਾਣਾ ਦੁਨੀਆ ਭਰ 'ਚ ਵੱਸਦੇ ਭਾਰਤੀਆਂ ਲਈ ਫਖ਼ਰ ਵਾਲੀ ਗੱਲ ਹੈ। ਇਕ ਸਵਾਲ ਦੇ ਜਵਾਬ 'ਚ ਚਮ ਨੇ ਕਿਹਾ ਕਿ ਜਿਸ ਤਰ੍ਹਾਂ ਸਊਦੀ ਅਰਬ, ਸੰਯੁਕਤ ਅਰਬ ਅਮੀਰਾਤ ਅਤੇ ਹੋਰ ਇਸਲਾਮਿਕ ਦੇਸ਼ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਰੈਡ ਕਾਰਪੇਟ ਸਨਮਾਨ ਦੇ ਰਹੇ ਹਨ, ਉਸ ਨੂੰ ਦੇਖਦੇ ਹੋਏ ਭਾਰਤੀ ਮੁਸਲਿਮ ਸਮਾਜ ਦੇ ਇਕ ਖਾਸ ਵਰਗ ਨੂੰ ਵਿਚਾਰਨਾ ਚਾਹੀਦਾ ਹੈ ਕਿ ਉਨ੍ਹਾਂ ਨੂੰ ਹੁਣ ਵੀ ਦਹਾਕਿਆਂ ਤੋਂ ਚੱਲੀ ਆ ਰਹੀ ਤੁਸ਼ਟੀਕਰਨ ਦੀ ਰਾਜਨੀਤੀ ਦਾ ਮੋਹਰਾ ਬਣ ਕੇ ਰਹਿਣਾ ਹੈ ਜਾਂ ਭਾਜਪਾ ਨਾਲ ਹੱਥ ਮਿਲਾ ਕੇ ਆਪਣੇ ਸਮਾਜ ਤੇ ਦੇਸ਼ ਦੀ ਤਰੱਕੀ ਵਿੱਚ ਯੋਗਦਾਨ ਪਾਉਣਾ ਹੈ।

# ਟਰੈਵਲ ਏਜੰਟਾਂ, ਆਇਲਟਸ ਅਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਅਚਨਚੇਤ ਚੈਕਿੰਗ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਐਸ.ਡੀ.ਐਮ ਨਵਾਂਸ਼ਹਿਰ ਡਾ. ਸ਼ਿਵਰਾਜ ਸਿੰਘ ਬੱਲ ਨੇ ਆਈਲੈਟਸ ਸੈਂਟਰਾਂ, ਟਰੈਵਲ ਏਜੰਟਾਂ ਅਤੇ ਇਮੀਗ੍ਰੇਸ਼ਨ ਸੈਂਟਰਾਂ ਦੀ ਅਚਨਚੇਤ ਚੈਕਿੰਗ ਕੀਤੀ। ਇਸ ਦੌਰਾਨ ਉਨ੍ਹਾਂ ਨੇ ਦੱਸਿਆ ਕਿ ਚੈਕਿੰਗ ਦੌਰਾਨ ਵੈਲਿਡ ਲਾਈਸੈਂਸ ਨਾ ਦਿਖਾਉਣ 'ਤੇ ਇੱਕ ਟਰੈਵਲ ਏਜੰਟ ਦਫ਼ਤਰ ਅਤੇ ਇੱਕ ਆਈਲੈਟਸ ਸੈਂਟਰ ਨੂੰ ਬੰਦ ਕਰ ਦਿੱਤਾ ਗਿਆ ਹੈ। ਐਸ.ਡੀ.ਐਮ ਨੇ ਦੱਸਿਆ ਕਿ ਸਾਵਨ ਟਰੈਵਲ ਫਿਲੌਰ ਰੋਡ ਰਾਹੋਂ ਵੱਲੋਂ ਟਿਕਟ ਏਜੰਸੀ ਦਾ ਕੰਮ ਕੀਤਾ ਜਾ ਰਿਹਾ ਸੀ। ਮੌਕੇ 'ਤੇ ਉਸ ਵੱਲੋਂ ਕੋਈ ਵੀ




ਵੈਲਿਡ ਲਾਈਸੈਂਸ ਪੇਸ਼ ਨਹੀਂ ਕੀਤਾ ਗਿਆ ਅਤੇ ਮੌਕੇ 'ਤੇ ਹੀ ਟਿਕਟ ਏਜੰਸੀ ਦਾ ਕੰਮ ਬੰਦ ਕਰਵਾ ਦਿੱਤਾ ਗਿਆ।

ਉਨ੍ਹਾਂ ਨੇ ਦੱਸਿਆ ਕਿ ਇਸੇ ਤਰ੍ਹਾਂ ਐਮ.ਐਸ ਐਜੂਕੇਸ਼ਨ ਆਈਲੈਟਸ ਸੈਂਟਰ ਫਿਲੌਰ ਰੋਡ ਰਾਹੋਂ ਵੱਲੋਂ ਦੁਕਾਨ ਦੇ ਬਾਹਰ ਆਈਲੈਟਸ ਦਾ ਬੋਰਡ ਲਗਾਇਆ ਗਿਆ ਸੀ । ਚੈਕਿੰਗ ਦੌਰਾਨ ਉਨ੍ਹਾਂ ਪਾਸ ਕੋਈ ਵੀ ਵੈਲਿਡ ਲਾਇਸੰਸ ਨਹੀਂ ਪਾਇਆ ਗਿਆ। ਅੰਦਰ ਚੱਲ ਰਹੀਆਂ ਕਲਾਸਾਂ ਵਿੱਚ ਪੰਜ ਵਿਦਿਆਰਥੀਆਂ ਨੂੰ ਆਈਲੈਟਸ ਅਤੇ 7 ਵਿਦਿਆਰਥੀਆਂ ਨੂੰ ਟੈਲੀ ਦੀ ਟ੍ਰੇਨਿੰਗ ਦਿੱਤੀ ਜਾ ਰਹੀ ਸੀ। ਮੌਕੇ 'ਤੇ ਹੀ ਪੁਲਿਸ ਸਟੇਸ਼ਨ ਰਾਹੋਂ ਵੱਲੋਂ ਇਸ ਸੈਂਟਰ ਨੂੰ ਬੰਦ ਕਰ ਦਿੱਤਾ ਗਿਆ ਅਤੇ ਹਦਾਇਤ ਕੀਤੀ ਗਈ ਕਿ ਜੇਕਰ ਉਨ੍ਹਾਂ ਪਾਸ ਵੈਲਿਡ ਲਾਇਸੰਸ ਹੈ ਤਾਂ ਉਹ ਦਫ਼ਤਰ ਵਿੱਚ ਪੇਸ਼ ਕਰ ਸਕਦੇ ਹਨ।






# ਹੜ੍ਹ ਪ੍ਰਭਾਵਿਤ ਇਲਾਕਿਆ ਵਿੱਚ ਦਵਾਈਆਂ ਅਤੇ ਐਂਬੂਲੈਂਸਾਂ ਨੂੰ ਕਰਵਾਉਣਾ ਬਣਾਇਆ ਗਿਆ ਹੈ ਯਕੀਨੀ: ਸਿਹਤ ਮੰਤਰੀ

**ਨਵਾਂਸ਼ਹਿਰ (ਸਤਨਾਮ ਸਿੰਘ ਸਹੂੰਗੜਾ)–** ਸਿਹਤ ਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਸ਼ਨੀਵਾਰ ਸਰਕਾਰੀ ਹਸਪਤਾਲ ਨਵਾਂਸ਼ਹਿਰ ਵਿਖੇ ਪਹੁੰਚੇ ਅਤੇ ਸਿਵਲ ਸਰਜਨ ਸਮੇਤ ਸਿਹਤ ਵਿਭਾਗ ਦੇ ਅਧਿਕਾਰੀਆਂ ਤੇ ਕਰਮਚਾਰੀਆਂ ਨੂੰ ਹੜ੍ਹ ਦੌਰਾਨ ਪ੍ਰਭਾਵਿਤ ਲੋਕਾਂ ਨੂੰ ਮੁਢਲੀਆਂ ਸਿਹਤ ਸੇਵਾਵਾਂ ਪਹਿਲ ਦੇ ਆਧਾਰ 'ਤੇ ਮੁਹੱਈਆ ਕਰਵਾਉਣ ਸਬੰਧੀ ਨਿਰਦੇਸ਼ ਦਿੱਤੇ। ਇਸ ਦੌਰਾਨ ਉਨ੍ਹਾਂ ਨੇ ਇਡੀਅਨ ਮੈਡੀਕਲ ਐਸੋਸੀਏਸ਼ਨ ਵਲੋਂ ਮੁੱਖ ਮੰਤਰੀ ਰਲੀਫ ਫੰਡ ਲਈ ਜ਼ਿਲ੍ਹੇ ਵਾਸਤੇ 1 ਲੱਖ ਰੁਪਏ ਦੀ ਰਾਸ਼ੀ ਦਾ ਚੈਕ ਸਿਵਲ ਸਰਜਨ ਨੂੰ ਸੌਂਪਿਆ। ਉਨ੍ਹਾਂ ਨੇ ਸ਼੍ਰੀ ਰਾਕੇਸ਼ ਕੁਮਾਰ ਖੰਨਾ ਸੋਸਾਇਟੀ ਵਲੋਂ 2 ਲੱਖ ਰੁਪਏ ਤੋਂ ਵੱਧ ਦੀ ਰਾਸ਼ੀ ਦਾ ਚੈਕ ਸੌਂਪਣ 'ਤੇ ਸੋਸਾਇਟੀ ਦੇ ਮੈਂਬਰਾਂ ਨੂੰ ਸਨਮਾਨਿਤ ਵੀ ਕੀਤਾ। ਇਸ ਮੌਕੇ ਤੇ ਉਨ੍ਹਾਂ ਦੇ ਨਾਲ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆਂ, ਐਸ.ਡੀ.ਐਮ ਨਵਾਂਸ਼ਹਿਰ ਡਾ. ਸ਼ਿਵ ਰਾਜ ਸਿੰਘ ਬੱਲ ਸਮੇਤ ਹੋਰ ਵੀ ਪ੍ਰਸ਼–ਾਸਿਨਿਕ ਅਧਿਕਾਰੀ ਮੌਜੂਦ ਸਨ।

ਇਸ ਤੋਂ ਪਹਿਲਾਂ ਉਨ੍ਹਾਂ ਸਰਕਾਰੀ ਹਸਪਤਾਲ ਵਿਖੇ ਐਂਮਰਜੈਂਸੀ ਮੁੱਢਲੀ ਸਿਹਤ ਸੁਵਿਧਾ ਸਬੰਧੀ ਹੜ੍ਹ ਪੀੜਤ ਮਰੀਜ਼ਾ ਲਈ ਇਕ ਐਂਬੂਲੈਂਸ ਨੂੰ ਵੀ ਰਵਾਨਾ ਕੀਤਾ।ਇਸ ਤੋਂ ਬਾਅਦ ਸਰਕਾਰੀ ਹਸਪਤਾਲ ਦੇ ਕਮੇਟੀ ਰੂਮ ਵਿਖੇ ਸੀਨੀਅਰ ਅਧਿਕਾਰੀਆਂ, ਇੰਡੀਅਨ ਮੈਡੀਕਲ ਐਸੋਸੀਏਸ਼ਨ, ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਨਾਲ ਹੜ੍ਹ ਸਬੰਧੀ ਮੀਟਿੰਗ ਦੀ ਅਗਵਾਈ ਕਰਦਿਆਂ ਸਿਹਤ ਤੇ ਮੈਡੀਕਲ ਸਿੱਖਿਆ ਮੰਤਰੀ ਡਾ. ਬਲਬੀਰ ਸਿੰਘ ਨੇ ਕਿਹਾ ਮੁੱਖ ਮੰਤਰੀ ਸ. ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਪੰਜਾਬ ਸਰਕਾਰ ਹੜ੍ਹਾਂ ਦੇ ਗੰਭੀਰ ਹਾਲਾਤਾਂ ਦੌਰਾਨ ਲੋਕਾਂ ਨੂੰ ਮਾਰੂ ਬਿਮਾਰੀਆਂ ਤੋਂ ਬਚਾਉਣ ਲਈ ਸੂਬੇ ਦੇ ਪ੍ਰਭਾਵਿਤ ਇਲਾਕਿਆਂ ਵਿੱਚ ਸਰਕਾਰੀ ਤੇ ਗੈਰ ਸਰਕਾਰੀ ਜਥੇਬੰਦੀਆਂ ਦੇ ਸਹਿਯੋਗ ਨਾਲ ਨਿਰੰਤਰ ਮੈਡੀਕਲ ਕੈਂਪ ਲਗਾ ਰਹੀ ਹੈ ਅਤੇ ਮਰੀਜ਼ਾਂ ਨੂੰ ਮੁਫ਼ਤ ਦਵਾਈਆਂ ਉਪਲੱਬਧ ਕਰਵਾ ਰਹੀ ਹੈ। ਉਨ੍ਹਾਂ ਕਿਹਾ ਕਿ ਸਮੂਹ ਸਿਵਲ




ਸਰਜਨਾਂ ਨੂੰ ਹਦਾਇਤ ਜਾਰੀ ਕੀਤੀ ਗਈ ਹੈ, ਕਿ ਜ਼ਿਲ੍ਹਾ ਪ੍ਰਸ਼ਾਸਨ ਦੇ ਸਹਿਯੋਗ ਨਾਲ ਜ਼ਿਨ੍ਹਾਂ ਇਲਾਕਿਆਂ ਵਿੱਚ ਪਾਣੀ ਖੜ੍ਹਾ ਹੈ, ਉਥੇ ਕਿਸ਼ਤੀਆਂ ਰਾਹੀਂ ਲੋਕਾਂ ਨੂੰ ਜ਼ਰੂਰੀ ਦਵਾਈਆਂ ਪਹੁੰਚਾਈਆਂ ਜਾਣ ਅਤੇ ਕਿਨਾਰਿਆਂ ਤੇ ਐਂਬੂਲੈਂਸਾਂ ਦੀ ਤਾਇਨਾਤੀ ਯਕੀਨੀ ਤੌਰ ਉੱਤੇ ਕੀਤੀ ਜਾਵੇ, ਤਾਂ ਜੋ ਲੋੜ ਪੈਣ 'ਤੇ ਮਰੀਜ਼ਾਂ ਨੂੰ ਹਸਪਤਾਲਾਂ ਵਿਖੇ ਲਿਜਾਣ ਵਿੱਚ ਮੁਸ਼ਕਿਲ ਨਾ ਆਵੇ। ਇਸ ਮੌਕੇ ਸਿਹਤ ਮੰਤਰੀ ਨੇ ਇੰਡੀਅਨ ਮੈਡੀਕਲ ਐਸੋਸੀਏਸ਼ਨ ਅਤੇ ਹੋਰ ਜਥੇਬੰਦੀਆਂ ਦੇ ਨੁਮਾਇੰਦੀਆਂ ਨੂੰ ਅਪੀਲ ਕਰਦਿਆਂ ਕਿਹਾ ਕਿ ਆਪ ਵਲੋਂ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਮੈਡੀਕਲ ਸਟਾਫ਼ ਦੀ ਤਾਇਨਾਤੀ ਦਵਾਈਆਂ ਸਮੇਤ ਐਂਬੂਲੈਂਸਾਂ ਨਾਲ ਕੀਤੀ ਜਾਵੇ ਅਤੇ ਲੋੜ ਪੈਣ 'ਤੇ ਹੋਰ ਹੋਰ ਜ਼ਰੂਰੀ ਸੇਵਾਵਾਂ ਵੀ ਮੁਹੱਈਆ ਕਰਵਾਉਣ ਵਿੱਚ ਵੀ ਸਹਿਯੋਗ ਦਿੱਤਾ ਜਾਵੇ। ਉਨ੍ਹਾਂ ਮੀਟਿੰਗ ਵਿੱਚ ਧਾਰਮਿਕ ਤੇ ਸਮਾਜਿਕ ਜਥੇਬੰਦੀਆਂ ਦੇ ਨੁਮਾਇੰਦੀਆਂ ਨੂੰ ਕਿਹਾ ਕਿ ਮੈਡੀਕਲ ਸੇਵਾਵਾਂ ਤੋਂ ਇਲਾਵਾ ਰਾਸ਼ਨ ਅਤੇ ਹੋਰ ਲੋੜੀਂਦੀਆਂ ਵਸਤੂਆਂ ਮੁਹੱਈਆਂ ਕਰਵਾਉਣ ਲਈ ਜ਼ਿਲ੍ਹਾ ਪ੍ਰਸਾਸਨ ਦੀ ਵੱਧ ਤੋਂ ਵੱਧ ਮੱਦਦ ਕੀਤੀ ਜਾਵੇ, ਤਾਂ ਜੋ ਆਪ ਸਭ ਤੇ ਸਹਿਯੋਗ ਨਾਲ ਹਰ ਇੱਕ ਲੋੜਵੰਦ ਨੂੰ ਸਹਾਇਤਾ ਦਿੱਤੀ ਜਾ ਸਕੇ।

ਮੀਡੀਆ ਨਾਲ ਗੱਲਬਾਤ ਕਰਦਿਆਂ ਉਨ੍ਹਾਂ ਡਾਕਟਰਾਂ ਦੀ ਘਾਟ ਸਬੰਧੀ ਜਾਣਕਾਰੀ ਦਿੰਦਿਆ ਕਿਹਾ ਕਿ ਸਿਹਤ ਵਿਭਾਗ ਨੇ 550 ਹਾਊਸ ਸਰਜਨਾਂ ਦੀ ਭਰਤੀ ਕੀਤੀ ਹੈ, ਜਿਸ ਵਿਚੋਂ 10 ਹਾਊਸ ਸਰਜਨ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਿੱਚ ਐਂਮਰਜੈਸੀ ਸੇਵਾਵਾਂ ਲਈ ਲਗਾਏ ਗਏ ਹਨ, ਜੋ 24 ਘੰਟੇ ਸੇਵਾਵਾਂ ਨਿਭਾਉਂਣਗੇ।

ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਦੀ ਪ੍ਰਵਾਨਗੀ ਮਿਲਣ ਉਪਰੰਤ ਸਿਹਤ ਤੇ ਪਰਿਵਾਰ ਭਲਾਈ ਵਿਭਾਗ ਵਿੱਚ 2 ਹਜ਼ਾਰ ਹੋਰ ਮੈਡੀਕਲ ਤੇ ਪੈਰਾ ਮੈਡੀਕਲ ਸਟਾਫ਼ ਦੀ ਭਰਤੀ ਕਰਨ ਦੀ ਪ੍ਰਕਿਰਿਆ ਜਲਦ ਸ਼ੁਰੂ ਕੀਤੀ ਜਾਵੇਗੀ। ਦਵਾਈਆਂ ਦੇ ਸਟਾਕ ਬਾਰੇ ਗੱਲ ਕਰਦਿਆਂ ਡਾ. ਬਲਵੀਰ ਸਿੰਘ ਨੇ ਕਿਹਾ ਕਿ ਮੁੱਖ ਮੰਤਰੀ ਪੰਜਾਬ ਸਰਕਾਰ ਸ. ਭਗਵੰਤ ਸਿੰਘ ਮਾਨ ਦੇ ਸ਼ਖਤ ਆਦੇਸ਼ ਹਨ ਕਿ ਹੜ੍ਹ ਪ੍ਰਭਾਵਿਤ ਇਲਾਕਿਆਂ ਵਿੱਚ ਦਵਾਈਆਂ ਸਮੇਤ ਹੋਰ ਕਿਸੇ ਵੀ ਕਿਸਮ ਦੇ ਰਾਹਤ ਕਾਰਜ਼ਾਂ ਦੀ ਕਮੀ ਨਾ ਛੱਡੀ ਜਾਵੇ।

ਇਸ ਦੌਰਾਨ ਵਿਧਾਇਕ ਬਲਾਚੌਰ ਸੰਤੋਸ਼ ਕਟਾਰੀਆਂ ਨੇ ਕਿਹਾ ਕਿ ਜ਼ਿਲ੍ਹੇ ਦੇ ਵਿੱਚ ਭਾਰੀ ਵਾਰਿਸ਼ ਤੋਂ ਬਾਅਦ ਜ਼ਿਲ੍ਹਾ ਅਤੇ ਪੁਲਿਸ ਪ੍ਰਸ਼ਾਸਨ ਵਲੋਂ ਨੀਵੀਆਂ ਥਾਵਾਂ 'ਤੇ ਇਕੱਠੇ ਹੋਏ ਪਾਣੀ ਦੀ ਨਿਕਾਸੀ ਲਈ ਪੁੱਖਤਾ ਪ੍ਰਬੰਧ ਕੀਤੇ ਗਏ ਸਨ। ਹੋਲੀ–ਹੋਲੀ ਜ਼ਿਲ੍ਹੇ ਵਿੱਚ ਨੀਵਿਆਂ ਇਲਾਕਿਆਂ ਵਿਚੋਂ ਪਾਣੀ ਨਿਕਲ ਰਿਹਾ ਹੈ ਅਤੇ ਸਥਿਤੀ ਠੀਕ ਹੋ ਰਹੀ ਹੈ।

# ਰਿਜਰਵੇਸ਼ਨ ਚੋਰ ਫੜੋ ਮੋਰਚਾ ਵਲੋਂ ਬੰਗਾ ਅਤੇ ਨਵਾਂਸ਼ਹਿਰ ਵਿਖੇ ਮੀਟਿੰਗਾਂ 16 ਨੂੰ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਲੇਬਰ ਆਰਗੇਨਾਈਜੇਸ਼ਨ (ਐਂਨ.ਐਂਲ.ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਦੱਸਿਆ ਕਿ ਪੰਜਾਬ ਵਿੱਚ ਰਿਜਰਵੇਸ਼ਨ ਤਹਿਤ ਦਲਿਤਾਂ ਨੂੰ ਮਿਲਣ ਵਾਲੀਆਂ ਨੌਕਰੀਆਂ ਅਤੇ ਭਲਾਈ ਸਕੀਮਾਂ ਨੂੰ ਧੋਖਾਧੜੀ ਨਾਲ ਜਾਅਲੀ ਐਂਸ.ਸੀ. ਜਾਤੀ ਸਰਟੀਫਿਕੇਟ ਬਣਾ ਕੇ ਹੜੱਪਣ ਵਾਲੇ ਹਜ਼ਾਰਾਂ ਦੋਸ਼ੀਆਂ ਖਿਲਾਫ ਕਾਰਵਾਈ ਕਰਵਾਉਣ ਲਈ 'ਰਿਜਰਵੇਸ਼ਨ ਚੋਰ ਫੜੋ ਪੱਕਾ ਮੋਰਚਾ ਕਮੇਟੀ' ਵਲੋਂ ਪ੍ਰੋਫੈਸਰ ਹਰਨੇਕ ਸਿੰਘ ਜੀ ਦੀ ਅਗਵਾਈ ਵਿੱਚ ਡਾਇਰੈਕਟੋਰੇਟ ਸਮਾਜਿਕ ਨਿਆਂ ਅਧਿਕਾਰਿਤਾ ਅਤੇ ਘੱਟ ਗਿਣਤੀ ਵਿਭਾਗ ਪੰਜਾਬ ਚੰਡੀਗੜ੍ਹ ਦੇ ਦਫਤਰ ਅੱਗੇ 20 ਅਪ੍ਰੈਲ 2023 ਤੋਂ ਲਗਾਤਾਰ ਸੰਘਰਸ਼ ਚੱਲ ਰਿਹਾ ਹੈ। ਪਰ ਮੁੱਖ ਮੰਤਰੀ ਸ੍ਰ ਭਗਵੰਤ ਸਿੰਘ ਮਾਨ ਦੀ ਅਗਵਾਈ ਵਾਲੀ ਮੌਜੂਦਾ ਆਮ ਆਦਮੀ ਪਾਰਟੀ ਸਰਕਾਰ ਵਲੋਂ ਇਸ ਸਬੰਧ ਵਿੱਚ ਕੋਈ ਠੋਸ ਕਦਮ ਨਹੀਂ ਚੁੱਕੇ ਜਾ ਰਹੇ। ਜਿਸ



ਕਾਰਨ ਸੰਘਰਸ਼ ਨੂੰ ਹੋਰ ਤਿੱਖਾ ਕਰਨ ਦੀ ਬੇਹੱਦ ਲੋੜ ਹੈ। ਬਲਦੇਵ ਭਾਰਤੀ ਨੇ ਦੱਸਿਆ ਕਿ ਉਨ੍ਹਾਂ ਦੀ ਜੱਥੇਬੰਦੀ ਇਸ ਸੰਘਰਸ਼ ਦਾ ਪੁਰਜੋਰ ਸਮੱਰਥਨ ਕਰਦੀ ਹੈ। ਇਸ ਸੰਘਰਸ਼ ਦੇ ਸਬੰਧ ਵਿੱਚ ਮੋਰਚਾ ਦੇ ਪ੍ਰਧਾਨ ਪ੍ਰੋਫੈਸਰ ਹਰਨੇਕ ਸਿੰਘ 16 ਜੁਲਾਈ 2023 ਦਿਨ ਐਤਵਾਰ ਨੂੰ ਸ਼ਾਮ 4 ਵਜੇ ਭਗਵਾਨ ਵਾਲਮੀਕਿ ਮੰਦਰ ਨੇੜੇ ਬੱਸ ਸਟੈਂਡ ਬੰਗਾ ਅਤੇ ਸ਼ਾਮ 5 ਵਜੇ ਡਾ ਅੰਬੇਡਕਰ ਭਵਨ ਮੁਸਾਪੁਰ ਰੋਡ ਨਵਾਂਸ਼ਹਿਰ ਵਿਖੇ ਜਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਦੇ ਸਮੱਰਥਕਾਂ ਨਾਲ ਮੁਹਿੰਮ ਦੀ ਅਗਲੀ ਵਿਊਂਤਬੰਦੀ ਲਈ ਵਿਸ਼ੇਸ਼ ਮੀਟਿੰਗਾਂ ਕਰਨਗੇ।

ਉਨ੍ਹਾਂ ਸਮੂਹ ਐਸ ਸੀ/ਬੀ ਸੀ ਮੁਲਾਜ਼ਮ, ਮਜ਼ਦੂਰ, ਸਮਾਜਿਕ ਅਤੇ ਧਾਰਮਿਕ ਜੱਥੇਬੰਦੀਆਂ ਅਤੇ ਇਨਸਾਫ ਪਸੰਦ ਨਾਗਰਿਕਾਂ ਨੂੰ ਅਪੀਲ ਕੀਤੀ ਉਹ ਇਨ੍ਹਾਂ ਮੀਟਿੰਗਾਂ ਵਿੱਚ ਪੁੱਜ ਕੇ ਆਪਣਾ ਯੋਗਦਾਨ ਪਾਉਣ।

# ਬੁਢਾਪਾ ਪੈਨਸ਼ਨ ਲਈ ਲਗਾਈ ਸਕੂਲ ਸਰਟੀਫਿਕੇਟ ਜਾਂ ਜਨਮ ਸਰਟੀਫਿਕੇਟ ਦੀ ਸ਼ਰਤ ਤੁਰੰਤ ਹਟਾਈ ਜਾਵੇ - ਬਲਦੇਵ ਭਾਰਤੀ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਨੈਸ਼ਨਲ ਲੇਬਰ ਆਰਗੇਨਾਈਜ਼ੇਸ਼ਨ (ਐਂਨ.ਐਂਲ.ਓ) ਦੇ ਕਨਵੀਨਰ ਬਲਦੇਵ ਭਾਰਤੀ ਸਟੇਟ ਐਵਾਰਡੀ ਨੇ ਕਿਹਾ ਕਿ ਪੰਜਾਬ ਸਰਕਾਰ ਦੇ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਵੱਲੋਂ ਬੁਢਾਪਾ ਪੈਨਸ਼ਨ ਸਕੀਮ ਨੂੰ ਨਵੇਂ ਅਜੀਬੋ–ਗਰੀਬ ਆਦੇਸ਼ਾਂ ਰਾਹੀਂ ਜਨ ਸਧਾਰਨ, ਗਰੀਬ ਅਤੇ ਅਨਪੜ੍ਹ ਬਜੁਰਗਾਂ ਮਾਈਆਂ ਦੀ ਪਹੁੰਚ ਤੋਂ ਬਾਹਰ ਕਰ ਦਿੱਤਾ ਹੈ। ਕਿਓਂਕਿ ਡਾਇਰੈਕਟਰ ਸਮਾਜਿਕ ਸੁਰੱਖਿਆ, ਇਸਤਰੀ ਤੇ ਬਾਲ ਵਿਕਾਸ ਵਿਭਾਗ ਪੰਜਾਬ ਵੱਲੋਂ ਜਾਰੀ ਕੀਤੇ ਗਏ ਪੱਤਰ ਵਿੱਚ ਸ਼ਪੱਸ਼ਟ ਆਦੇਸ਼ ਦਿੱਤੇ ਗਏ ਹਨ ਕਿ ਕਿਸੇ ਲੋੜਵੰਦ ਬਜੁਰਗ/ਬੀਬੀ ਨੂੰ ਆਪਣੀ ਬੁੱਢਾਪਾ ਪੈਨਸ਼ਨ ਲਗਾਉਣ ਆਪਣੀ ਜਨਮ ਤਰੀਕ ਦੇ ਸਬੂਤ ਵਜੋਂ ਸਮਰੱਥ ਅਧਿਕਾਰੀ ਦੁਆਰਾ ਜਾਰੀ ਜਨਮ ਸਰਟੀਫਿਕੇਟ ਜਾਂ



ਮੈਟ੍ਰਿਕ ਸਰਟੀਫਿਕੇਟ ਜਾਂ ਸਕੂਲ ਛੱਡਣ ਦੇ ਸਰਟੀਫਿਕੇਟ ਵਿੱਚੋਂ ਕਿਸੇ ਇਕ ਨੂੰ ਲਾਜ਼ਮੀ ਕਰ ਦਿੱਤਾ ਗਿਆ ਹੈ।

ਬਲਦੇਵ ਭਾਰਤੀ ਨੇ ਦੱਸਿਆ ਕਿ ਦੱਸਿਆ ਕਿ ਇਸ ਤੋਂ ਪਹਿਲਾਂ ਬੁਢਾਪਾ ਪੈਨਸ਼ਨ ਸਕੀਮ ਦਾ ਲਾਭ ਲੈਣ ਲਈ ਉਮਰ ਦੇ ਸਬੂਤ ਵਜੋਂ ਅਧਾਰ ਕਾਰਡ, ਵੋਟਰ ਕਾਰਡ, ਵੋਟਰ ਸੂਚੀ, ਮੈਟ੍ਰਿਕ ਸਰਟੀਫਿਕੇਟ ਅਤੇ ਰਜਿਸਟਰਾਰ ਜਨਮ ਤੇ ਮੌਤ ਦੁਆਰਾ ਜਾਰੀ ਜਨਮ ਸਰਟੀਫਿਕੇਟ ਵਿੱਚੋ ਕੋਈ ਵੀ ਇਕ ਦਸਤਾਵੇਜ ਲਗਾਉਣਾ ਜਰੂਰੀ ਸੀ। ਪਰ ਪੰਜਾਬ ਸਰਕਾਰ ਨਵੇਂ ਹੁਕਮਾਂ ਨੇ ਗਰੀਬ ਲਾਚਾਰ ਬਜ਼ੁਰਗਾਂ ਬੀਬੀਆਂ ਪਾਸੋਂ ਬੁਢਾਪੇ ਦਾ ਆਖਰੀ ਸਹਾਰਾ ਬੁਢਾਪਾ ਪੈਨਸ਼ਨ ਦਾ ਹੱਕ ਵੀ ਖੋਹ ਲਿਆ ਹੈ। ਬੁਢਾਪਾ ਪੈਨਸ਼ਨ ਲੈਣ ਦੇ ਯੋਗ ਬਜ਼ੁਰਗਾਂ ਬੀਬੀਆਂ ਵਿੱਚੋਂ ਵੱਡੀ ਗਿਣਤੀ ਬਿਲਕੁਲ ਕੋਰੇ ਅਨਪੜ੍ਹ ਹਨ। ਅੱਜ ਤੋਂ 60–65 ਸਾਲ ਪਹਿਲਾਂ ਦੇ ਹਾਲਾਤਾਂ ਵਿੱਚ ਕਿੰਨੇ ਕੁ ਲੋਕਾਂ ਨੇ ਦਾਈਆਂ ਦੀ ਸੇਵਾ ਨਾਲ ਜਨਮੇਂ ਆਪਣੇ ਬੱਚਿਆਂ ਦੇ ਜਨਮ ਦਰਜ਼ ਕਰਵਾਏ ਹੋਣਗੇ ਇਸ ਦਾ ਅੰਦਾਜ਼ਾ ਲਗਾਉਣਾ ਕੋਈ ਮੁਸ਼ਕਿਲ ਨਹੀਂ ਹੈ। ਇਸ ਸਮੇਂ ਦਾਈਆਂ ਅਤੇ ਪਿੰਡਾਂ ਦੇ ਚੌਕੀਦਾਰਾਂ ਤੋਂ ਬਿਨਾਂ ਜਨਮ ਸਰਟੀਫਿਕੇਟ ਮੁਹੱਈਆ ਕਰਵਾਉਣ ਦਾ ਕੋਈ ਯੋਗ ਪ੍ਰਬੰਧ ਨਹੀਂ ਸੀ। ਅਨਪੜ੍ਹਤਾ ਕਾਰਨ ਅਤੇ ਜਨਮ ਸਰਟੀਫਿਕੇਟ ਦੀ ਅਹਿਮੀਅਤ ਤੋਂ ਅਣਜਾਣ ਬਹੁਤੇ ਮਾਪਿਆਂ, ਦਾਈਆਂ ਜਾ ਚੌਕੀਦਾਰਾਂ ਵੱਲੋਂ ਦਰਜ਼ ਕਰਵਾਏ ਜਾਂਦੇ ਜਨਮ ਸਬੰਧੀ ਵੇਰਵਿਆਂ ਵਿੱਚ ਵੀ ਵਧੇਰੇ ਗਲਤੀਆਂ ਹੋਣਾ ਸੁਭਾਵਿਕ ਹੈ । ਅਜਿਹੇ ਹਾਲਾਤਾਂ ਵਿੱਚ ਬਹੁਤ ਸਾਰੇ ਵੇਰਵੇ ਕਿਸੇ ਵੀ ਤਰ੍ਹਾਂ ਮੇਲ ਨਹੀਂ ਖਾਂਦੇ ਹੋਣਗੇ ਅਤੇ ਬਹੁਤ ਸਾਰੇ ਯੋਗ ਲੋੜਵੰਦ ਵੀ ਬੁੱਢਾਪਾ ਪੈਨਸ਼ਨ ਸਕੀਮ ਤੋਂ ਵਾਂਝੇ ਰਹਿ ਜਾਣਗੇ। ਐਂਨ.ਐਂਲ.ਓ ਮੁਖੀ ਬਲਦੇਵ ਭਾਰਤੀ ਨੇ ਪੰਜਾਬ ਸਰਕਾਰ ਪਾਸੋਂ ਪੁਰਜੋਰ ਮੰਗ ਕੀਤੀ ਕਿ ਬੁਢਾਪਾ ਪੈਨਸ਼ਨ ਲਈ ਬਜੁਰਗਾਂ ਅਤੇ ਬੀਬੀਆਂ ਲਈ ਲਗਾਈ ਜਨਮ ਸਰਟੀਫਿਕੇਟ ਜਾਂ ਸਕੂਲ ਸਰਟੀਫਿਕੇਟ ਦੀ ਸ਼ਰਤ ਤੁਰੰਤ ਹਟਾਈ ਜਾਵੇ ਅਤੇ ਆਧਾਰ ਕਾਰਡ ਅਤੇ ਪੈਨ ਕਾਰਡ ਦੇ ਆਧਾਰ ਤੇ ਬੁੱਢਾਪਾ ਪੈਨਸ਼ਨ ਸਕੀਮ ਦਾ ਲਾਭ ਦੇਣ ਦੀ ਵਿਵਸਥਾ ਕੀਤੀ ਜਾਵੇ।

ਇਸ ਮੌਕੇ ਤੇ ਜਨਮ ਸਰਟੀਫਿਕੇਟ ਜਾਂ ਸਕੂਲ ਸਰਟੀਫਿਕੇਟ ਦੀ ਸ਼ਰਤ ਕਾਰਨ ਸੇਵਾ ਕੇਂਦਰਾਂ ਵਿੱਚੋਂ ਵਾਪਸ ਭੇਜੇ ਗਏ ਗਰੀਬ ਲੋੜਵੰਦ ਬਜੁਰਗ ਸੋਹਣ ਲਾਲ ਮੁਠੱਡਾ ਕਲਾਂ, ਰਾਣਾ ਰਾਮ ਰਾਜਪੁਰਾ ਅਤੇ ਬੀਬੀ ਗੀਤਾ ਦੇਵੀ ਹਰੀਪੁਰ ਖਾਲਸਾ ਆਦਿ ਵਿਸ਼ੇਸ਼ ਤੌਰ ਤੇ ਮੌਜੂਦ ਸਨ।

# ਰੋਟਰੀ ਕਲੱਬ ਹੁਸ਼ਿਆਰਪੁਰ ਦਾ ਸਥਾਪਨਾ ਸਮਰੋਹ ਮਨਾਇਆ ਗਿਆ

**ਨਵਾਂਸ਼ਹਿਰ/ਰਾਹੋਂ (ਸਤਨਾਮ ਸਿੰਘ ਸਹੂੰਗੜਾ)–** ਰੋਟਰੀ ਕਲੱਬ ਹੁਸ਼ਿਆਰਪੁਰ ਮਿਡ ਟਾਊਨ ਦੀ ਸਥਾਪਨਾ ਸਮਾਰੋਹ ਪ੍ਰਵੀਨ ਪੱਬੀ ਦੀ ਪ੍ਰਧਾਨਗੀ ਹੇਠ ਸਥਾਨਕ ਹੋਟਲ ਵਿਖੇ ਕਰਵਾਇਆ ਗਿਆ । ਜਿਸ ਵਿੱਚ ਸਾਲ 2023–24 ਲਈ ਅਮਰਜੀਤ ਸਿੰਘ ਅਰਨੇਜਾ ਨੂੰ ਪ੍ਰਧਾਨ ਅਤੇ ਇੰਦਰਪਾਲ ਸਚਦੇਵਾ ਨੂੰ ਸਕੱਤਰ ਨਿਯੁਕਤ ਕੀਤਾ ਗਿਆ। ਰਸਮੀ ਤੌਰ 'ਤੇ ਨਵੇਂ ਪ੍ਰਧਾਨ ਅਮਰਜੀਤ ਅਰਨੇਜਾ ਨੂੰ ਰੋਟਰੀ ਕਾਲਰ ਦਾ ਆਦਾਨ ਪ੍ਰਦਾਨ ਕਰਕੇ ਨਾਮਜ਼ਦ ਕੀਤਾ । ਨਵ–ਨਿਯੁਕਤ ਪ੍ਰਿੰਸੀਪਲ ਅਰਨੇਜਾ ਨੇ ਆਪਣੀ ਨਵੀਂ ਟੀਮ ਨੂੰ ਲੈਪਲ ਪਿੰਨ ਨਾਲ ਨਾਮਜ਼ਦ ਕੀਤਾ। ਇਸ ਮੌਕੇ ਸਾਬਕਾ ਸੰਸਦ ਮੈਂਬਰ ਅਵਿਨਾਸ਼ ਖੰਨਾ ਨੇ ਨਵੇਂ ਪ੍ਰਧਾਨ ਨੂੰ ਫੁੱਲਾਂ ਦਾ ਗੁੱਛਾ ਭੇਂਟ ਕਰਕੇ ਵਧਾਈ ਦਿੱਤੀ ਅਤੇ




ਸਮਾਗਮ ਦੇ ਮੁੱਖ ਮਹਿਮਾਨ ਤੇ ਸਾਬਕਾ ਜ਼ਿਲ੍ਹਾ ਗਵਰਨਰ ਰੋਟੇਰੀਅਨ ਅਰੁਣ ਜੈਨ ਸਨ ਅਤੇ ਸਾਬਕਾ ਸੰਸਦ ਮੈਂਬਰ ਡਾ: ਅਵਿਨਾਸ਼ ਰਾਏ ਖੰਨਾ ਵਿਸ਼ੇਸ਼ ਮਹਿਮਾਨ ਵਜੋਂ ਸ਼ਾਮਿਲ ਹੋਏ । ਸਟੇਜ ਸੰਚਾਲਨ ਗੋਪਾਲ ਵਾਸੂਦੇਵਾ ਨੇ ਬਾਖੂਬੀ ਨਿਭਾਇਆ। ਸਮਾਗਮ ਵਿੱਚ ਰੋਟੇਰੀਅਨ ਪ੍ਰਵੀਨ ਪੱਬੀ ਨੇ ਆਪਣੇ ਸਾਲ 2022–23 ਵਿੱਚ ਕੀਤੇ ਗਏ ਪ੍ਰੋਜੈਕਟਾਂ ਬਾਰੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਰੋਟਰੀ ਮਿਡ ਟਾਊਨ ਨੇ ਆਪਣੇ ਜ਼ੋਨ ਵਿੱਚ ਸਮਾਜ ਭਲਾਈ ਦੇ 40 ਪ੍ਰੋਜੈਕਟ ਲਾਗੂ ਕਰਕੇ ਬੈਸਟ ਕਲੱਬ ਦਾ ਐਵਾਰਡ ਵੀ ਜਿੱਤਿਆ ਹੈ।

ਸਾਬਕਾ ਸਕੱਤਰ ਰੋਟੇਰੀਅਨ ਮਨੋਜ ਓਹਰੀ ਨੇ ਦੱਸਿਆ ਕਿ ਉਨ੍ਹਾਂ ਨੂੰ ਜ਼ਿਲ੍ਹਾ ਗਵਰਨਰ ਵੱਲੋਂ ਬੈਸਟ ਆਊਟਸਟੈਂਡਿੰਗ ਸੈਕਟਰੀ ਦੇ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ ਹੈ ਅਤੇ ਕਲੱਬ ਨੂੰ ਉਨ੍ਹਾਂ ਦੇ ਅਪਣਾਏ ਪ੍ਰੋਜੈਕਟ 'ਗਿਫਟ ਆਫ਼ ਸਾਈਟ' ਲਈ ਵੀ ਸਨਮਾਨਿਤ ਕੀਤਾ ਗਿਆ ਹੈ। ਇਸ ਮੌਕੇ ਸਾਬਕਾ ਪ੍ਰਧਾਨ ਪੱਬੀ ਨੇ ਕਲੱਬ ਦੇ ਸਮੂਹ ਮੈਂਬਰਾਂ ਨੂੰ ਸਾਲ ਭਰ ਦੇ ਸਹਿਯੋਗ ਲਈ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ । ਮੁੱਖ ਮਹਿਮਾਨ ਸਾਬਕਾ ਜ਼ਿਲ੍ਹਾ ਗਵਰਨਰ ਅਰੁਣ ਜੈਨ ਨੇ ਭਰੋਸਾ ਦਿੱਤਾ ਕਿ ਉਹ ਆਪਣੇ ਵੱਲੋਂ ਕਲੱਬ ਦੀ ਹਰ ਸੰਭਵ ਮਦਦ ਕਰਦੇ ਰਹਿਣਗੇ। ਪੀਡੀਜੀ ਅਰੁਣ ਜੈਨ ਨੇ ਕਿਹਾ ਕਿ ਵਿਸ਼ਵ ਵਿੱਚ ਪਾਣੀ ਦਾ ਪੱਧਰ ਡਿੱਗਣ ਕਾਰਨ ਪੀਣ ਵਾਲੇ ਸਾਫ਼ ਪਾਣੀ ਦਾ ਸੰਕਟ ਪੈਦਾ ਹੋ ਰਿਹਾ ਹੈ, ਸਾਨੂੰ ਆਪਣੇ ਭਵਿੱਖ ਲਈ ਪਾਣੀ ਬਚਾਉਣਾ ਹੋਵੇਗਾ। ਪ੍ਰੋਜੈਕਟ ਚੇਅਰਮੈਨ ਪ੍ਰਵੀਨ ਪਾਲਿਆਲ ਨੇ ਸਾਰਿਆਂ ਨੂੰ ਜੀ ਆਇਆਂ ਕਿਹਾ ਅਤੇ ਸਤੀਸ਼ ਗੁਪਤਾ ਨੇ ਸਾਰੇ ਮਹਿਮਾਨਾਂ ਅਤੇ ਰੋਟੇਰੀਅਨਾਂ ਦਾ ਸਮਾਗਮ ਵਿੱਚ ਪਹੁੰਚਣ ਲਈ ਧੰਨਵਾਦ ਕੀਤਾ। ਇਸ ਮੌਕੇ ਕਲੱਬ ਵੱਲੋਂ 4 ਨਵੇਂ ਮੈਂਬਰਾਂ ਨੂੰ ਲੈਪਲ ਪਿੰਨ ਪਾ ਕੇ ਰੋਟਰੀ ਪਰਿਵਾਰ ਵਿੱਚ ਸ਼ਾਮਲ ਕੀਤਾ ਗਿਆ।

ਸਮਾਗਮ ਦੇ ਅੰਤ ਵਿੱਚ ਆਏ ਮਹਿਮਾਨਾਂ ਨੂੰ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ ਗਿਆ। ਰੋਟੇਰੀਅਨ ਡੀ.ਪੀ ਕਥੂਰੀਆ, ਸੁਰੇਸ਼ ਅਰੋੜਾ, ਸੰਜੀਵ ਓਹਰੀ, ਰਾਕੇਸ਼ ਕਪੂਰ, ਜਗਮੀਤ ਸੇਠੀ, ਲੋਕੇਸ਼ ਮਹਿਰਾ, ਮਨਮਿੰਦਰ ਰੀਹਲ, ਜੋਗਿੰਦਰ ਸਿੰਘ, ਅਸ਼ੋਕ ਸ਼ਰਮਾ, ਅਵਤਾਰ ਸਿੰਘ, ਜਤਿੰਦਰ ਦੁੱਗਲ, ਜਤਿੰਦਰ ਕੁਮਾਰ, ਰਾਜੇਸ਼ ਗੁਪਤਾ, ਸੰਜੀਵ ਸ਼ਰਮਾ, ਯੋਗੇਸ਼ ਚੰਦਰ, ਮਹਿੰਦਰ ਪਾਲ ਚਾਵਲਾ ਆਦਿ ਮੈਂਬਰ ਅਤੇ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਸਨ।

# ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਨੇ 11 ਸਰਕਾਰੀ ਸਕੂਲਾਂ ਨੂੰ ਦਿੱਤੇ 11.63 ਲੱਖ ਰੁਪਏ ਦੇ ਚੈੱਕ

**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)-** ਚੇਅਰਪਰਸਨ ਜ਼ਿਲ੍ਹਾ ਯੋਜਨਾ ਕਮੇਟੀ ਹੁਸ਼ਿਆਰਪੁਰ ਕਰਮਜੀਤ ਕੌਰ ਨੇ ਅੱਜ ਜ਼ਿਲ੍ਹੇ ਦੇ 11 ਸਰਕਾਰੀ ਸਕੂਲਾਂ ਨੂੰ ਪੀਣ ਵਾਲੇ ਪਾਣੀ ਲਈ ਵਾਟਰ ਕੂਲਰ ਅਤੇ ਸਬਮਰਸੀਬਲ ਪੰਪ ਲਗਵਾਉਣ ਲਈ 11.63 ਲੱਖ ਰੁਪਏ ਦੇ ਚੈੱਕ ਸੌਂਪੇ ਗਏ। ਅੱਜ ਆਪਣੇ ਦਫ਼ਤਰ ਵਿਖੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਹਰਭਗਵੰਤ ਸਿੰਘ ਅਤੇ ਜ਼ਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਸੰਜੀਵ ਗੌਤਮ ਨੂੰ ਚੈੱਕ ਸੌਂਪਦਿਆਂ ਚੇਅਰਪਰਸਨ ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਦੀ ਅਗਵਾਈ ਵਿਚ ਸਿੱਖਿਆ ਮੰਤਰੀ ਹਰਜੋਤ ਸਿੰਘ ਬੈਂਸ ਵੱਲੋਂ ਸਿੱਖਿਆ ਦੇ ਖੇਤਰ ਵਿਚ ਬੇਮਿਸਾਲ ਕੰਮ ਕੀਤੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਸਰਕਾਰੀ ਸਕੂਲਾਂ ਵਿਚ ਸਿੱਖਿਆ ਦੇ ਪੱਧਰ ਦੇ ਨਾਲ-ਨਾਲ ਬੁਨਿਆਦੀ ਢਾਂਚਾ ਵੀ ਮਜ਼ਬੂਤ ਹੋ ਰਿਹਾ ਹੈ।



ਚੇਅਰਪਰਸਨ ਕਰਮਜੀਤ ਕੌਰ ਨੇ ਕਿਹਾ ਕਿ ਅੱਜ ਸਰਕਾਰੀ ਹਾਈ ਸਕੂਲ ਕਮਾਲਪੁਰ, ਸਰਕਾਰੀ ਸੀਨੀਅਰ ਸੈਕੰਡਰੀ ਸਕੂਲ ਮਨਹੋਤਾ, ਸਰਕਾਰੀ ਐਲੀਮੈਂਟਰੀ ਸਕੂਲ ਲੰਗਰਪੁਰ, ਸਰਕਾਰੀ ਐਲੀਮੈਂਟਰੀ ਸਕੂਲ ਨੰਗਲ ਖੁਰਦ, ਸਰਕਾਰੀ ਐਲੀਮੈਂਟਰੀ ਸਕੂਲ ਸੀਂਘੋਵਾਲ, ਸਰਕਾਰੀ ਹਾਈ ਸਕੂਲ ਕੋਟ ਪਟਿਆਲ, ਸਰਕਾਰੀ ਐਲੀਮੈਂਟਰੀ ਸਕੂਲ ਰਸੂਲਪੁਰ, ਸਰਕਾਰੀ ਐਲੀਮੈਂਟਰੀ ਸਕੂਲ ਖਿੱਚੀਆਂ, ਸਰਕਾਰੀ ਪ੍ਰਾਇਮਰੀ ਸਕੂਲ ਸ਼ੇਰਗੜ੍ਹ, ਸਰਕਾਰੀ ਪ੍ਰਾਇਤਰੀ ਸਕੂਲ ਭੀਖੋਵਾਲ ਅਤੇ ਸਰਕਾਰੀ ਐਲੀਮੈਂਟਰੀ ਸਕੂਲ ਬਾੜੀਆ ਕਲਾਂ ਨੂੰ ਉਥੋਂ ਦੀਆਂ ਲੋੜਾਂ ਦੇ ਹਿਸਾਬ ਨਾਲ ਵਾਟਰ ਕੂਲਰ ਅਤੇ ਸਬਮਰਸੀਬਲ ਪੰਪ ਲਗਵਾਉਣ ਲਈ ਰਾਸ਼ੀ ਦਿੱਤੀ ਗਈ ਹੈ। ਇਸ ਮੌਕੇ ਉਨ੍ਹਾਂ ਨਾਲ ਅੰਕੜਾ ਸਹਾਇਕ ਧਰਮਿੰਦਰ ਸਿੰਘ, ਜੂਨੀਅਰ ਸਹਾਇਕ ਵਿਜੇ ਕੁਮਾਰ ਵੀ ਮੌਜੂਦ ਸਨ।

# ਵੋਟਰ ਵੈਰਿਫਿਕੇਸ਼ਨ ਹਿੱਤ ਬੀ. ਐਲ. ਓਜ ਵਲੋਂ ਕੀਤਾ ਜਾਵੇਗਾ ਡੋਰ-ਟੂ-ਡੋਰ ਸਰਵੇ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਡਿਪਟੀ ਕਮਿਸ਼ਨਰ-ਕਮ-ਜ਼ਿਲ੍ਹਾ ਚੋਣ ਅਫ਼ਸਰ, ਪਠਾਨਕੋਟ ਸ੍ਰੀ ਹਰਬੀਰ ਸਿੰਘ ਨੇ ਜਾਣਕਾਰੀ ਦਿੰਦਿਆਂ ਦੱਸਿਆ ਕਿ ਭਾਰਤ ਚੋਣ ਕਮਿਸ਼ਨ ਨਵੀਂ ਦਿੱਲੀ ਵਲੋਂ ਯੋਗਤਾ ਮਿਤੀ 01 ਜਨਵਰੀ 2024 ਦੇ ਅਧਾਰ ਤੇ ਫੋਟੋ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦਾ ਸ਼ਡਿਊਲ ਜਾਰੀ ਕੀਤਾ ਗਿਆ ਹੈ, ਜਿਸ ਅਨੁਸਾਰ ਪ੍ਰੀ-ਰਵੀਜਨ ਗਤੀਵਿਧੀਆਂ ਤਹਿਤ ਜ਼ਿਲ੍ਹੇ ਵਿਚਲੇ ਸਮੁੱਚੇ ਤਿੰਨਾ ਵਿਧਾਨ ਸਭਾ ਚੋਣ ਹਲਕਿਆਂ (001 ਸੁਜਾਨਪੁਰ, 002 ਭੋਆ(ਅ.ਜ), 003-ਪਠਾਨਕੋਟ) ਵਿੱਚ ਮਿਤੀ 21 ਜੁਲਾਈ 2023 ਤੋਂ 21 ਅਗਸਤ 2023 ਤੱਕ ਬੀ.ਐਲ.ਓਜ਼. ਦੁਆਰਾ ਮੌ-ਜੂਦਾ ਵੋਟਰ ਸੂਚੀ ਵਿੱਚ ਦਰਜ ਵੋਟਰਾਂ ਦੇ ਵੇਰਵਿਆਂ ਦੀ ਵੈਰੀਫਿਕੇਸ਼ਨ ਕਰਨ ਹਿੱਤ ਡੋਰ-ਟੂ-ਡੋਰ ਸਰਵੇ ਕੀਤਾ ਜਾਵੇਗਾ। ਡੋਰ-ਟੂ- ਡੋਰ ਸਰਵੇ ਦੌਰਾਨ ਬੀ.ਐਲ.ਓਜ਼. ਵੱਲੋਂ ਜਿਥੇ ਵੋਟਰਾਂ ਦੀ ਐਪ ਬੀ.ਐਲ, ਓ. ਐਪ ਦਾ ਮਾਧਿਅਮ ਨਾਲ ਵੋਟਰ ਵੈਰੀਫਿਕੇਸ਼ਨ ਕੀਤੀ ਜਾਵੇਗੀ ਉਥੇ ਹੀ ਮਿਤੀ 01 ਜਨਵਰੀ 2024 ਨੂੰ 18 ਸਾਲ ਦੀ ਉਮਰ ਪੂਰੀ ਕਰ ਚੁੱਕੇ ਯੋਗ ਬਿਨੈਕਾਰਾ ਦੀ ਵੋਟਰ ਰਜਿਸਟ੍ਰੇਸ਼ਨ ਸਬੰਧੀ ਫਾਰਮ ਵੀ ਇਕੱਤਰ ਕੀਤੇ ਜਾਣਗੇ । ਇਸ ਤੋਂ ਇਲਾਵਾ ਯੋਗਤਾ ਮਿਤੀ 01 ਅਕਤੂਬਰ 2023, 01 ਅਪ੍ਰੈਲ 2024, 01 ਜੁਲਾਈ 2024, ਅਤੇ 01 ਅਕਤੂਬਰ 2024 ਦੇ ਅਧਾਰ ਤੇ 17 ਤੋਂ 18 ਸਾਲ ਦੀ ਉਮਰ ਦੇ ਯੋਗ ਬਿਨੈਕਾਰਾਂ ਦੀ ਵੋਟਰ ਰਜਿਸਟ੍ਰੇਸ਼ਨ ਲਈ ਉਹਨਾਂ ਦੇ ਵੇਰਵੇ ਅਡਵਾਂਸ ਵਿੱਚ ਹੀ ਇਕੱਤਰ ਕੀਤੇ ਜਾਣਗੇ।



ਡਿਪਟੀ ਕਮਿਸ਼ਨਰ ਪਠਾਨਕੋਟ ਵੱਲੋਂ ਜ਼ਿਲ੍ਹੇ ਦੇ ਸਮੁੱਚੇ ਵੋਟਰਾ/ਵਿਅਕਤੀਆਂ ਨੂੰ ਅਪੀਲ ਕੀਤੀ ਜਾਂਦੀ ਹੈ ਕਿ ਬੀ.ਐਲ.ਓਜ਼.ਦੁਆਰਾ ਵੋਟਰ ਵੈਰੀਫਿਕੇਸ਼ਨ ਕਰਨ ਲਈ ਕੀਤੇ ਜਾਣ ਵਾਲੇ ਡੋਰ-ਟੂ-ਡੋਰ ਸਰਵੇ ਦੌਰਾਨ ਉਨ੍ਹਾਂ ਨੂੰ ਆਪਣਾ ਪੂਰਣ ਸਹਿਯੋਗ ਦਿਤਾ ਜਾਵੇ। ਇਸ ਤੋਂ ਇਲਾਵਾ ਡਿਪਟੀ ਕਮਿਸ਼ਨਰ ਜੀ ਵੱਲੋਂ ਜ਼ਿਲ੍ਹੇ ਦੀਆਂ ਸਮੂਹ ਰਾਜਨੀਤਿਕ ਪਾਰਟੀਆਂ ਦੇ ਪ੍ਰਧਾਨਾਂ/ਸਕੱਤਰਾਂ, ਕਲੱਬਾਂ, ਵਾਰਡ ਸੁਸਾਈਟੀਜ, ਐਨ.ਜੀ.ਓਜ ਅਤੇ ਸਮਾਜ ਸੇਵੀ ਸੰਸਥਾਵਾਂ ਨੂੰ ਅਪੀਲ ਕੀਤੀ ਕਿ ਉਹ ਭਾਰਤ ਚੋਣ ਕਮਿਸ਼ਨ ਜੀ ਵਲੋਂ ਯੋਗਤਾ ਮਿਤੀ 01.01,2024 ਦੇ ਅਧਾਰ ਤੇ ਵੋਟਰ ਸੂਚੀ ਦੀ ਵਿਸ਼ੇਸ਼ ਸਰਸਰੀ ਸੁਧਾਈ ਦੇ ਸਬੰਧ ਵਿੱਚ ਕਰਵਾਈਆਂ ਜਾ ਰਹੀਆਂ ਪ੍ਰੀ-ਰਵੀਜਨ ਗਤੀਵਿਧੀਆਂ (ਡੋਰ-ਟੂ-ਡੋਰ ਸਰਵੇ ਅਤੇ ਪੋਲਿੰਗ ਸਟੇਸਨਾਂ ਦੀ ਫ਼ੈਸ਼ਨਾਲਾਈਜੇਸ਼ਨ) ਵਿੱਚ ਜ਼ਿਲ੍ਹਾ ਪ੍ਰਸ਼ਾਸ਼ਨ, ਬੀ.ਐਲ.ਓਜ਼. ਸੁਪਰਵਾਈਜਰ, ਸਵੀਪ ਨੋਡਲ ਅਫਸਰਾਂ, ਸਕੂਲਾਂ ਕਾਲਜਾਂ ਦੇ ਨੋਡਲ ਅਫ਼ਸਰਾਂ/ਕੈਂਪਸ ਅੰਬੇਸਡਰਾਂ ਈ. ਐਲ.ਸੀ ਕਲੱਬਾਂ, ਚੁਨਾਵ ਪਾਠਸ਼ਾਲਾ ਅਤੇ ਵੋਟਰ ਜਾਗਰੂਕਤਾ ਮੰਚ ਦੇ ਇੰਚਾਰਜਾਂ ਨੂੰ ਆਪਣਾ ਵੱਧ ਤੋਂ ਵੱਧ ਸਹਿਯੋਗ ਦੇਣ ਤਾਂ ਜੋ ਭਾਰਤ ਚੋਣ ਕਮਿਸ਼ਨ ਦੀਆਂ ਹਦਾਇਤਾਂ ਅਨੁਸਾਰ ਵੋਟਰ ਸੂਚੀਆਂ ਵਿੱਚ ਵੱਧ ਤੋਂ ਵੱਧ ਵੋਟਰਾਂ ਨੂੰ ਰਜਿਸਟਰਡ ਕੀਤਾ ਜਾ ਸਕੇ।

# ਪੰਜਾਬੀ ਸਾਹਿਤ ਸਿਰਜਣਾ ਅਤੇ ਕਵਿਤਾ ਗਾਇਨ ਮੁਕਾਬਲੇ 4 ਅਗਸਤ ਨੂੰ

**ਪਠਾਨਕੋਟ, ਜੁਲਾਈ (ਰਾਜਿੰਦਰ ਸਿੰਘ ਰਾਜਨ)** ਭਾਸ਼ਾ ਵਿਭਾਗ ਪੰਜਾਬ ਵੱਲੋਂ ਵਿਦਿਆਰਥੀਆਂ ਅੰਦਰ ਸਾਹਿਤਕ ਸੂਝ ਅਤੇ ਸਾਹਿਤ ਸਿਰਜਣਾ ਪ੍ਰਤਿ ਰੁਚੀ ਪੈਦਾ ਕਰਨ ਹਿੱਤ ਜ਼ਿਲ੍ਹਾ ਤੇ ਰਾਜ ਪੱਧਰ 'ਤੇ ਹਰ ਸਾਲ ਰਾਜ ਪੱਧਰ 'ਤੇ ਸਾਹਿਤ ਸਿਰਜਣਾ ਅਤੇ ਕਵਿਤਾ ਗਾਇਨ ਮੁਕਾਬਲੇ ਕਰਵਾਏ ਜਾਂਦੇ ਹਨ ਤੇ ਜ਼ਿਲ੍ਹਿਆਂ ਤੋਂ ਪਹਿਲੇ ਸਥਾਨ 'ਤੇ ਆਉਣ ਵਾਲੇ ਵਿਦਿਆਰਥੀ ਰਾਜ ਪੱਧਰੀ ਮੁਕਾਬਲਿਆਂ ਵਿੱਚ ਭੇਜੇ ਜਾਂਦੇ ਹਨ।

ਜ਼ਿਲ੍ਹਾ ਭਾਸ਼ਾ ਦਫ਼ਤਰ ਪਠਾਨਕੋਟ ਵੱਲੋਂ ਜ਼ਿਲ੍ਹਾ ਪੱਧਰੀ ਇਹ ਮੁਕਾਬਲੇ 4 ਅਗਸਤ, 2023 ਨੂੰ ਸ਼ਹੀਦ ਮੱਖਣ ਸਿੰਘ ਸਰਕਾਰੀ ਕੰਨਿਆ ਸੀਨੀਅਰ ਸੈਕੰਡਰੀ ਸਕੂਲ, ਪਠਾਨਕੋਟ ਵਿਖੇ ਕਰਵਾਏ ਜਾ ਰਹੇ ਹਨ, ਜਿਸ ਵਿੱਚ ਮੈਟ੍ਰਿਕ ਸ਼੍ਰੇਣੀ ਤੱਕ ਦੇ ਸਰਕਾਰੀ/ ਸਰਕਾਰੀ ਸਹਾਇਤਾ ਪ੍ਰਾਪਤ/ ਪ੍ਰਾਈਵੇਟ ਸਕੂਲਾਂ ਦੇ ਵਿਦਿਆਰਥੀ ਭਾਗ ਲੈ ਸਕਦੇ ਹਨ।



ਇਹ ਜਾਣਕਾਰੀ ਦਿੰਦੇ ਹੋਏ ਜ਼ਿਲ੍ਹਾ ਭਾਸ਼ਾ ਅਫ਼ਸਰ ਡਾ. ਸੁਰੇਸ਼ ਮਹਿਤਾ ਨੇ ਦੱਸਿਆ ਕਿ ਇਨ੍ਹਾਂ ਮੁਕਾਬਲਿਆਂ ਦੇ ਐਂਟਰੀ ਫ਼ਾਰਮ ਭੇਜਣ ਦੀ ਆਖ਼ਰੀ ਮਿਤੀ 28 ਜੁਲਾਈ, 2023 ਨਿਰਧਾਰਿਤ ਕੀਤੀ ਗਈ ਹੈ । ਇਹ ਮੁਕਾਬਲੇ ਕਵਿਤਾ ਲੇਖਣ, ਕਹਾਣੀ ਲੇਖਣ, ਨਿਬੰਧ ਲੇਖਣ ਤੇ ਕਵਿਤਾ ਗਾਇਨ ਦੇ ਹੋਣਗੇ । ਕਵਿਤਾ, ਕਹਾਣੀ ਤੇ ਨਿਬੰਧ ਲੇਖਣ ਲਈ ਵਿਸ਼ਾ ਮੌਕੇ 'ਤੇ ਦਿੱਤਾ ਜਾਵੇਗਾ ਜਦਕਿ ਕਵਿਤਾ ਗਾਇਨ ਲਈ ਵਿਭਾਗ ਵੱਲੋਂ ਨਿਰਧਾਰਿਤ ਕੀਤੇ ਕਵੀਆਂ ਦੀ ਰਚਨਾ ਨੂੰ ਵਿਦਿਆਰਥੀ ਚੁਣ ਸਕਦਾ ਹੈ।

ਇਹਨਾਂ ਮੁਕਾਬਲਿਆਂ ਸੰਬੰਧੀ ਕਿਸੇ ਵੀ ਕਿਸਮ ਦੀ ਜਾਣਕਾਰੀ ਜ਼ਿਲ੍ਹਾ ਭਾਸ਼ਾ ਦਫ਼ਤਰ ਤੋਂ ਪ੍ਰਾਪਤ ਕੀਤੀ ਜਾ ਸਕਦੀ ਹੈ।

# ਹਰਿਆਣਾ ਨੂੰ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਲਈ ਚੰਡੀਗੜ੍ਹ ਵਿਖੇ ਜਗ੍ਹਾ ਦੇਣ ਦੇ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਵੱਲੋਂ ਚੁੱਕੇ ਗਏ ਕਦਮ ਦੀ ਜ਼ੋਰਦਾਰ ਨਿਖੇਧੀ

**ਚੰਡੀਗੜ੍ਹ, (ਦਲਜੀਤ ਕੌਰ)** ਸੂਬੇ ਦੇ ਹਿੱਤਾਂ ਦੀ ਰਾਖੀ ਲਈ ਚਿੰਤਾਤੁਰ ਪੰਜਾਬ ਦੀਆਂ ਪ੍ਰਮੁੱਖ ਪਾਰਟੀਆਂ; ਭਾਰਤੀ ਕਮਿਊਨਿਸਟ ਪਾਰਟੀ (ਸੀ.ਪੀ.ਆਈ.), ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.), ਸੀ.ਪੀ.ਆਈ. (ਐੱਮ.ਐੱਲ.) ਲਿਬ੍ਰੇਸ਼ਨ, ਸੀ.ਪੀ.ਆਈ. (ਐੱਮ.ਐੱਲ.) ਨਿਊ ਡੈਮੋਕ੍ਰੇਸੀ ਅਤੇ ਐਮ.ਸੀ.ਪੀ.ਆਈ. ( ਯੂ.) ਨੇ ਹਰਿਆਣਾ ਨੂੰ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਲਈ ਚੰਡੀਗੜ੍ਹ ਵਿਖੇ ਜਗ੍ਹਾ ਦੇਣ ਦੇ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਵੱਲੋਂ ਚੁੱਕੇ ਗਏ ਕਦਮ ਦੀ ਜ਼ੋਰਦਾਰ ਨਿਖੇਧੀ ਕੀਤੀ ਹੈ।

ਉਪਰੋਕਤ ਦਲਾਂ ਦੇ ਪ੍ਰਮੁੱਖ ਆਗੂਆਂ ਸਰਵ ਸਾਥੀ ਬੰਤ ਬਰਾੜ, ਮੰਗਤ ਰਾਮ ਪਾਸਲਾ, ਗੁਰਮੀਤ ਸਿੰਘ ਬਖ਼ਤਪੁਰ, ਕਾਮਰੇਡ ਅਜਮੇਰ ਸਿੰਘ ਸਮਰਾ, ਕਿਰਨਜੀਤ ਸੇਖੋਂ ਵੱਲੋਂ ਅੱਜ ਇੱਥੋਂ ਇਕ ਸਾਂਝਾ ਬਿਆਨ ਜਾਰੀ ਕਰਦਿਆਂ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਰਾਸ਼ਟਰੀ ਸੋਇਮ ਸੇਵਕ ਸੰਘ ਦੇ ਸਿਆਸੀ ਵਿੰਗ ਭਾਜਪਾ ਦੀ ਫੈਡਰਲ ਅਧਿਕਾਰਾਂ ਦੀ ਘੋਰ ਵਿਰੋਧੀ ਸਰਕਾਰ ਦੇ ਉਕਤ ਕਦਮ ਨੂੰ ਪੰਜਾਬ ਨਾਲ ਲਗਾਤਾਰ ਕੀਤੇ ਜਾ ਰਹੇ ਧੱਕਿਆਂ ਅਤੇ ਵਿਤਕਰਿਆਂ ਦੀ ਨਵੀਨਤਮ ਕੜੀ ਦੱਸਿਆ ਹੈ।

ਆਗੂਆਂ ਨੇ ਕਿਹਾ ਹੈ ਕਿ ਦੇਸ਼ ਦੀ ਪਾਰਲੀਮੈਂਟ ਚੰਡੀਗੜ੍ਹ ਉੱਪਰ ਪੰਜਾਬ ਦੇ ਹੱਕ ਨੂੰ ਤਸਲੀਮ ਕਰ ਚੁੱਕੀ ਹੈ ਕਿਉਂਕਿ ਇਹ ਪੰਜਾਬ ਦੇ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਸੀ। ਇਹੋ ਨਹੀਂ ਚੰਡੀਗੜ੍ਹ ਪੰਜਾਬ ਦੇ ਹਵਾਲੇ ਕਰਨਾ ਖਿੱਤੇ ਅੰਦਰ ਅਮਨ ਬਹਾਲੀ ਲਈ ਕੀਤੇ ਗਏ 'ਰਾਜੀਵ-ਲੌਂਗੋਵਾਲ ਸਮਝੌਤੇ' ਦੀਆਂ ਵੀ ਪ੍ਰਮੁੱਖ ਮੱਦਾਂ ਚੋਂ ਇਕ ਸੀ।

ਆਗੂਆਂ ਨੇ ਮੰਗ ਕੀਤੀ ਕਿ ਹੈ ਕੇਂਦਰ ਸਰਕਾਰ ਭੜਕਾਹਟ ਪੈਦਾ ਕਰਨ ਵਾਲਾ ਇਹ ਕਦਮ ਫੌਰੀ ਵਾਪਸ ਲਵੇ ਅਤੇ ਪੰਜਾਬ ਨਾਲ ਸਬੰਧਤ ਕੇਂਦਰੀ ਹੁਕਮਰਾਨਾਂ ਦੀ ਬਦਨੀਅਤ ਨਾਲ ਚਿਰਾਂ ਤੋਂ ਲਟਕਦੇ ਆ ਰਹੇ ਮਸਲਿਆਂ ਜਿਵੇਂ ਦਰਿਆਈ ਪਾਣੀਆਂ ਦੀ ਨਿਆਂ ਸੰਗਤ ਵੰਡ ਕਰਨ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਪੰਜਾਬੀ ਮਾਤ ਭਾਸ਼ਾ ਨੂੰ ਦੇਸ਼ ਭਰ 'ਚ ਬਣਦਾ ਸਨਮਾਨ ਦੇਣ, ਚੰਡੀਗੜ੍ਹ ਪੱਕੇ ਤੌਰ 'ਤੇ ਪੰਜਾਬ ਦੇ ਹਵਾਲੇ ਕਰਨ ਆਦਿ ਮਸਲਿਆਂ ਦੇ ਸਰਵ ਪ੍ਰਵਾਨਿਤ ਤੇ ਤਰਕ ਸੰਗਤ ਹੱਲ ਕਰਨ ਲਈ ਨਿੱਗਰ ਵਿਉਂਤਬੰਦੀ ਕੀਤੀ ਜਾਵੇ।

ਖੱਬੇ ਪੱਖੀ ਆਗੂਆਂ ਨੇ ਪੰਜਾਬ ਸਰਕਾਰ ਤੋਂ ਵੀ ਕੇਂਦਰੀ ਸਰਕਾਰ ਦੇ ਉਕਤ ਧੱਕੇ ਅਤੇ ਪੱਖਪਾਤ ਖਿਲਾਫ਼ ਡਟਵਾਂ ਸਟੈਂਡ ਲੈਣ ਅਤੇ ਪੰਜਾਬ ਨੂੰ ਇਨਸਾਫ ਦਿਵਾਉਣ ਲਈ ਸਮੁੱਚੇ ਪੰਜਾਬੀਆਂ ਨੂੰ ਨਾਲ ਲੈਣ ਦੀ ਠੋਸ ਪਹਿਲ ਕਰਨ ਦੀ ਮੰਗ ਕੀਤੀ ਹੈ।

*****

# ਕਾਲਜਾਂ ਵਲੋਂ ਰੋਕੀਆ ਡਿਗਰੀਆਂ ਦੇ ਰੋਸ ਵਜੋਂ ਕੀਤਾ ਧਰਨਾ ਪ੍ਰਦਰਸ਼ਨ ਤੇ ਡੀ ਸੀ ਨੂੰ ਸੌਂਪਣਾ ਮੰਗ ਪੱਤਰ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਨੂੰ ਲਾਗੂ ਕਰਵਾਉਣ ਲਈ ਬਹੁਜਨ ਕ੍ਰਾਂਤੀ ਮੰਚ ਵਲੋਂ ਜੋ ਹੁਸ਼ਿਆਰਪੁਰ ਵਿਖੇ ਪੱਕਾ ਧਰਨਾ ਲਗਾਇਆ ਹੋਇਆ ਹੈ, ਉਸ ਵਿੱਚ ਮਾਹਿਲਪੁਰ ਦੇ ਇਕ ਕਾਲਜ ਦੇ ਵਿਦਿਆਰਥੀ ਸ਼ਾਮਲ ਹੋਏ। ਵਿਦਿਆਰਥੀ ਧਰਨੇ ਦੇ ਪ੍ਰਬੰਧਕਾਂ ਪ੍ਰਧਾਨ ਅਨਿਲ ਕੁਮਾਰ ਬਾਘਾ ਅਤੇ ਮੀਤ ਪ੍ਰਧਾਨ ਅਸ਼ੋਕ ਸੱਜਣ ਨੂੰ ਮਿਲੇ। ਵਿਦਿਆਰਥੀਆਂ ਨੇ ਆਪਣੀਆ ਸਮੱਸਿਆਵਾਂ ਦੱਸਦਿਆਂ ਕਿਹਾ ਕਿ ਉਹ ਅਨੁਸੂਚਿਤ ਜਾਤੀ ਨਾਲ ਸੰਬਧ ਰੱਖਦੇ ਹਨ। ਉਹਨਾਂ ਨੇ ਸੰਨ 2016 ਵਿੱਚ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਬੀ ਐਡ ਵਿੱਚ ਦਾਖਲੇ ਲਏ ਸਨ। ਉਹਨਾਂ ਨੇ 2018 ਵਿੱਚ ਬੀ ਐਡ ਦੇ ਕੋਰਸ ਪੂਰੇ ਕਰ ਲਿਆ, ਕੋਰਸ ਦੌਰਾਨ ਕਾਲਜ ਵਲੋਂ ਫੀਸਾਂ ਲਈ ਉਨ੍ਹਾਂ ਨੂੰ ਤੰਗ ਪ੍ਰੇਸ਼ਾਨ ਕੀਤਾ ਜਾਂਦਾ ਸੀ।



ਵਿਦਿਆਰਥੀਆਂ ਨੇ ਅੱਗੇ ਦੱਸਿਆ ਕਿ 2018 ਵਿੱਚ ਉਨ੍ਹਾਂ ਆਪਣੀ ਬੀ ਐਡ ਪਾਹਲੇਵਾਲ ਕਰ ਲਈ ਸੀ, ਪਰ ਅੱਜ ਤੱਕ ਵੀ ਕਾਲਜ ਵਲੋਂ ਉਹਨਾਂ ਨੂੰ ਡਿਗਰੀਆਂ ਨਹੀਂ ਦਿੱਤੀਆਂ ਜਾ ਰਹੀਆਂ। ਕਾਲਜ ਪ੍ਰਬੰਧਕਾਂ ਵਲੋਂ ਉਨ੍ਹਾਂ ਦੀਆਂ ਡਿਗਰੀਆਂ ਕੋਲ ਰੱਖ ਕੇ ਵਾਰ ਵਾਰ ਫੀਫਾ ਲਈ ਤੰਗ ਕੀਤਾ ਜਾ ਰਿਹਾ ਹੈ। ਧਰਨੇ ਦੌਰਾਨ ਵਿਦਿਆਰਥੀਆਂ ਨੇ ਦੱਸਿਆ ਕਿ ਅਸੀਂ ਗਰੀਬ ਪਰਿਵਾਰਾਂ ਨਾਲ ਸੰਬੰਧ ਰੱਖਦੇ ਹਾਂ, 'ਤੇ ਅਸੀਂ ਪੋਸਟ ਮੈਟ੍ਰਿਕ ਸਕਾਲਰਸ਼ਿਪ ਸਕੀਮ ਅਧੀਨ ਹੀ ਬੀ ਐਡ ਕਰਨ ਲਈ ਦਾਖਲੇ ਲਏ ਸਨ। ਉਹਨਾਂ ਨੇ ਮੋਰਚੇ ਦੇ ਪ੍ਰਧਾਨ ਅਨਿਲ ਕੁਮਾਰ ਬਾਘਾ ਅਤੇ ਅਸ਼ੋਕ ਸੱਲ੍ਹਣ ਤੋਂ ਮੰਗ ਕਰਦਿਆਂ ਕਿਹਾ ਕਿ ਕਾਲਜ ਵਲੋਂ ਉਹਨਾਂ ਦੇ ਆਪਣੇ ਕੋਲ ਰੱਖੇ ਸਰਟੀਫਿਕੇਟ ਦੁਆਏ ਜਾਣ।

ਧਰਨੇ ਦੇ ਪ੍ਰਬੰਧਕਾਂ ਵਲੋਂ ਵਿਦਿਆਰਥਣਾਂ ਦੀਆਂ ਸਮੱਸਿਆਵਾ ਸੁਣਨ ਤੋਂ ਬਾਅਦ ਪੰਜਾਬ ਸਰਕਾਰ ਖਿਲਾਫ ਜੰਮ ਕੇ ਨਾਅਰੇਬਾਜ਼ੀ ਕੀਤੀ ਗਈ। ਉਪਰੋਕਤ ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਸ਼੍ਰੀਮਤੀ ਕੋਮਲ ਮਿੱਤਲ ਨੂੰ ਮੰਗ ਪੱਤਰ ਵੀ ਦਿੱਤਾ ਗਿਆ। ਉਹਨਾਂ ਮੰਗ ਕੀਤੀ ਕਿ ਪੂਰੇ ਪੰਜਾਬ ਵਿੱਚ ਜਿਹੜੇ ਐਸ ਸੀ ਵਿਦਿਆਰਥੀਆਂ ਦੀਆਂ ਡਿਗਰੀਆਂ ਯੂਨੀਵਰਸਿਟੀਆਂ ਤੇ ਕਾਲਜਾਂ ਵਲੋਂ ਰੋਕੀਆ ਗਈਆਂ ਹਨ। ਉਹ ਸਰਕਾਰ ਪਹਿਲ ਕਰਕੇ ਛੇਤੀ ਤੋਂ ਛੇਤੀ ਵਿਦਿਆਰਥੀਆ ਨੂੰ ਲੈ ਕੇ ਦੇਵੇ। ਉਹਨਾਂ ਸਰਕਾਰ ਨੂੰ ਚਿਤਾਵਨੀ ਦਿੰਦਿਆ ਕਿਹਾ ਕਿ ਅਗਰ ਅਜਿਹਾ ਨਹੀਂ ਕੀਤਾ ਗਿਆ ਤਾਂ ਪੂਰੇ ਪੰਜਾਬ ਵਿੱਚ ਰੋਸ ਪ੍ਰਦਰਸ਼ਨ ਕੀਤੇ ਜਾਣਗੇ। ਇਸ ਮੌਕੇ ਤੇ ਹੋਰਨਾ ਤੋਂ ਇਲਾਵਾ ਤਾਰਾ ਚੰਦ, ਗੋਬਿੰਦ ਸਿੰਘ ਕਾਨੂੰਗੋ, ਬੱਬੂ ਸਿੰਗੜੀਵਾਲ, ਸੋਮਦੇਵ, ਮੋਨੂੰ ਡਵਿੱਡਾ, ਸ਼ਾਂਤ ਖਾਨਪੁਰ, ਸੋਨੂੰ ਚੱਕੋਵਾਲ, ਸੁਖਜੀਤ ਗੋਂਦਪੁਰ, ਸ਼ੰਮੀ ਸਰੋਆ, ਰਮਨਦੀਪ ਕੌਰ, ਹਰਪ੍ਰੀਤ ਕੌਰ, ਰੇਖਾ ਰਾਣੀ, ਸੁਨੀਤਾ, ਮੋਨਿਕਾ ਰਾਣੀ, ਕੁਲਵਿੰਦਰ ਕੌਰ, ਕਮਲਜੀਤ ਕੌਰ, ਰੀਨਾ ਕੁਮਾਰੀ, ਅਨੂ ਬਾਲਾ ਆਦਿ ਹਾਜ਼ਰ ਸਨ।

# ਆਈ.ਜੀ ਲੁਧਿਆਣਾ ਰੇਂਜ ਡਾ. ਕੌਸਤੁਭ ਸ਼ਰਮਾ ਨੇ ਕੀਤਾ ਔੜ ਵਿਖੇ ਨਵੇਂ ਥਾਣੇ ਦੀ ਇਮਾਰਤ ਦਾ ਉਦਘਾਟਨ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਆਈ.ਜੀ ਲੁਧਿਆਣਾ ਰੇਂਜ ਡਾ. ਕੌਸਤੁਭ ਸ਼ਰਮਾ ਨੇ ਔੜ ਵਿਖੇ ਕਰੀਬ 2 ਕਰੋੜ ਰੁਪਏ ਦੀ ਲਾਗਤ ਨਾਲ ਬਣੀ ਇਮਾਰਤ ਦਾ ਉਦਘਾਟਨ ਕੀਤਾ। ਇਸ ਮੌਕੇ ਉਨ੍ਹਾਂ ਦੇ ਨਾਲ ਡਿਪਟੀ ਕਮਿਸ਼ਨਰ ਨਵਜੋਤ ਪਾਲ ਸਿੰਘ ਰੰਧਾਵਾ ਅਤੇ ਐਸ.ਐਸ.ਪੀ ਭਾਗੀਰਥ ਮੀਣਾ ਵੀ ਵਿਸ਼ੇਸ਼ ਤੌਰ 'ਤੇ ਮੌਜੂਦ ਸਨ।




ਇਸ ਦੌਰਾਨ ਆਈ.ਜੀ ਲੁਧਿਆਣਾ ਰੇਂਜ ਡਾ. ਕੌਸਤੁਭ ਸ਼ਰਮਾ ਨੇ ਕਿਹਾ ਕਿ ਔੜ ਵਿਖੇ ਬਣੇ ਨਵੇਂ ਥਾਣੇ ਦਾ ਉਦਘਾਟਨ ਕੀਤਾ ਗਿਆ ਹੈ। ਔੜ ਵਿਖੇ ਥਾਣੇ ਦੀ ਇਮਾਰਤ ਬਣਾਉਣ ਲਈ ਕਾਫੀ ਸਮੇਂ ਤੋਂ ਯਤਨ ਕੀਤੇ ਜਾ ਰਹੇ ਸਨ। ਉਨ੍ਹਾਂ ਕਿਹਾ ਕਿ ਇਸ ਥਾਣੇ ਦੇ ਬਣਨ ਨਾਲ ਆਪ-ਪਾਸ ਦੇ ਪਿੰਡਾਂ ਨੂੰ ਵੀ ਕਾਫੀ ਲਾਭ ਪਹੁੰਚੇਗਾ। ਪਿੰਡ ਵਾਸੀ ਆਸਾਨੀ ਦੇ ਨਾਲ ਇਸ ਥਾਣੇ ਦੇ ਨਾਲ ਆਪਣੀ ਪਹੁੰਚ ਕਰ ਸਕਣਗੇ ਅਤੇ ਪੁਲਿਸ ਵਿਭਾਗ ਨਾਲ ਸਬੰਧਤ ਜੋ ਵੀ ਕੰਮ ਹੋਣਗੇ, ਇਸ ਥਾਣੇ ਰਾਹੀਂ ਆਸਾਨੀ ਨਾਲ ਕੀਤੇ ਜਾ ਸਕਣਗੇ। ਉਨ੍ਹਾਂ ਕਿਹਾ ਕਿ ਇਸ ਥਾਣੇ ਨੂੰ ਆਧੁਨਿਕ ਸਹੂਲਤਾ ਨਾਲ ਲੈਸ ਕੀਤਾ ਜਾਵੇਗਾ। ਇਸ ਦੇ ਬਣਨ ਨਾਲ ਪੁਲਿਸ ਮੁਲਾਜ਼ਿਮਾਂ ਨੂੰ ਵੀ ਆਪਣਾ ਕੰਮ ਕਰਨ ਵਿੱਚ ਆਸਾਨੀ ਹੋਵੇਗੀ। ਇਸ ਮੌਕੇ 'ਤੇ ਐਸ.ਪੀ. ਐਡਕੁਆਰਟਰ ਗੁਰਮੀਤ ਕੌਰ, ਐਸ.ਪੀ.ਡੀ. ਡਾ. ਮੁਕੇਸ਼ ਕੁਮਾਰ, ਡੀ.ਐਸ.ਪੀ ਸੁਰਿੰਦਰ ਚੰਦ, ਜ਼ਿਲ੍ਹਾ ਇੰਚਾਰਜ ਲਲਿਤ ਮੋਹਨ ਸ਼ਰਮਾ, ਐਸ.ਐਚ.ਓ ਬਖ਼ਸ਼ੀਸ਼ ਸਿੰਘ ਤੋਂ ਇਲਾਵਾ ਪੁਲਿਸ ਅਧਿਕਾਰੀ ਅਤੇ ਕਰਮਚਾਰੀ ਵੀ ਹਾਜ਼ਰ ਸਨ।

# ਕਿਰਾਏ ਦੇ ਰਿਸ਼ਤਿਆਂ ਦਾ ਵੀ ਹੈ ਵਪਾਰ

## ਜਾਪਾਨ ਦੇ ਵਿਚ ਸੈਲਾਨੀਆਂ ਨੂੰ ਆਕਿਰਸ਼ਿਤ ਕਰਦੇ ਹਨ ਕਿਰਾਏ 'ਤੇ ਮਿਲਦੇ ਰਿਸ਼ਤੇਦਾਰ

**ਔਕਲੈਂਡ, (ਹਰਜਿੰਦਰ ਸਿੰਘ ਬਸਿਆਲਾ)–** ਦੁਨੀਆ ਦਾ ਦੌੜ ਦੇ ਵਿਚ ਜਿੱਥੇ ਬਹੁਤਿਆਂ ਦਾ ਕਾਫਲਾ ਬਣ ਤੁਰਦਾ ਹੈ ਅਤੇ ਕਈਆਂ ਦਾ ਕਾਫਲਾ ਤਾਂ ਕੀ ਪਰਿਵਾਰ ਵੀ ਸੁੰਗੜ ਕੇ ਰਹਿ ਜਾਂਦਾ ਹੈ ਜਾਂ ਫਿਰ ਵਿਅਕਤੀ ਇਕੱਲਾ ਹੀ ਰਹਿ ਜਾਂਦਾ ਹੈ। ਅਜਿਹੇ ਦੇ ਵਿਚ ਜਾਪਾਨੀ ਹੋਰ ਅੱਗੇ ਹਨ ਉਥੇ ਕਈ ਦਹਾਕਿਆਂ ਤੋਂ ਉਥੇ ਕਿਰਾਏ ਦੇ ਉਤੇ ਪਰਿਵਾਰਕ ਮੈਂਬਰ ਮਿਲ ਸਕਦੇ ਹਨ। ਇਸਦੇ ਵਿਚ ਮਹਿਲਾ ਮਿੱਤਰ, ਪੁਰਸ਼ ਮਿੱਤਰ,






ਮਾਤਾ-ਪਿਤਾ, ਭੈਣ-ਭਰਾ, ਦਾਦਾ-ਦਾਦੀ ਤੱਕ ਨੂੰ ਘੰਟਿਆਂ ਦੇ ਹਿਸਾਬ ਦੇ ਨਾਲ ਕਿਰਾਏ ਉਤੇ ਲਿਆ ਜਾ ਸਕਦਾ ਹੈ। ਇਹ ਇਕ ਰਿਸ਼ਤਿਆ ਦਾ ਉਦਯੋਗੀਕਰਣ ਹੈ। ਹਰ ਰਿਸ਼ਤੇ ਦੇ ਲਈ ਨਿਯਮ ਅਤੇ ਸ਼ਰਤਾਂ ਵੀ ਨਿਰਧਾਰਤ ਹੁੰਦੀਆਂ ਹਨ ਤਾਂ ਕਿ ਮਰਿਯਾਦਾ ਦਾ ਅਤੇ ਚੱਰਿਤਰ ਦਾ ਸਾਫ-ਸੁਥਰਾਪਨ ਰੱਖਿਆ ਜਾ ਸਕੇ। ਲੋਕ ਆਪਣਾ ਕੋਈ ਪਰਿਵਾਰਕ ਰਿਸ਼ਤਾ ਕਿਰਾਏ ਉਤੇ ਲੈ ਕੇ ਸਿਨਮਾ ਵੇਖਣ ਜਾ ਸਕਦੇ ਹਨ, ਕੋਈ ਸਮਾਗਮ ਜਾਂ ਪਰਫਾਰਮੈਂਸ ਵੇਖਣ ਜਾ ਸਕਦੇ ਹਨ। ਦੁਨੀਆ ਦੇ ਬਦਲਦੇ ਸਮੀਕਰਣਾਂ ਉਤੇ ਨਿਗ੍ਹਾ ਮਾਰੀ ਜਾਵੇ ਤਾਂ ਪਰਿਵਾਰਕ ਰਿਸ਼ਤਿਆਂ ਦੇ ਵਿਚ ਤਰੇੜਾਂ ਹੋਰ ਡੂੰਘੀਆਂ ਅਤੇ ਚੌੜੀਆਂ ਹੁੰਦੀਆਂ ਜਾ ਰਹੀਆਂ ਹਨ। ਤਿੜਕੇ ਰਿਸ਼ਤਿਆਂ ਦੇ ਅੰਕੜਿਆਂ ਉਤੇ ਨਿਗ੍ਹਾ ਮਾਰੀ ਜਾਵੇ ਤਾਂ 'ਵਰਲਡ ਆਫ਼ ਸਟੈਟਿਸਟਿਕਸ' ਨੇ ਤਲਾਕ ਲੈਣ ਵਾਲੇ ਦੇਸ਼ਾਂ ਬਾਰੇ ਨਵੇਂ ਅੰਕੜੇ ਜਾਰੀ ਕੀਤੇ ਹਨ। 2023 ਦੀ ਰੈਂਕਿੰਗ ਵਿੱਚ ਕਈ ਦੇਸ਼ਾਂ ਦੀ ਤਲਾਕ ਦਰ ਪਹਿਲਾਂ ਹੀ ਵਧ ਚੁੱਕੀ ਹੈ। ਅੰਕੜੇ ਦੱਸਦੇ ਹਨ ਕਿ ਪੁਰਤਗਾਲ ਵਿੱਚ ਸਭ ਤੋਂ ਵੱਧ ਤਲਾਕ ਹੋਏ ਹਨ। ਉੱਥੇ ਤਲਾਕ ਦੀ ਦਰ 94 ਫੀਸਦੀ ਹੈ। ਇਸ ਸੂਚੀ 'ਚ ਭਾਰਤ ਦੀ ਤਲਾਕ ਦਰ ਨੂੰ 1 ਫੀਸਦੀ ਦੱਸਿਆ ਗਿਆ ਹੈ। ਭਾਰਤ ਵਿੱਚ ਤਲਾਕ ਦੀ ਦਰ ਬਾਕੀ ਦੁਨੀਆਂ ਦੇ ਮੁਕਾਬਲੇ ਬਹੁਤ ਘੱਟ ਹੈ। ਪਰ ਤੁਸੀਂ ਇਸ ਗੱਲ ਤੋਂ ਵੀ ਇਨਕਾਰ ਨਹੀਂ ਕਰ ਸਕਦੇ ਕਿ ਤਲਾਕ ਦੇ ਅੰਕੜੇ ਵੀ ਦੇਸ਼ ਭਰ ਵਿੱਚ ਤੇਜ਼ੀ ਨਾਲ ਵੱਧ ਰਹੇ ਹਨ। ਸਮਝਣ ਵਾਲੀ ਗੱਲ ਇਹ ਹੈ ਕਿ ਭਾਰਤ ਵਿੱਚ ਵਿਆਹ ਦੋ ਵਿਅਕਤੀਆਂ ਵਿੱਚ ਨਹੀਂ ਸਗੋਂ ਦੋ ਪਰਿਵਾਰਾਂ ਵਿੱਚ ਹੁੰਦਾ ਹੈ। ਤਲਾਕ ਹੋਣ 'ਤੇ ਵੀ ਪਤੀ-ਪਤਨੀ ਦੇ ਨਾਲ-ਨਾਲ ਦੋਵੇਂ ਪਰਿਵਾਰ ਵੱਖ ਹੋ ਜਾਂਦੇ ਹਨ। ਜੇਕਰ ਬੱਚੇ ਹਨ ਤਾਂ ਉਨ੍ਹਾਂ ਦੇ ਮਨ 'ਤੇ ਇਸ ਦਾ ਡੂੰਘਾ ਪ੍ਰਭਾਵ ਪੈਂਦਾ ਹੈ। ਸਾਡੇ ਦੇਸ਼ ਵਿੱਚ ਪਿਆਰ, ਨਫ਼ਰਤ, ਵਿਆਹ ਅਤੇ ਦੂਜਾ ਵਿਆਹ ਵਰਗੀਆਂ ਸਮੱਸਿਆਵਾਂ ਸਮਾਜਿਕ ਪੱਧਰ 'ਤੇ ਹੱਲ ਹੁੰਦੀਆਂ ਹਨ।

### ਜਾਣੋ ਕੁਝ ਨਵਾਂ ਵੀ

ਰਿਸ਼ਤਿਆਂ ਨੂੰ ਕਿਰਾਏ ਉਤੇ ਦੇਣ ਦੀ ਇਹ ਸੇਵਾ ਪਹਿਲੀ ਵਾਰ ਜਾਪਾਨ ਵਿੱਚ 1990 ਦੇ ਦਹਾਕੇ ਦੇ ਸ਼ੁਰੂ ਵਿੱਚ ਪੇਸ਼ ਕੀਤੀ ਗਈ ਸੀ। ਇਹ ਰੈਂਟਲ ਫੈਮਿਲੀ ਸਰਵਿਸ ਜਾਂ ਪੇਸ਼ੇਵਰ ਸਟੈਂਡ-ਇਨ ਸੇਵਾ ਆਪਣੇ ਗਾਹਕਾਂ ਨੂੰ ਇਕ ਤਰ੍ਹਾਂ ਅਭਿਨੇਤਾ ਪ੍ਰਦਾਨ ਕਰਦੀ ਸੀ, ਜੋ ਦੋਸਤਾਂ, ਪਰਿਵਾਰਕ ਮੈਂਬਰਾਂ, ਜਾਂ ਸਹਿਕਰਮੀਆਂ ਨੂੰ ਸਮਾਜਿਕ ਸਮਾਗਮਾਂ ਜਿਵੇਂ ਕਿ ਵਿਆਹਾਂ ਵਿਚ ਸਾਥੀ ਪ੍ਰਦਾਨ ਕਰਨ ਦਾ ਕੰਮ ਕਰਦੀ ਸੀ।

1991 ਵਿੱਚ ਜਾਪਾਨ ਕੁਸ਼ਲਤਾ ਕਾਰਪੋਰੇਸ਼ਨ (Nihon Kokasei Honbu) ਦੁਆਰਾ ਸਭ ਤੋਂ ਪਹਿਲਾਂ ਕਿਰਾਏ ਦੀ ਪਰਿਵਾਰਕ ਸੇਵਾ ਦੀ ਪੇਸ਼ਕਸ਼ ਕੀਤੀ ਗਈ ਸੀ। ਮਨੁੱਖੀ ਪਿਆਰ ਕਿਸੇ ਵੀ ਸਮਾਜ ਲਈ ਬੁਨਿਆਦੀ ਹੁੰਦਾ ਹੈ, ਪਰ ਜਾਪਾਨ ਵਿੱਚ ਜੇਕਰ ਇਸਦੀ ਕਿਸੇ ਨੂੰ ਘਾਟ ਹੈ ਤਾਂ ਉਹ ਆਪਣੇ ਰਿਸ਼ਤਿਆਂ ਦਾ ਪਿਆਰ ਥੋੜ੍ਹ ਜਾਂ ਲੰਮੇ ਸਮੇਂ ਲਈ ਖਰੀਦ ਸਕਦਾ ਹੈ। 2009 ਤੱਕ, ਜਾਪਾਨ ਵਿੱਚ ਲਗਭਗ 10 ਕਿਰਾਏ ਦੀਆਂ ਪਰਿਵਾਰਕ ਸੇਵਾ ਏਜੰਸੀਆਂ ਸਨ।

### ਸੇਵਾ ਦੀ ਉਦਾਹਰਨ:

ਮੈਂ 12 ਸਾਲ ਦੇ ਬੱਚੇ ਲਈ ਜਿਸਦੀ ਇਕੱਲੀ ਮਾਂ ਹੀ ਸੀ, ਨਾਲ ਪਿਤਾ ਦੀ ਭੂਮਿਕਾ ਨਿਭਾਈ। ਕੁੜੀ ਨਾਲ ਸਹਿਪਾਠੀਆਂ ਵੱਲੋਂ ਧੱਕੇਸ਼ਾਹੀ ਕੀਤੀ ਜਾਂਦੀ ਸੀ, ਕਿਉਂਕਿ ਉਸਦੇ ਪਿਤਾ ਨਹੀਂ ਸਨ, ਇਸ ਲਈ ਮਾਂ ਨੇ ਮੈਨੂੰ ਕਿਰਾਏ 'ਤੇ ਲੈ ਲਿਆ। ਮੈਂ ਉਦੋਂ ਤੋਂ ਹੀ ਲੜਕੀ ਦੇ ਪਿਤਾ ਵਜੋਂ ਕੰਮ ਕੀਤਾ ਹੈ। ਉਸਦੇ ਲਈ ਹੁਣ ਮੈਂ ਹੀ ਅਸਲੀ ਪਿਤਾ ਹਾਂ ਜਿਸਨੂੰ ਉਹ ਜਾਣਦੀ ਹੈ। ਜੇਕਰ ਗਾਹਕ (ਉਸਦੀ ਮਾਂ) ਕਦੇ ਵੀ ਸੱਚਾਈ ਦਾ ਖੁਲਾਸਾ ਨਹੀਂ ਕਰਦੀ, ਤਾਂ ਮੈਨੂੰ ਲਾਜ਼ਮੀ ਤੌਰ 'ਤੇ ਇਸ ਭੂਮਿਕਾ ਨੂੰ ਜਾਰੀ ਰੱਖਣਾ ਚਾਹੀਦਾ ਹੈ। ਜੇ ਉਸ ਕੁੜੀ ਦਾ ਵਿਆਹ ਹੋ ਜਾਂਦਾ ਹੈ, ਤਾਂ ਮੈਂ ਉਸ ਵਿਆਹ ਵਿੱਚ ਪਿਤਾ ਵਜੋਂ ਫਰਜ਼ ਪੂਰਾ ਕਰਨਾ ਹੁੰਦਾ ਹੈ, ਅਤੇ ਫਿਰ ਮੈਂ ਦਾਦਾ ਬਣਨਾ ਹੁੰਦਾ ਹੈ। ਇਸ ਲਈ, ਮੈਂ ਹਮੇਸ਼ਾ ਹਰ ਗਾਹਕ ਨੂੰ ਪੁੱਛਦਾ ਹਾਂ ''ਕੀ ਤੁਸੀਂ ਇਸ ਝੂਠ ਨੂੰ ਕਾਇਮ ਰੱਖਣ ਲਈ ਤਿਆਰ ਹੋ।''

# ਫ਼ਾਲ ਅਰਮੀਵਰਮ ਕੀੜੇ ਦੀ ਮੱਕੀ ਦੀ ਫ਼ਸਲ ਤੇ ਰੋਕਥਾਮ ਲਈ ਜ਼ਰੂਰੀ ਨੁਕਤੇ: ਰਾਜਿੰਦਰ ਕੁਮਾਰ

**ਪਠਾਨਕੋਟ, (ਰਾਜਿੰਦਰ ਸਿੰਘ ਰਾਜਨ)** ਪੰਜਾਬ ਸੂਬੇ ਵਿੱਚ ਫ਼ਾਲ ਆਰਮੀਵਰਮ ਨਾਮ ਦਾ ਕੀੜਾ ਬਹਾਰ ਰੁੱਤ ਦੀ ਅਤੇ ਚਾਰੇ ਵਾਲੀ ਮੱਕੀ ਦੀ ਫ਼ਸਲ ਤੇ ਆਉਣ ਦਾ ਖਦਸ਼ਾ ਹੈ। ਇਹ ਕੀੜਾ ਪੰਜਾਬ ਦੇ ਨਾਲ ਲੱਗਦੇ ਸੂਬਿਆਂ ਵਿੱਚ ਬੀਜੀ ਹੋਈ ਸਰਦ ਰੁੱਤ ਦੀ ਮੱਕੀ ਦੀ ਫ਼ਸਲ ਤੋਂ ਵੀ ਆ ਸਕਦਾ ਹੈ। ਮਾਨਯੋਗ ਡਿਪਟੀ ਕਮਿਸ਼ਨਰ, ਪਠਾਨਕੋਟ, ਸ਼. ਹਰਬੀਰ ਸਿੰਘ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਡਾ.ਰਾਜਿੰਦਰ ਕੁਮਾਰ, ਮੁੱਖ ਖੇਤੀਬਾੜੀ ਅਫ਼ਸਰ, ਪਠਾਨਕੋਟ ਨੇ ਦੱਸਿਆ ਕਿ ਜ਼ਿਲ੍ਹਾਂ ਪਠਾਨਕੋਟ ਅਧੀਨ ਮੱਕੀ ਦੀ ਫ਼ਸਲ ਹੇਠ ਰਕਬਾ ਲੱਗਭਗ 7000 ਹੈਕਟੇਅਰ ਹੈ। ਇਸ ਕਰਕੇ ਕਿਸਾਨਾਂ ਨੂੰ ਇਸ ਪ੍ਰਤੀ ਸੁਚੇਤ ਰਹਿਣ ਦੀ ਲੋੜ ਹੈ ਅਤੇ ਆਪਣੇ ਮੱਕੀ ਦੇ ਖੇਤਾਂ ਦਾ ਚੰਗੀ ਤਰ੍ਹਾਂ ਨਿਰੰਤਰ ਸਰਵੇਖਣ ਕਰਕੇ ਸਥਿਤੀ ਅਨੁਸਾਰ ਰੋਕਥਾਮ ਕਰਨ।



ਉਨ੍ਹਾਂ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਸ ਕੀੜੇ ਦੀ ਸੁੰਡੀ ਫ਼ਸਲ ਨੂੰ ਨੁਕਸਾਨ ਪਹੁੰਚਾਉਂਦੀ ਹੈ। ਸੁੰਡੀਆਂ ਦੀ ਪਹਿਚਾਣ ਇਸ ਦੇ ਪੂਛ ਦੇ ਲਾਗੇ ਬਣੇ ਚਾਰ ਬਿੰਦੂਆਂ ਅਤੇ ਸਿਰ ਵਾਲੇ ਪਾਸੇ ਚਿੱਟੇ ਰੰਗ ਦੇ ਅੰਗਰੇਜ਼ੀ ਦੇ ਅੱਖਰ (Y) ਦੇ ਉਲਟੇ ਨਿਸ਼ਾਨ ਤੋਂ ਹੋ ਜਾਂਦੀ ਹੈ। ਸੁੰਡੀ ਗੋਭ ਵਾਲੇ ਪੱਤਿਆਂ ਨੂੰ ਖਾਂਦੀ ਹੈ ਅਤੇ ਵੱਡੀਆਂ—ਵੱਡੀਆਂ ਅੰਡਾਕਾਰ ਮੋਰੀਆਂ ਬਣਾਉਂਦੀ ਹੈ। ਇਹ ਪੱਤਿਆਂ ਨੂੰ ਖਾ ਕੇ ਲੱਗਭਗ ਪੂਰੀ ਤਰ੍ਹਾਂ ਖਤਮ ਕਰ ਦਿੰਦੀਆਂ ਹਨ। ਕਿਸਾਨ ਵੀਰਾਂ ਨੂੰ ਕੁੱਝ ਕਾਸ਼ਤਕਾਰੀ ਉਪਰਾਲੇ ਕਰਨੇ ਚਾਹੀਦੇ ਹਨ। ਪਹਿਲਾ ਅਸੀਂ ਕਾਸ਼ਤਕਾਰੀ ਉਪਰਾਲੇ ਜਿਵੇਂ ਕਿ ਬਹਾਰ ਰੁੱਤ ਦੀ ਮੱਕੀ ਦੀ ਬਿਜਾਈ 1 ਫਰਵਰੀ ਤੋਂ 15 ਫਰਵਰੀ ਵਿੱਚ ਹੀ ਕਰੋ, ਤਾਂ ਜੋ ਕੀੜੇ ਨੂੰ ਮੱਕੀ ਦੀ ਲਗਾਤਾਰ ਉੱਪਲਬਧਤਾ ਦਾ ਸਮਾਂ ਘਟਾਇਆ ਜਾ ਸਕੇ। ਚਾਰੇ ਵਾਲੀ ਮੱਕੀ ਦੀ ਬਿਜਾਈ ਮਾਰਚ ਤੋਂ ਸਤੰਬਰ ਦੀ ਬਜਾਏ ਅੱਧ ਅਪ੍ਰੈਲ ਤੋਂ ਅੱਧ ਅਗਸਤ ਤੱਕ ਸੀਮਿਤ ਕਰੋ। ਬਹਾਰ ਰੁੱਤ ਦੀ ਮੱਕੀ ਬੀਜਣ ਵਾਲੇ ਕਿਸਾਨ ਨਾਲ ਲਗਦੇ ਖੇਤ ਵਿੱਚ ਚਾਰੇ ਜਾਂ ਸਾਈਲੇਜ਼ ਲਈ ਮੱਕੀ ਨਾ ਬੀਜਣ ਅਤੇ ਚਾਰੇ ਵਾਲੀ ਮੱਕੀ ਵਿੱਚ ਅਤਿ—ਸੰਘਣੀ ਬਿਜਾਈ ਤੋਂ ਗੁਰੇਜ਼ ਕਰੋ ਅਤੇ ਸਿਫਾਰਸ਼ ਕੀਤੀ ਬੀਜ ਦੀ ਮਾਤਰਾ (30 ਕਿੱਲੋ ਪ੍ਰਤੀ ਏਕੜ) ਕਤਾਰਾਂ ਵਿੱਚ ਬਿਜਾਈ ਲਈ ਵਰਤੋਂ। ਉਨ੍ਹਾਂ ਦੱਸਿਆ ਕਿ ਕੀੜੇ ਦਾ ਤੇਜ਼ੀ ਨਾਲ ਫੈਲਾਅ ਰੋਕਣ ਲਈ ਚਾਰੇ ਵਾਲੀ ਮੱਕੀ ਵਿੱਚ ਰਵਾਂਹ/ਬਾਜਰਾ/ਜੁਆਰ ਰਲਾ ਕੇ ਹੀ ਬੀਜੋ ਫ਼ਾਲ ਆਰਮੀਵਰਮ ਦਾ ਹਮਲਾ ਹੋਣ ਸਾਰ ਹੀ ਛੋਟੀਆਂ ਸੁੰਡੀਆਂ ਦੀ ਰੋਕਥਾਮ ਲਈ ਬੀ.ਟੀ ਜਿਵਾਣੂ ਕੀਟਨਾਸ਼ਕ ਨੂੰ 2 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਪਾ ਕੇ ਛਿੜਕਾਅ ਕਰਨਾ ਚਾਹੀਦਾ ਹੈ। ਜੇ ਹਮਲਾ 5 ਪ੍ਰਤੀਸ਼ਤ ਤੋਂ ਜਿਆਦਾ ਹੋਵੇ ਜਾਂ ਸੁੰਡੀਆਂ ਵੱਡੀਆਂ ਹੋਣ ਤਾਂ ਦਾਣਿਆਂ ਵਾਲੀ ਫ਼ਸਲ ਤੇ ਕੀਟਨਾਸ਼ਕ ਕੋਰਾਜਨ 18.5 ਐਸ.ਸੀ (ਕਲੋਰੈਂਟ੍ਰਾਨਿਲੀਪਰੋਲ) ਨੂੰ 0.4 ਮਿਲੀਲਿਟਰ ਜਾਂ ਡੈਲੀਗੇਟ 11.7 ਐਸ.ਸੀ (ਸਪਾਈਨਟੋਰਮ) ਨੂੰ 0.5 ਮਿਲੀਲਿਟਰ ਜਾਂ ਮਿਜ਼ਾਈਲ 5 ਐਸ.ਜੀ (ਐਮਾਮੈਕਟਿਨ ਬੈਂਜ਼ੋਏਟ) ਨੂੰ 0.4 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।ਚਾਰੇ ਵਾਲੀ ਫ਼ਸਲ ਉੱਪਰ ਬੀ. ਟੀ. ਜਿਵਾਣੂ ਕੀਟਨਾਸ਼ਕ ਨੂੰ 2 ਗ੍ਰਾਮ ਪ੍ਰਤੀ ਲਿਟਰ ਪਾਣੀ ਜਾਂ ਕੋਰਾਜਨ 18.5 ਐਸ.ਸੀ (ਕਲੋਰੈਂਟ੍ਰਾਨਿਲੀਪਰੋਲ) ਨੂੰ 0.4 ਮਿਲੀਲਿਟਰ ਪ੍ਰਤੀ ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ। ਇਸ ਕੀਟਨਾਸ਼ਕ ਦਾ ਛਿੜਕਾਅ 40 ਦਿਨਾਂ ਦੀ ਫ਼ਸਲ ਤੋਂ ਬਾਅਦ ਨਾ ਕਰੋ।ਕੀੜੇ ਦੀ ਕਾਰਗਰ ਰੋਕਥਾਮ ਲਈ ਗੋਭ ਵੱਲ ਨੂੰ ਛਿੜਕਾਅ ਕਰੋ। 20 ਦਿਨਾਂ ਤੱਕ ਦੀ ਫ਼ਸਲ ਉੱਪਰ 120 ਲਿਟਰ ਪਾਣੀ ਅਤੇ ਇਸ ਤੋਂ ਵੱਡੀ ਫ਼ਸਲ ਉੱਪਰ 200 ਲੀਟਰ ਪਾਣੀ ਪ੍ਰਤੀ ਏਕੜ ਦੀ ਵਰਤੋਂ ਕਰਨੀ ਲਾਜ਼ਮੀ ਹੈ।ਕੀਟਨਾਸ਼ਕ ਦੇ ਛਿੜਕਾਅ ਤੋਂ ਬਾਅਦ ਘੱਟੋ—ਘੱਟ 21 ਦਿਨ ਤੱਕ ਮੱਕੀ ਦੇ ਚਾਰੇ ਲਈ ਵਰਤੋਂ ਨਾ ਕਰੋ।ਇਨ੍ਹਾਂ ਸਭ ਨੁਕਤਿਆਂ ਰਾਹੀਂ ਅਸੀ ਫ਼ਾਲ ਆਰਮੀਵਰਮ ਕੀੜੇ ਤੋਂ ਮੱਕੀ ਦੀ ਫ਼ਸਲ ਦੀ ਰੋਕਥਾਮ ਕਰ ਸਕਦੇ ਹਾਂ।

# ਨਿਰਮਲ ਸਿੰਘ ਚੱਕ ਫੁੱਲੂ ਦੀ ਯਾਦ ਵਿੱਚ 19 ਵਾਂ ਸਵੈ-ਇੱਛਕ ਖੂਨਦਾਨ ਕੈਂਪ ਲਗਾਇਆ

**ਗੜ੍ਹਸ਼ੰਕਰ (ਸਤਨਾਮ ਸਿੰਘ ਸਹੂੰਗੜਾ)** ਉੱਘੇ ਫੁੱਟਬਾਲ ਖਿਡਾਰੀ ਦੀ ਯਾਦ ਵਿੱਚ ਇਲਾਕੇ ਦੇ ਪਿੰਡ ਚੱਕ ਗੁਰੂ ਵਿਖੇ ਡਾ ਸ਼ੁਦੇਸ਼ ਬਿੱਜ ਦੀ ਵਿਸ਼ੇਸ ਉਪਰਾਲੇ ਸਦਕਾ 19 ਵਾਂ ਸਵੈ-ਇੱਛਕ ਖੂਨਦਾਨ ਕੈਂਪ ਬੀ ਡੀ ਸੀ ਬਲੱਡ ਬੈਂਕ ਨਵਾਂ ਸ਼ਹਿਰ ਦੇ ਤਕਨੀਕੀ ਸਹਿਯੋਗ ਸਦਕਾ ਡਾ ਅਜੇ ਬੱਗਾ ਅਤੇ ਮਨਮੀਤ ਸਿੰਘ ਅਤੇ ਸਾਰੀ ਸਟਾਫ ਟੀਮ ਦੀ ਦੇਖ ਰੇਖ ਹੇਠ ਸਰਕਾਰੀ ਐਲੀਮੈਂਟਰੀ ਸਕੂਲ ਚੱਕ ਗੁਰੂ ਵਿਖੇ 16 ਜੁਲਾਈ ਦਿਨ ਐਤਵਾਰ ਨੂੰ ਸਵੇਰੇ 10 ਵਜੇ ਤੋ ਲੈ ਕੇ ਦੁਪਹਿਰ 2 ਵਜੇ ਤੱਕ ਸਮੂਹ ਮੈਂਬਰਾ ਦੇ ਸਹਿਯੋਗ ਨਾਲ ਲਗਵਾਇਆ ਗਿਆ। ਇਸ ਖੂਨਦਾਨ ਕੈਂਪ ਦਾ ਉਦਘਾਟਨ ਦਰਸ਼ਨ ਸਿੰਘ ਮੱਟੂ ਸੂਬਾ ਕਨਵੀਨਰ ਕੰਢੀ ਸ਼ੰਘਰਸ਼ ਕਮੇਟੀ ਅਤੇ ਰਿਟਾ ਇਸਪੈਕਟਰ ਕੁਲਦੀਪ ਸਿੰਘ ਵਲੋ ਸਾਝੇ ਤੋਰ ਤੇ ਕੀਤਾ ਗਿਆ । ਸਬੰਧੀ ਗੱਲਬਾਤ ਕਰਦਿਆ ਦਰਸ਼ਨ ਸਿੰਘ ਮੱਟੂ ਨੇ ਖੂਨਦਾਨ ਦੀ ਮਹੱਤਤਾ ਅਤੇ ਖੂਨਦਾਨ ਕਰਨ ਪ੍ਰਤੀ ਜਾਗਰੂਕ ਦਾ ਸੱਦਾ ਦਿੰਦੇ ਹੋਏ ਕਿਹਾ ਕਿ ਖੂਨਦਾਨ ਮਨੁੱਖਤਾ ਲਈ ਕੀਤਾ ਜਾਣ ਵਾਲਾ ਸੱਭ ਤੋ ਵੱਡਾ ਧਰਮ ਹੈ। ਇਸ ਲਈ ਸਾਨੂੰ ਸਭਨਾ ਨੂੰ ਖੂਨਦਾਨ ਕਰਨਾ ਚਾਹੀਦਾ ਹੈ ਤਾ ਜੋ ਕੀਤਾ ਹੋਇਆ ਖੂਨਦਾਨ ਲੋੜਬੰਦਾ ਦੇ ਕੰਮ ਆ ਸਕੇ। ਇਸ ਮੌਕੇ ਡਾ ਸੁਦੇਸ਼ ਬਿੱਜ ਨੇ ਦੱਸਿਆ ਕਿ ਇਸ ਖੂਨਦਾਨ ਕੈਂਪ ਮੌਕੇ 35 ਯੂਨਿਟ ਬਲੱਡ ਇਕੱਤਰ ਕੀਤਾ ਗਿਆ ਅਤੇ ਖੂਨਦਾਨ ਕਰਨ ਵਾਲੇ ਸਾਰੇ ਨੋਜਵਾਨ ਸਾਥੀਆ ਦਾ ਵਿਸ਼ੇਸ ਤੋਰ ਤੇ ਧੰਨਵਾਦ ਕੀਤਾ ਗਿਆ । ਇਸ ਮੌਕੇ ਗੁਰਮੀਤ ਰਾਮ ਸਰਪੰਚ, ਭੁਪਿੰਦਰ ਰਾਣਾ, ਸਾਬਕਾ ਸਰਪੰਚ ਬਲਵਿੰਦਰ ਕੁਮਾਰ ਬੋਬੀ, ਬੀਬੀ ਸੁਭਾਸ਼ ਮੱਟੂ, ਅਨੂ ਬਿੱਜ , ਰੋਕੀ ਮੋਇਲਾ, ਰਣਜੀਤ ਸਿੰਘ ਬੱਗਾ, ਦਲਵਿੰਦਰ ਕੌਰ, ਪਰਦੀਪ ਸਿੰਘ ਠੇਕੇਦਾਰ, ਹਰਜਿੰਦਰ ਸਿੰਘ, ਸਾਹਿਲ ਬਿੱਜ, ਗਿਆਨ ਚੰਦ, ਪ੍ਰੇਮ ਸਿੰਘ ਪ੍ਰੇਮੀ, ਦਲਵਿੰਦਰ ਸਿੰਘ, ਡਾ ਕ੍ਰਿਸ਼ਨ ਬੱਧਣ, ਵੈਦ ਹਰਭਜ ਮਹਿਮੀ, ਹਕੀਕਤ ਰਾਏ ਚੋਪੜਾ, ਗਿਆਨ ਕੌਰ, ਗੁਰਪ੍ਰੀਤ ਸਿੰਘ ਕਾਲਾ ਅਤੇ ਹੋਰ ਹਾਜ਼ਰ ਸਨ।




# ਖੱਬੀਆਂ ਜਮਹੂਰੀ ਧਿਰਾਂ ਦੀ ਸੂਬਾਈ ਕਨਵੈਨਸ਼ਨ 20 ਨੂੰ

**ਫਗਵਾੜਾ (ਬੀ. ਕੇ. ਰੱਤੂ)–** ਭਾਰਤੀ ਕਮਿਊਨਿਸਟ ਪਾਰਟੀ(ਸੀ.ਪੀ.ਆਈ.), ਭਾਰਤੀ ਇਨਕਲਾਬੀ ਮਾਰਕਸਵਾਦੀ ਪਾਰਟੀ (ਆਰ.ਐਮ.ਪੀ.ਆਈ.), ਸੀ.ਪੀ.ਆਈ. (ਐਮ.ਐਲ.) ਲਿਬ੍ਰੇਸ਼ਨ ਅਤੇ ਐਮ.ਸੀ.ਪੀ.ਆਈ. (ਯੂ.) ਵੱਲੋਂ ਆਉਣ ਵਾਲੀ 20 ਜੁਲਾਈ ਨੂੰ ਦੇਸ਼ ਭਗਤ ਯਾਦਗਾਰ ਜਲੰਧਰ ਵਿਖੇ ਇਕ ਸਾਂਝੀ ਸੂਬਾਈ ਕਨਵੈਨਸ਼ਨ ਸੱਦੀ ਜਾ ਰਹੀ ਹੈ ਜਿਸ ਨੂੰ ਸੰਬੋਧਨ ਕਰਨ ਲਈ ਉਕਤ ਪਾਰਟੀਆਂ ਦੇ ਉੱਚ ਆਗੂ ਬੰਤ ਬਰਾੜ, ਮੰਗਤ ਰਾਮ ਪਾਸਲਾ, ਗੁਰਮੀਤ ਸਿੰਘ ਬਖ਼ਤਪੁਰ ਅਤੇ ਕਿਰਨਜੀਤ ਸੇਖੋਂ ਉਚੇਚੇ ਪੁੱਜ ਰਹੇ ਹਨ। ਇਹ ਜਾਣਕਾਰੀ ਅੱਜ ਜਾਰੀ ਇੱਥੋਂ ਇਕ ਬਿਆਨ ਰਾਹੀਂ ਆਰ.ਐਮ.ਪੀ.ਆਈ. ਦੇ ਸੂਬਾ ਸਕੱਤਰ ਸਾਥੀ ਪਰਗਟ ਸਿੰਘ ਜਾਮਾਰਾਏ ਨੇ ਦਿੱਤੀ ਹੈ। ਸਾਥੀ ਜਾਮਾਰਾਏ ਨੇ ਦੱਸਿਆ ਹੈ ਕਿ ਕਨਵੈਨਸ਼ਨ ਦੌਰਾਨ ਸਮੂਹ ਪੰਜਾਬੀਆਂ ਨੂੰ ਹਰ ਕਿਸਮ ਦੇ ਮਤਭੇਦ ਅਤੇ ਵਖਰੇਵਿਆਂ ਨੂੰ ਪਿੱਛੇ ਛੱਡਦਿਆਂ ਹਰਿਆਣਾ ਨੂੰ ਵਿਧਾਨ ਸਭਾ ਦੀ ਇਮਾਰਤ ਦੀ ਉਸਾਰੀ ਲਈ ਚੰਡੀਗੜ੍ਹ ਵਿਖੇ ਜਗ੍ਹਾ ਦੇਣ ਦੇ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਦੇ, ਪੰਜਾਬ ਦੇ ਅਮਨ-ਚੈਨ ਨੂੰ ਲਾਂਬੂ ਲਾਉਣ ਵਾਲੇ, ਸਿਰੇ ਦੇ ਭੜਕਾਊ ਅਤੇ ਪੱਖਪਾਤੀ ਫੈਸਲੇ ਖਿਲਾਫ਼ ਹਰ ਪੱਧਰ 'ਤੇ ਗਰਜ਼ਵੀਂ ਆਵਾਜ਼ ਬੁਲੰਦ ਕਰਨ ਦਾ ਸੱਦਾ ਦਿੱਤਾ ਜਾਵੇਗਾ।

ਉਨ੍ਹਾਂ ਅੱਗੇ ਦੱਸਿਆ ਕਿ ਉਕਤ ਕਨਵੈਨਸ਼ਨ ਦੇਸ਼ ਦੇ ਸੰਘਾਤਮਕ ਢਾਂਚੇ ਨੂੰ ਤਬਾਹ ਕਰ ਰਹੀ ਅਤੇ ਪੰਜਾਬ- ਪੰਜਾਬੀਆਂ ਖਿਲਾਫ਼ ਨਿੱਤ ਨਵੀਆਂ ਸਾਜ਼ਿਸ਼ਾਂ ਘੜ ਰਹੀ ਰਾਸ਼ਟਰੀ ਸੋਇਮ ਸੇਵਕ ਸੰਘ (ਆਰ.ਐਸ.ਐਸ.) ਦੀ ਅਗਵਾਈ ਵਾਲੀ ਕੇਂਦਰ ਦੀ ਮੋਦੀ-ਸ਼ਾਹ ਸਰਕਾਰ ਦੇ ਘਾਤਕ ਹਮਲਿਆਂ ਵਿਰੁੱਧ ਸਮੁੱਚੇ ਪੰਜਾਬ ਵਾਸੀਆਂ ਦਾ ਜਮਹੂਰੀ ਲੀਹਾਂ 'ਤੇ ਬਾਜ਼ਾਬਤਾ ਸੰਘਰਸ਼ ਵਿੱਢਣ ਦੀ ਨਿੱਗਰ ਵਿਉਂਤਬੰਦੀ ਕਰਨ ਦੇ ਉਦੇਸ਼ ਤਹਿਤ ਵੀ ਕੀਤੀ ਜਾ ਰਹੀ ਹੈ।

ਇਸ ਤੋਂ ਇਲਾਵਾ ਕਨਵੈਨਸ਼ਨ ਵੱਲੋਂ ਦਰਿਆਈ ਪਾਣੀਆਂ ਦੀ ਨਿਆਂ ਸੰਗਤ ਵੰਡ ਕਰਨ, ਪੰਜਾਬੀ ਬੋਲਦੇ ਇਲਾਕੇ ਪੰਜਾਬ ਵਿਚ ਸ਼ਾਮਲ ਕਰਨ, ਪੰਜਾਬੀ ਮਾਤ ਭਾਸ਼ਾ ਨੂੰ ਦੇਸ਼ ਭਰ 'ਚ ਬਣਦਾ ਸਨਮਾਨ ਦੇਣ, ਚੰਡੀਗੜ੍ਹ ਪੱਕੇ ਤੌਰ 'ਤੇ ਪੰਜਾਬ ਦੇ ਹਵਾਲੇ ਕਰਨ ਆਦਿ ਮਸਲਿਆਂ ਦੇ ਸਰਵ ਪ੍ਰਵਾਨਿਤ ਤੇ ਤਰਕ ਸੰਗਤ ਹੱਲ ਕਰਨ ਲਈ ਵਿਸ਼ਾਲ ਲੋਕ ਲਾਮਬੰਦੀ ਦਾ ਵੀ ਨਿਰਣਾ ਲਿਆ ਜਾਵੇਗਾ।

## ਪੁਕਾਰ

ਕਿਉਂ ਬੁੱਢੇ ਤੇਰੇ ਛੱਡ ਤੇ,
ਕਿਉਂ ਢਾਣੀਆਂ ਡੇਰੇ ਛੱਡ ਤੇ,

ਬੁੱਢਿਆਂ ਦਾ ਬੁਢੇਪਾ ਨਾ ਰੁਲਾਉ,
ਆਓ ਤੁਸੀਂ ਆਓ,
ਮੁੜ ਵਤਨੀਂ ਡੇਰਾ ਲਾਓ।

ਉਹ ਦਾਤੀ, ਥੌੜਿਆਂ ਵਾਲਿਓ
ਉਹ ਹਲਾਂ, ਕਲਮਾਂ ਵਾਲਿਓ।
ਦੇਸ਼ ਦਾ ਧਨ ਬਚਾਓ,
ਆਓ ਤੁਸੀਂ ਆਓ,
ਮੁੜ ਵਤਨੀਂ ਡੇਰੇ ਲਾਓ।

ਕਿਉਂ ਪੰਜਾਬ ਤੇਰਾ ਰੁਲ ਰਿਹੈ,
ਜਵਾਨ ਨਸ਼ਿਆਂ ਵਿਚ ਰੁਲ ਰਿਹੈ,

ਪੰਜਾਬ ਦੀ ਜਵਾਨੀ ਬਚਾਓ
ਆਓ ਤੁਸੀਂ ਆਓ,
ਮੁੜ ਵਤਨੀਂ ਡੇਰੇ ਲਾਓ।



**– ਸੁਖਚਰਨ ਸਿੰਘ ਸਾਹੋਕੇ**

## .ਗਜ਼ਲ

ਸਾਡੇ ਹੱਕ।
ਏਥੇ ਰੱਖ।
ਸਾਨੂੰ ਕੀਤਾ,
ਜਿਹਨਾਂ ਵੱਖ।
ਉਹ ਨੂੰ ਮੇਹਣੇ,
ਲੱਖੋ-ਲੱਖ।
ਹੱਕ ਮਾਮਲਾ,
ਗਿਆ ਏ ਭੱਖ।
ਸੁਣਦਾ ਕਿਹੜਾ,
ਸਾਡਾ ਪੱਖ।
ਜਾਤਪਾਤ ਦੀ,
ਲੜਦੀ ਮੱਖ।
ਉਹਨਾਂ ਵੱਲ,
ਸਾਡੀ ਅੱਖ।
ਲਾਉਦੇ ਚੁੱਲੇ,
ਜਾਣ ਕੇ ਕੱਖ।
ਸੁਆਦ ਸ਼ੰਘਰਸੀ,
ਜੌੜੇ ਚੱਖ।

**– ਮਲਕੀਤ ਜੌੜਾ**
9872534278



# ਅਮਰੀਕਾ ਵਿਚ ਇਕੱਤਰ ਹੋਏ ਸੈਂਕੜੇ ਲੋਕਾਂ ਉਪਰ ਗੋਲੀਬਾਰੀ ਵਿੱਚ ਦੋ ਬੱਚਿਆਂ ਸਮੇਤ 4 ਜ਼ਖਮੀ




**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)** ਨਿਊਯਾਰਕ ਦੇ ਬਰੋਨਕਸ ਪਾਰਕ ਦੇ ਬਾਹਰਵਾਰ ਇਕੱਤਰ ਹੋਏ ਲੋਕਾਂ ਉਪਰ ਗੋਲੀਆਂ ਚਲਾਏ ਜਾਣ ਦੇ ਸਿੱਟੇ ਵਜੋਂ 3 ਤੇ 6 ਸਾਲ ਦੇ ਦੋ ਬੱਚਿਆਂ, ਜੋ ਆਪਸ ਵਿਚ ਭਰਾ ਸਨ, ਸਮੇਤ ਕੁਲ 4 ਵਿਅਕਤੀਆਂ ਦੇ ਜ਼ਖਮੀ ਹੋਣ ਦੀ ਖਬਰ ਹੈ। ਇਹ ਜਾਣਕਾਰੀ ਜਾਰੀ ਇਕ ਬਿਆਨ ਵਿਚ ਨਿਊਯਾਰਕ ਪੁਲਿਸ ਵਿਭਾਗ ਨੇ ਦਿੱਤੀ ਹੈ। ਨਿਊ ਯਾਰਕ ਦੇ ਪੁਲਿਸ ਮੁੱਖੀ ਪੈਟਰੋਲ ਜੋਹਨ ਚੈਲ ਨੇ ਕਿਹਾ ਹੈ ਕਿ ਸੇਂਟ ਜੇਮਜ ਪਾਰਕ ਦੇ ਬਾਹਰਵਾਰ ਸੈਂਕੜੇ ਲੋਕਾਂ ਦਾ ਇਕੱਠ ਸੀ ਜਦੋਂ ਸ਼ਾਮ 6 ਵਜੇ ਦੇ ਆਸਪਾਸ ਦੋ ਵਿਅਕਤੀ ਜਿਨਾਂ ਨੇ ਕਾਲੇ ਕਪੜੇ ਤੇ ਮਾਸਕ ਪਾਏ ਹੋਏ ਸਨ, ਇਕ ਗੈਰਕਾਨੂੰਨੀ ਸਕੂਟਰ ਉਪਰ ਆਏ। ਉਨਾਂ ਵਿਚੋਂ ਇਕ ਨੇ ਸਕੂਟਰ ਤੋਂ ਉਤਰ ਕੇ ਭੀੜ ਉਪਰ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਉਨਾਂ ਕਿਹਾ ਕਿ ਦੋ ਬੱਚਿਆਂ ਦੇ ਲੱਤਾਂ ਵਿਚ ਗੋਲੀਆਂ ਵੱਜੀਆਂ ਹਨ ਜਦ ਕਿ ਇਕ 23 ਸਾਲਾ ਵਿਅਕਤੀ ਦੇ ਕਈ ਗੋਲੀਆਂ ਵੱਜੀਆਂ ਹਨ ਤੇ ਇਕ 25 ਸਾਲਾ ਵਿਅਕਤੀ ਦੀ ਪਿੱਠ ਵਿਚ ਗੋਲੀ ਵੱਜੀ ਹੈ। ਪੁਲਿਸ ਮੁੱਖੀ ਨੇ ਕਿਹਾ ਹੈ ਕਿ ਸਾਰੇ ਜ਼ਖਮੀ ਠੀਕ ਠਾਕ ਹਨ ਤੇ ਆਸ ਹੈ ਕਿ ਉਹ ਸਾਰੇ ਬਚ ਜਾਣਗੇ।

ਚੈਲ ਨੇ ਕਿਹਾ ਕਿ ਗੋਲੀਬਾਰੀ ਉਪਰੰਤ ਸ਼ੱਕੀ ਦੋਸ਼ੀ ਸਕੂਟਰ ਉਪਰ ਹੀ ਫਰਾਰ ਹੋ ਗਏ। ਉਨਾਂ ਕਿਹਾ ਕਿ ਘਟਨਾ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਹੋ ਗਈ ਹੈ ਜਿਸ ਤੋਂ ਸ਼ੱਕੀ ਦੋਸ਼ੀਆਂ ਦੀ ਪਛਾਣ ਕੀਤੀ ਜਾ ਰਹੀ ਹੈ। ਚੈਲ ਨੇ ਕਿਹਾ ਕਿ ਅਜੇ ਇਹ ਸਪਸ਼ਟ ਨਹੀਂ ਹੈ ਕਿ ਹਮਲੇ ਦਾ ਮੰਤਵ ਕੀ ਹੈ ਤੇ ਕੀ ਸ਼ੱਕੀ ਦੋਸ਼ੀ ਪੀੜਤਾਂ ਨੂੰ ਜਾਣਦੇ ਹਨ।

ਉਥੇ ਸੈਂਕੜੇ ਲੋਕਾਂ ਦਾ ਇਕੱਠ ਸੀ ਜਿਨਾਂ ਵਿਚੋਂ ਉਹ ਕਿਸ ਨੂੰ ਨਿਸ਼ਾਨਾ ਬਣਾਉਣ ਆਏ ਸਨ ਇਸ ਬਾਰੇ ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕੇਗੀ।

## ਅਮਰੀਕਾ ਦੇ ਹੈਂਪਟਨ ਸ਼ਹਿਰ ਵਿਚ ਹੋਈ ਗੋਲੀਬਾਰੀ ਵਿੱਚ 4 ਮੌਤਾਂ, ਸ਼ੱਕੀ ਹਮਲਾਵਰ ਦੀ ਵੱਡੀ ਪੱਧਰ ਉਪਰ ਭਾਲ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਸ਼ਹਿਰ ਹੈਂਪਟਨ, ਜਾਰਜੀਆ ਵਿਚ ਹੋਈ ਗੋਲੀਬਾਰੀ ਵਿੱਚ 4 ਵਿਅਕਤੀਆਂ ਦੇ ਮਾਰੇ ਜਾਣ ਦੀ ਖਬਰ ਹੈ। ਲਾਅ ਇਨਫੋਰਸਮੈਂਟ ਅਧਿਕਾਰੀ ਇਕ ਸ਼ੱਕੀ ਦੋਸ਼ੀ ਦੀ ਭਾਲ ਵੱਡੀ ਪੱਧਰ




ਉਪਰ ਕਰ ਰਹੇ ਹਨ। ਹੈਨਰੀ ਕਾਊਂਟੀ ਸ਼ੈਰਿਫ ਦਫਤਰ ਨੇ ਸ਼ੱਕੀ ਦੋਸ਼ੀ ਦੀ ਪਛਾਣ 40 ਸਾਲਾ ਆਂਦਰੇ ਲੌਂਗਮੋਰ ਵਜੋਂ ਕੀਤੀ ਹੈ ਜਿਸ ਦੀ ਪੁਲਿਸ ਨੇ ਤਸਵੀਰ ਵੀ ਜਾਰੀ ਕੀਤੀ ਹੈ। ਪੁਲਿਸ ਦਾ ਵਿਸ਼ਵਾਸ਼ ਹੈ ਕਿ ਸ਼ੱਕੀ ਦੋਸ਼ੀ 2017 ਬਲੈਕ ਜੀ ਐਮ ਸੀ ਅਕੈਡੀਆ ਜੋ ਉਸ ਦੀ ਆਪਣੀ ਗੱਡੀ ਨਹੀਂ ਹੈ, ਵਿਚ ਸਵਾਰ ਹੈ। ਹੈਂਪਟਨ ਪੁਲਿਸ ਮੁੱਖੀ ਜੇਮਜ ਟਰਨਰ ਨੇ ਕਿਹਾ ਹੈ ਕਿ ਗੋਲੀਬਾਰੀ ਦੀ ਘਟਨਾ ਹੈਂਪਟਨ ਵਿਚ ਡੌਗਵੁੱਡ ਲੇਕਸ ਸਬ ਡਿਵੀਜਨ ਦੇ ਨੇੜੇ ਹੋਈ ਹੈ। ਟਰਨਰ ਨੇ ਕਿਹਾ ਕਿ ਮ੍ਰਿਤਕਾਂ ਵਿਚ 3 ਮਰਦ ਤੇ ਇਕ ਔਰਤ ਸ਼ਾਮਿਲ ਹੈ ਤੇ ਇਹ ਸਾਰੇ ਬਾਲਗ ਹਨ। ਪੁਲਿਸ ਨੇ ਮ੍ਰਿਤਕਾਂ ਦੇ ਨਾਂ ਜਾਰੀ ਨਹੀਂ ਕੀਤੇ ਹਨ ਤੇ ਕਿਹਾ ਹੈ ਕਿ ਪੀੜਤ ਪਰਿਵਾਰਾਂ ਨੂੰ ਸੂਚਿਤ ਕਰਨ ਉਪਰੰਤ ਹੀ ਨਾਂ ਜਨਤਿਕ ਕੀਤੇ ਜਾਣਗੇ। ਹੈਨਰੀ ਕਾਊਂਟੀ ਸ਼ੈਰਿਫ ਰੀਗਿਨਲਡ ਸਕੈਂਡਰੈਟ ਨੇ ਕਿਹਾ ਹੈ ਕਿ ਆਂਦਰੇ ਲੌਂਗਮੋਰ ਦੇ ਹੱਤਿਆਵਾਂ ਦੇ ਦੋਸ਼ਾਂ ਤਹਿਤ ਗ੍ਰਿਫਤਾਰੀ ਵਾਰੰਟ ਜਾਰੀ ਕੀਤੇ ਗਏ ਹਨ। ਸ਼ੈਰਿਫ ਦਫਤਰ ਨੇ ਉਸ ਦੀ ਗ੍ਰਿਫਤਾਰੀ ਸਬੰਧੀ ਕੋਈ ਵੀ ਸੁਰਾਗ ਜਾਂ ਸੂਚਨਾ ਦੇਣ ਵਾਲੇ ਨੂੰ 10000 ਡਾਲਰ ਇਨਾਮ ਦੇਣ ਦਾ ਐਲਾਨ ਵੀ ਕੀਤਾ ਹੈ। ਪੁਲਿਸ ਨੇ ਲੋਕਾਂ ਨੂੰ ਸੁਚੇਤ ਕੀਤਾ ਹੈ ਕਿ ਸ਼ੱਕੀ ਦੋਸ਼ੀ ਹਥਿਆਰਬੰਦ ਤੇ ਖਤਰਨਾਕ ਹੋ ਸਕਦਾ ਹੈ।

## ਜੇਲ ਵਿਚੋਂ ਫਰਾਰ ਹੋਇਆ ਕੈਦੀ ਹਫਤੇ ਬਾਅਦ ਵੀ ਪੁਲਿਸ ਦੇ ਨਹੀਂ ਆਇਆ ਕਾਬੂ



**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਰਾਜ ਉਤਰ ਪੱਛਮੀ ਪੈਨਸਿਲਵਾਨੀਆ ਦੀ ਇਕ ਜੇਲ ਵਿਚੋਂ ਫਰਾਰ ਹੋਇਆ ਮਾਈਕਲ ਬੁਰਹਮ ਨਾਮੀ ਕੈਦੀ ਹਫਤੇ ਬਾਅਦ ਵੀ ਪੁਲਿਸ ਦੇ ਕਾਬੂ ਨਹੀਂ ਆਇਆ ਹੈ। ਬੁਰਹਮ ਅਗਜ਼ਨੀ ਤੇ ਚੋਰੀ ਦੇ ਮਾਮਲੇ ਵਿਚ ਜੇਲ ਵਿਚ ਬੰਦ ਸੀ। ਪੁਲਿਸ ਦਾ ਕਹਿਣਾ ਹੈ ਕਿ ਬੁਰਹਮ ਨਿਊਯਾਰਕ ਵਿਚ ਮਈ ਵਿਚ ਹੋਈ ਹੱਤਿਆ ਦੇ ਮਾਮਲੇ ਵਿਚ ਵੀ ਸ਼ੱਕੀ ਦੋਸ਼ੀ ਹੈ। ਪੁਲਿਸ ਉਸ ਦੀ ਵੱਡੀ ਪੱਧਰ ਉਪਰ ਭਾਲ ਕਰ ਰਹੀ ਹੈ। ਬੁਰਹਮ ਦੀ ਭਾਲ ਦੌਰਾਨ ਜੰਗਲੀ ਖੇਤਰ ਵਿਚੋਂ ਪੁਲਿਸ ਦੇ ਹੱਥ ਇਕ ਬੈਗ ਲੱਗਾ ਹੈ ਜੋ ਤਰਪਾਲ ਨਾਲ ਢੱਕਿਆ ਹੋਇਆ ਸੀ। ਇਕ ਪੁਲਿਸ ਅਧਿਕਾਰੀ ਨੇ ਕਿਹਾ ਹੈ ਕਿ ਯਕੀਨਨ ਤੌਰ 'ਤੇ ਇਹ ਬੈਗ ਬੁਰਹਮ ਦਾ ਹੈ। ਇਸ ਬੈਗ ਵਿਚ ਕਪੜੇ, ਕੁਝ ਖਾਣ ਪੀਣ ਦੀਆਂ ਚੀਜਾਂ ਤੇ ਹੋਰ ਸਮਾਨ ਹੈ। ਸਟੇਟ ਪੁਲਿਸ ਦੇ ਲੈਫਟੀਨੈਂਟ ਕਰਨਲ ਜਾਰਜ ਬੀਵਨਸ ਨੇ ਇਹ ਜਾਣਕਾਰੀ ਦਿੰਦਿਆਂ ਕਿਹਾ ਕਿ ਇਹ ਬੈਗ ਵਾਰਨ ਸ਼ਹਿਰ ਦੇ ਨੇੜੇ ਜੰਗਲੀ ਖੇਤਰ ਵਿਚੋਂ ਮਿਲਿਆ ਹੈ। ਅਧਿਕਾਰੀਆਂ ਦਾ ਕਹਿਣਾ ਹੈ ਕਿ ਬੁਰਹਮ ਜੰਗਲੀ ਖੇਤਰ ਵਿਚ ਜੀਣ ਦਾ ਹੁਨਰ ਰਖਦਾ ਹੈ ਤੇ ਜੋ ਸਬੂਤ ਮਿਲੇ ਹਨ ਉਨਾਂ ਤੋਂ ਇਹ ਵਿਸ਼ਵਾਸ਼ ਕਰਨਾ ਬਿਲਕੁਲ ਵਾਜਬ ਹੈ ਉਹ ਇਸ ਖੇਤਰ ਵਿਚ ਹੀ ਕਿਤੇ ਲੁੱਕਿਆ ਹੋ ਸਕਦਾ ਹੈ। ਉਸ ਦੀ ਭਾਲ ਵਿਚ 200 ਲਾਅ ਇਨਫੋਸਮੈਂਟ ਜਵਾਨ ਤੇ 15 ਏਜੰਸੀਆਂ ਲੱਗੀਆਂ ਹੋਈਆਂ ਹਨ।

## ਪੁਲਿਸ ਅਫਸਰ ਵਿਰੁੱਧ ਡੰਡੇ ਨਾਲ ਇਕ ਫੋਟੋਗ੍ਰਾਫਰ 'ਤੇ ਹਮਲਾ ਕਰਨ ਦੇ ਦੋਸ਼ ਰੱਦ, ਕੇਸ ਬੰਦ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** 2020 ਵਿਚ ਕਾਲੇ ਵਿਅਕਤੀ ਜਾਰਜ ਫਲਾਇਡ ਦੀ ਪੁਲਿਸ ਹੱਥੋਂ ਹੋਈ ਮੌਤ ਤੋਂ ਬਾਅਦ ਹੋਏ ਇਕ ਪ੍ਰਦਰਸ਼ਨ ਦੌਰਾਨ ਓਰੇਗੋਨ ਦੇ ਇਕ ਪੁਲਿਸ ਅਫਸਰ ਵਿਰੁੱਧ ਇਕ ਫੋਟੋਗ੍ਰਾਫਰ 'ਤੇ ਹਮਲਾ ਕਰਨ ਦੇ ਲੱਗੇ ਦੋਸ਼ ਰੱਦ ਕਰ ਦਿੱਤੇ ਗਏ ਹਨ। ਅਗਸਤ 2020 ਵਿਚ ਟੇਰੀ ਜੈਕੋਬਸ ਨਾਮੀ ਫੋਟੋਗ੍ਰਾਫਰ ਦੇ ਸਿਰ 'ਤੇ ਪੁਲਿਸ ਅਫਸਰ ਕੋਰੇ ਬਰਵਰਥ ਵੱਲੋਂ ਕਥਿੱਤ ਤੌਰ 'ਤੇ ਡੰਡੇ ਨਾਲ ਵਾਰ ਕਰਨ ਦੀ ਵੀਡੀਓ ਸਾਹਮਣੇ ਆਉਣ ਤੋਂ ਬਾਅਦ ਉਸ ਵਿਰੁੱਧ ਚੌਥਾ ਦਰਜਾ ਹਮਲੇ ਦੇ ਦੋਸ਼ ਲਾਏ ਗਏ ਸਨ। ਇਸ ਵੀਡੀਓ ਵਿਚ ਜਮੀਨ ਉਪਰ ਡਿੱਗੀ ਫੋਟੋਗ੍ਰਾਫਰ 'ਤੇ ਵੀ ਕੋਰੇ ਬਰਵਰਥ ਹਮਲਾ ਕਰਦਾ ਹੋਇਆ ਵਿਖਾਈ ਦਿੰਦਾ ਹੈ। ਪੁਲਿਸ ਅਫਸਰ ਨੇ ਆਪਣਾ ਗੁਨਾਹ ਕਬੂਲ ਕਰ ਲਿਆ ਸੀ ਤੇ ਇਸ ਵਾਸਤੇ ਉਸ ਨੇ ਫੋਟੋਗ੍ਰਾਫਰ ਕੋਲੋਂ ਮੁਆਫੀ ਵੀ ਮੰਗ ਲਈ ਸੀ। ਮਲਟਨੋਮਾਹ ਕਾਊਂਟੀ ਦੀ ਅਦਾਲਤ ਦੇ ਜੱਜ ਸੀਲੀਆ ਹੋਵਸ ਨੇ ਦੋਸ਼ ਰੱਦ ਕਰਦਿਆਂ ਕੇਸ ਬੰਦ ਕਰਨ ਦਾ ਆਦੇਸ਼ ਦਿੱਤਾ ਹੈ।

## ਸਿੱਖ ਪ੍ਰਚਾਰਕ ਭਾਈ ਚੰਗਿਆੜਾ ਸੈਕਰਾਮੈਂਟੋ ਵਿਖੇ




ਸ਼ਹੀਦ ਸਿੱਖ ਮਿਸ਼ਨਰੀ ਕਾਲਜ ਸ੍ਰੀ ਅੰਮ੍ਰਿਤਸਰ ਤੋਂ ਸਿੱਖਿਆ ਪ੍ਰਾਪਤ ਕਰਨ ਉਪਰੰਤ ਲੰਮਾਂ ਸਮਾਂ ਸ਼੍ਰੋਮਣੀ ਕਮੇਟੀ ਵਿੱਚ ਸੇਵਾਵਾਂ ਨਿਭਾਉਣ ਵਾਲੇ ਅੰਤਰਰਾਸ਼ਟਰੀ ਸਿੱਖ ਪ੍ਰਚਾਰਕ ਭਾਈ ਬਲਬੀਰ ਸਿੰਘ 'ਚੰਗਿਆੜਾ' ਪ੍ਰਚਾਰ ਫੇਰੀ ਹਿਤ 21 ਜੁਲਾਈ 2023 ਤੋਂ 2 ਅਗਸਤ 2023 ਤੱਕ ਗੁਰਦੁਆਰਾ ਸੰਤ ਸਾਗਰ ਸੈਕਰਾਮੈਂਟੋ (ਕੈਲੇਫੋਰ-ਨੀਆਂ) ਵਿਖੇ ਪਹੁੰਚ ਰਹੇ ਹਨ। ਭਾਈ ਚੰਗਿਆੜਾ ਨਾਲ ਉਨ੍ਹਾਂ ਦੇ ਫੋਨ ਨੰਬਰ 1 (604) 537-7624 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

**ਜਾਣਕਾਰੀ ਵਲੋਂ– ਤਰਲੋਚਨ ਸਿੰਘ ਦੁਪਾਲ ਪੁਰ**

## ਅਮਰੀਕਾ ਦੇ ਸ਼ਹਿਰ ਫਾਰਗੋ ਵਿਚ ਪੁਲਿਸ ਉਪਰ ਚਲਾਈਆਂ ਗੋਲੀਆਂ, 1 ਪੁਲਿਸ ਅਫਸਰ ਦੀ ਮੌਤ 2 ਗੰਭੀਰ ਜਖਮੀ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਅਮਰੀਕਾ ਦੇ ਦੱਖਣੀ ਡਕੋਟਾ ਰਾਜ ਦੇ ਸ਼ਹਿਰ ਫਾਰਗੋ ਵਿਚ ਪੁਲਿਸ ਉਪਰ ਅਚਨਚੇਤ ਕੀਤੀ ਗੋਲੀਬਾਰੀ ਵਿਚ ਇਕ ਪੁਲਿਸ ਅਫਸਰ ਦੀ ਮੌਤ ਹੋਣ ਤੇ 2 ਹੋਰ ਪੁਲਿਸ ਅਫਸਰਾਂ ਦੇ ਗੰਭੀਰ ਹਾਲਤ ਵਿਚ ਜ਼ਖਮੀ ਹੋਣ ਦੀ ਖਬਰ ਹੈ। ਇਕ ਆਮ ਨਾਗਰਿਕ ਵੀ ਗੋਲੀਬਾਰੀ ਦੀ ਲਪੇਟ ਵਿਚ ਆ ਕੇ ਜ਼ਖਮੀ ਹੋ ਗਿਆ। ਪੁਲਿਸ ਵੱਲੋਂ ਕੀਤੀ ਜਵਾਬੀ ਕਾਰਵਾਈ ਵਿਚ



ਹਮਲਾਵਰ ਜ਼ਖਮੀ ਹੋ ਗਿਆ ਜੋ ਬਾਅਦ ਵਿਚ ਹਸਪਤਾਲ ਵਿੱਚ ਦਮ ਤੋੜ ਗਿਆ। ਪੁਲਿਸ ਵੱਲੋਂ ਜਾਰੀ ਪ੍ਰੈਸ ਬਿਆਨ ਅਨੁਸਾਰ ਮ੍ਰਿਤਕ ਪੁਲਿਸ ਅਫਸਰ ਦੀ ਪਛਾਣ ਜੇਕ ਵਾਲਿਨ (23) ਵਜੋਂ ਹੋਈ ਹੈ । ਜ਼ਖਮੀ ਪੁਲਿਸ ਅਫਸਰਾਂ ਵਿਚ ਐਂਡਰੀਊ ਡੋਟਸ ਤੇ ਟਾਇਲ ਹੇਵਸ ਸ਼ਾਮਿਲ ਹਨ। ਇਨਾਂ ਦੋਨਾਂ ਦੇ ਗੋਲੀਆਂ ਵੱਜੀਆਂ ਹਨ ਤੇ ਇਕ ਸਿਹਤ ਕੇਂਦਰ ਵਿਚ ਇਲਾਜ਼ ਅਧੀਨ ਹਨ ਜਿਥੇ ਇਨਾਂ ਦੀ ਹਾਲਤ ਗੰਭੀਰ ਪਰ ਸਥਿੱਰ ਦੱਸੀ ਜਾਂਦੀ ਹੈ। ਸ਼ੱਕੀ ਹਮਲਾਵਰ ਦੀ ਪਛਾਣ ਮੋਹੰਮਦ ਬਰਕਤ (37) ਵਜੋਂ ਹੋਈ ਹੈ। ਪ੍ਰੈਸ ਬਿਆਨ ਅਨੁਸਾਰ ਗੋਲੀਬਾਰੀ ਦੌਰਾਨ ਜ਼ਖਮੀ ਹੋਇਆ ਆਮ ਨਾਗਰਿਕ ਇਕ 25 ਸਾਲਾ ਔਰਤ ਹੈ ਜਿਸ ਨੂੰ ਗੰਭੀਰ ਜ਼ਖਮਾਂ ਨਾਲ ਸਿਹਤ ਕੇਂਦਰ ਵਿਚ ਦਾਖਲ ਕਰਵਾਇਆ ਗਿਆ ਹੈ। ਗੋਲੀਬਾਰੀ ਫਾਰਗੋ ਦੇ ਦੱਖਣ ਵਿਚ 9 ਵੀਂ ਐਵਨਿਊ ਤੇ 25 ਵੀਂ ਸਟਰੀਟ ਨੇੜੇ ਹੋਈ। ਪੁਲਿਸ ਮੁੱਖੀ ਡੇਵ ਜ਼ਿਬੋਲਸਕੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਗੋਲੀਬਾਰੀ ਦੇ ਕਾਰਨ ਦਾ ਪਤਾ ਨਹੀਂ ਲੱਗ ਸਕਿਆ। ਜਾਂਚ ਉਪਰੰਤ ਹੀ ਸਥਿੱਤੀ ਸਾਫ ਹੋ ਸਕੇਗੀ। ਉਨਾਂ ਕਿਹਾ ਕਿ ਗੋਲੀਬਾਰੀ ਉਸ ਵੇਲੇ ਹੋਈ ਜਦੋਂ ਪੁਲਿਸ ਅਫਸਰ ਇਕ ਹਾਦਸੇ ਦੀ ਜਾਂਚ ਕਰ ਰਹੇ ਸਨ। ਉਨਾਂ ਕਿਹਾ ਕਿ ਅਜਿਹਾ ਨਹੀਂ ਲੱਗਦਾ ਕਿ ਬਰਕਤ ਦਾ ਵਾਹਣ ਵੀ ਇਸ ਹਾਦਸੇ ਵਿਚ ਸ਼ਾਮਿਲ ਸੀ ਪਰੰਤੂ ਅਜੇ ਇਹ ਜਾਂਚ ਦਾ ਵਿਸ਼ਾ ਹੈ। ਪੁਲਿਸ ਮੁੱਖੀ ਨੇ ਕਿਹਾ ਕਿ ਸ਼ੱਕੀ ਹਮਲਾਵਰ ਨੇ ਹਾਦਸੇ ਵਾਲੇ ਸਥਾਨ 'ਤੇ ਸਹਾਇਤਾ ਲਈ ਪਹੁੰਚੇ ਅੱਗ ਬੁਝਾਊ ਵਿਭਾਗ ਦੇ ਅਮਲੇ ਉਪਰ ਵੀ ਗੋਲੀਆਂ ਚਲਾਈਆਂ ਪਰੰਤੂ ਉਹ ਵਾਲ ਵਾਲ ਬਚ ਗਏ।

## ਨਫ਼ਰਤ ਭਰੇ ਭਾਸ਼ਣ ਦੇਣ ਅਤੇ ਹਥਿਆਰਾਂ ਦੀ ਪ੍ਰਦਰਸ਼ਨੀ 'ਤੇ ਪੂਰਨ ਪਾਬੰਦੀ



**ਹੁਸ਼ਿਆਰਪੁਰ (ਸਤਨਾਮ ਸਿੰਘ ਸਹੂੰਗੜਾ)–** ਜ਼ਿਲ੍ਹਾ ਮੈਜਿਸਟਰੇਟ-ਕਮ-ਡਿਪਟੀ ਕਮਿਸ਼ਨਰ ਹੁਸ਼ਿਆਰਪੁਰ ਕੋਮਲ ਮਿੱਤਲ ਨੇ ਫੌਜਦਾਰੀ ਜ਼ਾਬਤਾ ਸੰਘਤਾ 1973 (1974 ਦਾ ਐਕਟ ਨੰਬਰ 2) ਦੀ ਧਾਰਾ 144 ਤਹਿਤ ਪ੍ਰਾਪਤ ਹੋਏ ਅਧਿਕਾਰਾਂ ਦੀ ਵਰਤੋਂ ਕਰਦਿਆਂ ਹੁਕਮ ਜਾਰੀ ਕੀਤੇ ਹਨ ਕਿ ਕੋਈ ਵੀ ਵਿਅਕਤੀ / ਸਮਾਜਿਕ ਜਾਂ ਧਾਰਮਿਕ ਜਥੇਬੰਦੀ ਜਨਤਕ ਇਕੱਠਾਂ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਕਿਸੇ ਵੀ ਭਾਈਚਾਰੇ ਵਿਰੁੱਧ ਨਫ਼ਰਤ ਭਰਿਆ ਭਾਸ਼ਣ ਨਾ ਦੇਵੇ ਜਾਂ ਸੂਗ ਬੋਲੀ ਦੀ ਵਰਤੋਂ ਨਾ ਕਰੇ। ਅਜਿਹਾ ਕਰਨ ਦੀ ਸੂਰਤ ਵਿਚ ਸਬੰਧਤ / ਉਲੰਘਣਾ ਕਰਨ ਵਾਲੇ ਵਿਅਕਤੀ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਜ਼ਿਲ੍ਹਾ ਮੈਜਿਸਟ੍ਰੇਟ ਨੇ ਇਕ ਹੋਰ ਹੁਕਮ ਰਾਹੀਂ ਜ਼ਿਲ੍ਹਾ ਹੁਸ਼ਿਆਰਪੁਰ ਵਿਚ ਕੋਈ ਵੀ ਵਿਅਕਤੀ ਜਨਤਕ ਇਕੱਠ, ਧਾਰਮਿਕ ਸਥਾਨਾਂ, ਵਿਆਹ ਪਾਰਟੀਆਂ ਜਾਂ ਹੋਰ ਸਮਾਗਮਾਂ ਵਿਚ ਹਥਿਆਰ ਲੈ ਕੇ ਨਹੀਂ ਚੱਲੇਗਾ ਅਤੇ ਹਥਿਆਰਾਂ ਦੀ ਜਨਤਕ/ਸੋਸ਼ਲ ਮੀਡਆ ਰਾਹੀਂ ਪ੍ਰਦਰਸ਼ਨੀ 'ਤੇ ਪੂਰਨ ਪਾਬੰਦੀ ਹਵੇਗੀ ਅਤੇ ਹਥਿਆਰਾਂ ਜਾਂ ਹਿੰਸਾ ਦੀ ਵਡਿਆਈ ਕਰਨ ਵਾਲੇ ਗੀਤਾਂ 'ਤੇ ਵੀ ਪੂਰਨ ਪਾਬੰਦੀ ਹੋਵੇਗੀ। ਅਜਿਹਾ ਕਰਨ ਦੀ ਸੂਰਤ ਵਿਚ ਸਬੰਧਤ/ਉਲੰਘਣਾ ਕਰਨ ਵਾਲੇ ਵਿਅਕਤੀ ਦੇ ਖਿਲਾਫ਼ ਕਾਨੂੰਨੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ। ਇਹ ਹੁਕਮ 10 ਸਤੰਬਰ 2023 ਤੱਕ ਲਾਗੂ ਰਹਿਣਗੇ।

## ਅਮਰੀਕਾ ਦੇ ਪੈਨਸਿਲਵਾਨੀਆ ਰਾਜ ਵਿਚ ਹੋਈ ਭਾਰੀ ਬਾਰਿਸ਼ ਕਾਰਨ ਆਇਆ ਹੜ, 5 ਮੌਤਾਂ 2 ਬੱਚੇ ਲਾਪਤਾ, ਕਾਰਾਂ ਡੁੱਬੀਆਂ

**ਸੈਕਰਾਮੈਂਟੋ, ਕੈਲੀਫੋਰਨੀਆ (ਹੁਸਨ ਲੜੋਆ ਬੰਗਾ)–** ਕੁਝ ਘੰਟੇ ਹੋਈ ਬਾਰਿਸ਼ ਦਾ ਪਾਣੀ ਅਮਰੀਕਾ ਦੇ ਪੈਨਸਿਲਵਾਨੀਆ ਰਾਜ ਦੇ ਲੋਕਾਂ ਲਈ ਆਫਤ ਬਣ ਗਿਆ। ਦੋ ਘੰਟੇ ਮੀਂਹ 'ਵਾਟਰਫਾਲ' ਦੀ ਤਰਾਂ ਪਿਆ। ਸੜਕਾਂ ਦਰਿਆ ਦਾ ਰੂਪ ਧਾਰਨ ਕਰ ਗਈਆਂ ਤੇ ਪਾਣੀ ਦਰਜਨਾਂ ਕਾਰਾਂ ਤੇ ਲੋਕਾਂ ਨੂੰ ਆਪਣੇ ਨਾਲ ਵਹਾਅ ਕੇ ਲੈ ਗਿਆ।




ਬਾਰਿਸ਼ ਕਾਰਨ ਆਏ ਹੜ ਦੇ ਪਾਣੀ ਵਿਚ ਡੁੱਬਣ ਨਾਲ 5 ਵਿਅਕਤੀਆਂ ਦੀ ਮੌਤ ਹੋਣ ਤੇ 2 ਬੱਚਿਆਂ ਦੇ ਲਾਪਤਾ ਹੋਣ ਦੀ ਖਬਰ ਹੈ। ਹੜ ਦੇ ਪਾਣੀ ਵਿਚ ਤੇਜੀ ਨਾਲ ਵਾਧਾ ਹੋਣ ਕਾਰਨ ਲੋਕਾਂ ਨੂੰ ਆਪਣੇ ਆਪ ਨੂੰ ਬਚਾਉਣ ਦਾ ਮੌਕਾ ਹੀ ਨਹੀਂ ਮਿਲਿਆ। ਬਕਸ ਕਾਊਂਟੀ ਕੋਰੋਨਰ ਮੈਰੇਡਿਥ ਬਕ ਨੇ ਕਿਹਾ ਹੈ ਕਿ ਮੌਤਾਂ ਦੀ ਗਿਣਤੀ ਵਧਣ ਦੀ ਸੰਭਾਵਨਾ ਹੈ। ਉਨਾਂ ਕਿਹਾ ਕਿ 3 ਲਾਸ਼ਾਂ ਹੜ ਦੇ ਪਾਣੀ ਵਿਚ ਫੱਸੇ ਵਾਹਣ ਦੇ ਬਾਹਰੋਂ ਮਿਲੀਆਂ ਹਨ। ਇਨਾਂ ਵਿਚੋਂ ਦੋ ਲਾਸ਼ਾਂ ਇਕੋ ਥਾਂ ਤੋਂ ਮਿਲੀਆਂ ਹਨ ਜਦ ਕਿ ਤੀਸਰੀ ਲਾਸ਼ ਵੱਖਰੀ ਜਗਾ ਤੋਂ ਮਿਲੀ ਹੈ। ਅਧਿਕਾਰੀ ਵਾਹਣ ਦੇ ਮਾਲਕ ਦੀ ਭਾਲ ਕਰ ਰਹੇ ਹਨ। ਉਨਾਂ ਕਿਹਾ ਕਿ ਬਹੁਤ ਸਾਰੇ ਡਰਾਈਵਰ ਆਪਣੇ ਵਾਹਣ ਪਾਣੀ ਵਿਚ ਹੀ ਛੱਡ ਕੇ ਚਲੇ ਗਏ ਤੇ ਕੁਝ ਥਾਵਾਂ 'ਤੇ ਪਾਣੀ 5 ਫੁੱਟ ਤੋਂ ਵਧ ਗਿਆ। ਬਕਸ ਕਾਊਂਟੀ ਦੇ ਅਧਿਕਾਰੀਆਂ ਅਨੁਸਾਰ ਬਚਾਅ ਤੇ ਰਾਹਤ ਕਾਮੇ ਲਾਪਤਾ 9 ਸਾਲਾ ਲੜਕੇ ਤੇ ਉਸ ਦੀ 2 ਸਾਲਾ ਭੈਣ ਦੀ ਭਾਲ ਕਰ ਰਹੇ ਹਨ ਜਦ ਕਿ ਉਨਾਂ ਦੀ ਮਾਂ ਦੀ ਹੜ ਦੇ ਪਾਣੀ ਦੀ ਮਾਰ ਹੇਠ ਆ ਕੇ ਮੌਤ ਹੋ ਚੁੱਕੀ ਹੈ। ਇਕ ਹੋਰ ਔਰਤ ਦੇ ਵੀ ਮਾਰੇ ਜਾਣ ਦੀ ਪੁਸ਼ਟੀ ਹੋਈ ਹੈ। ਬਕਸ ਕਾਊਂਟੀ ਫਾਇਰ ਚੀਫ ਟਿਮ ਬਰੀਵਰ ਨੇ ਕਿਹਾ ਹੈ ਕਿ ਉਹ ਲਾਪਤਾ ਬੱਚਿਆਂ ਨੂੰ ਲੱਭਣ ਦੀਆਂ ਸਿਰਤੋੜ ਕੋਸ਼ਿਸ਼ਾਂ ਕਰ ਰਹੇ ਹਨ।

## ਅਮੈਰਿਕਨ ਸੀਨੀਅਰ ਸਿਟੀਜਨ, ਸੈਕਰਾਮੈਂਟੋ ਵੱਲੋਂ ਫਾਦਰ ਡੇਅ ਸੈਲੀਬ੍ਰੇਸ਼ਨ- ਤਸਵੀਰਾਂ ਦੀ ਜ਼ੁਬਾਨੀ। ਇਸ ਮੌਕੇ ਬਹੁਤ ਸਾਰੀਆਂ ਸਥਾਨਕ ਸ਼ਖਸੀਅਤਾਂ ਨੇ ਭਾਗ ਲਿਆ। ਵੱਖ ਵੱਖ ਬੁਲਾਰਿਆਂ ਨੇ ਆਪਣੇ ਵਿਚਾਰ ਸਾਂਝੇ ਕੀਤੇ। ਡਾ. ਗੁੱਡੀ ਤੱਖਰ ਵੱਲੋਂ ਧੰਨਵਾਦ ਕੀਤਾ ਗਿਆ।






















URGENT CARE CLINIC



DR. TAKHAR'S FAMILY MEDICINE & URGENT CARE CLINIC

8191 Timberlake Way, Suite # 400, Sacramento, CA 95823
Phone: 916-688-8888 Fax: 916-688-8837

Clinic Hours: Monday to Friday 9:00 AM to 5:30 PM, Saturday 9:00 AM – 4:00 PM & Sunday closed



Dr. Paramjit S Takhar, MD

We speak your language: Panjabi, Hindi, Urdu, Farsi, Arabic and Spanish

Goodie Takhar, PhD

# ਹੜ੍ਹ ਦੇ ਦੌਰਾਨ ਮਾਨਵਤਾ ਦੀ ਸੇਵਾ ਕਰਨ ਵਾਲੇ ਚਾਰ ਕਰਮਚਾਰੀਆਂ ਨੂੰ ਸਟੇਟ ਅਵਾਰਡ ਨਾਲ ਸਨਮਾਨਤ ਕਰਨ ਲਈ ਪੰਜਾਬ ਸਰਕਾਰ ਨੂੰ ਭੇਜੀ ਤਜਵੀਜ

**ਪਠਾਨਕੋਟ, 16 ਜੁਲਾਈ (ਰਾਜਿੰਦਰ ਸਿੰਘ ਰਾਜਨ)** ਬਹੁਤ ਘੱਟ ਲੋਕੀ ਹੁੰਦੇ ਹਨ ਜੋ ਅਪਣੇ ਫਰਜ ਦੇ ਨਾਲ ਨਾਲ ਅਪਣੀ ਜਿਮ੍ਹੇਦਾਰੀ ਸਮਝਦੇ ਹੋਏ






ਮਾਨਵਤਾ ਦੀ ਸੇਵਾ ਦੇ ਲਈ ਹਮੇਸਾ ਤਿਆਰ ਰਹਿੰਦੇ ਹਨ ਅਤੇ ਅਪਣੀ ਜਾਨ ਦੀ ਪਰਵਾਹ ਕੀਤੇ ਬਿਨ੍ਹਾਂ ਕਿਸੇ ਵੀ ਤਰ੍ਹਾਂ ਦੇ ਪਰਉਪਕਾਰ ਕਰਨ ਤੋਂ ਪਿੱਛੇ ਨਹੀਂ ਹੱਟਦੇ, ਉਨ੍ਹਾਂ ਦੀ ਕੋਸਿਸ ਕਿਸੇ ਨੂੰ ਜਿੰਦਗੀ ਦੇ ਗਈ ਅਤੇ ਦੂਸਰਿਆਂ ਦੇ ਲਈ ਇੱਕ ਸਬਕ ਬਣਦੀ ਹੈ ਕਿ ਸਾਨੂੰ ਔਖੀ ਘੜ੍ਹੀ ਦੇ ਅੰਦਰ ਹਮੇਸਾਂ ਦੂਸਰਿਆਂ ਦੀ ਸੇਵਾ ਦੇ ਲਈ ਤਿਆਰ ਰਹਿਣਾ ਚਾਹੀਦਾ ਹੈ। ਇਹ ਪ੍ਰਗਟਾਵਾ ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ ਨੇ ਅੱਜ ਪਿਛਲੇ ਦਿਨ੍ਹਾਂ ਦੋਰਾਨ ਬਮਿਆਲ ਖੇਤਰ ਅੰਦਰ ਦਰਿਆ ਉਜ ਵਿੱਚ ਆਏ ਹੜ ਦੇ ਦੋਰਾਨ ਮਾਨਵਤਾ ਦੀ ਸੇਵਾ ਕਰਨ ਵਾਲੇ ਕਰਮਚਾਰੀਆਂ ਨਾਲ ਵਿਸੇਸ ਮੀਟਿੰਗ ਕਰਦਿਆ ਕੀਤਾ। ਇਸ ਮੋਕੇ ਤੇ ਸ. ਲਛਮਣ ਸਿੰਘ ਤਹਿਸੀਲਦਾਰ ਪਠਾਨਕੋਟ ਵੀ ਹਾਜ਼ਰ ਸਨ।

ਜਾਣਕਾਰੀ ਦਿੰਦਿਆਂ ਸ੍ਰੀ ਕਾਲਾ ਰਾਮ ਕਾਂਸਲ ਐਸ.ਡੀ.ਐਮ. ਪਠਾਨਕੋਟ ਨੇ ਦੱਸਿਆ ਕਿ ਪਿਛਲੇ ਦਿਨ੍ਹਾਂ ਦੋਰਾਨ ਲਗਾਤਾਰ ਹੋਈ ਬਾਰਿਸ ਦੇ ਚਲਦਿਆਂ ਉਜ ਦਰਿਆ ਵਿੱਚ ਹੜ ਆਉਂਣ ਕਰਕੇ ਉਜ ਦੇ ਨਾਲ ਲਗਦੇ ਪਿੰਡ ਪ੍ਰਭਾਵਿੱਤ ਹੋਏ । ਹੜ੍ਹ ਦੇ ਦੋਰਾਨ ਕੂਝ ਲੋਕ ਜੋ ਹਿੰਦ -ਪਾਕ ਸਰਹੱਦ ਤੇ ਲੱਗੀ ਕੰਡਿਆਲੀ ਤਾਰ ਦੇ ਦੂਸਰ ਪਾਸੇ ਅਪਣੀ ਜਮੀਨ ਵਿੱਚ ਖੇਤੀ ਕਰ ਰਹੇ ਸਨ ਹੜ੍ਹ ਦੀ ਚਪੇਟ ਵਿੱਚ ਆ ਗਏ ਸਨ। ਉਨ੍ਹਾਂ ਨੂੰ ਬਚਾਉਂਣ ਵਿੱਚ ਕੁਝ ਕਰਮਚਾਰੀਆਂ ਵੱਲੋਂ ਬਹੁਤ ਹੀ ਵਧੀਆ ਢੰਗ ਨਾਲ ਕੰਮ ਕੀਤਾ ਗਿਆ। ਉਨ੍ਹਾਂ ਦੱਸਿਆ ਕਿ ਫਤਿਹ ਸਿੰਘ ਪਟਵਾਰੀ, ਅਜਵਿੰਦਰ ਸਿੰਘ ਐਸ.ਐਚ.ਓ. ਨਰੋਟ ਜੈਮਲ ਸਿੰਘ, ਰਾਹੁਲ ਕੁਮਾਰ ਸੇਵਾਦਾਰ ਦਫਤਰ ਐਸ.ਡੀ.ਐਮ. ਪਠਾਨਕੋਟ ਅਤੇ ਪਿੰਡ ਜੈਦਪੁਰ ਨਿਵਾਸੀ ਸੁਖਦੇਵ ਸਿੰਘ ਸਪੁੱਤਰ ਸ੍ਰੀ ਦਰਸਨ ਸਿੰਘ ਵੱਲੋਂ ਅਪਣੀ ਜਾਨ ਦੀ ਪਰਵਾਹ ਕੀਤੇ ਬਿਨ੍ਹਾਂ ਹਿੰਦ ਪਾਕ ਸਰਹੱਦ ਤੇ ਹੜ੍ਹ ਦੇ ਦੋਰਾਨ ਕੰਡਿਆਲੀ ਤਾਰ ਤੋਂ ਪਾਰ ਹੜ੍ਹ ਦੀ ਚਪੇਟ ਵਿੱਚ ਆਏ ਲੋਕਾਂ ਨੂੰ ਸੁਰੱਖਿਅਤ ਬਾਹਰ ਕੱਢਿਆ।

ਉਨ੍ਹਾਂ ਦੱਸਿਆ ਕਿ ਇਸ ਤੋਂ ਇਲਾਵਾ ਜਦੋਂ ਉਨ੍ਹਾਂ ਨੂੰ ਪਤਾ ਲੱਗਾ ਕਿ ਸੀਮਾ ਸੁਰੱਖਿਆ ਬਲ ਦੇ ਨੋਜਵਾਨ ਜੈਦਪੁਰ ਪੋਸਟ ਤੇ ਫਸ ਗਏ ਹਨ ਤਾਂ ਕਰਮਚਾਰੀਆਂ ਵੱਲੋਂ ਫਾਇਵਰ ਵੋਟ ਦੀ ਸਹਾਇਤਾਂ ਨਾਲ ਇਨ੍ਹਾਂ ਜਵਾਨਾਂ ਨੂੰ ਵੀ ਬਾਹਰ ਕੱਢ ਕੇ ਲਿਆਂਦਾ ਗਿਆ। ਜਿਕਰਯੋਗ ਹੈ ਕਿ ਜਦੋਂ ਸੀਮਾ ਸੁਰੱਖਿਆ ਬਲ ਦੇ ਜਵਾਨਾਂ ਨੂੰ ਹੜ੍ਹ ਵਿੱਚੋਂ ਕੱਢ ਕੇ ਬਾਹਰ ਲਿਆਂਦਾ ਜਾ ਰਿਹਾ ਸੀ ਤਾਂ ਕਰੀਬ ਡੇਢ ਕਿਲੋਮੀਟਰ ਪਹਿਲਾ ਹੀ ਅਚਾਨਕ ਵੋਟ ਦਾ ਇੰਜਨ ਖਰਾਬ ਹੋ ਗਿਆ ਅਤੇ ਫਤਿਹ ਸਿੰਘ ਪਟਵਾਰੀ ਨੇ ਅਪਣੀ ਸਮਝ ਦੇ ਨਾਲ ਚੱਪੂ ਦੇ ਨਾਲ ਵੋਟ ਨੂੰ ਸੁਰੱਖਿਅਤ ਸਥਾਨ ਤੇ ਪਹੁੰਚਾਇਆ, ਇਸ ਦੋਰਾਨ ਇਸ ਟੀਮ ਵੱਲੋਂ ਇੱਕ ਹਿਰਨ ਦੇ ਬੱਚੇ ਦੀ ਵੀ ਜਾਨ ਬਚਾਈ ਗਈ।

ਐਸ.ਡੀ.ਐਮ. ਪਠਾਨਕੋਟ ਨੇ ਦੱਸਿਆ ਕਿ ਮਾਨਯੋਗ ਸ. ਹਰਬੀਰ ਸਿੰਘ ਡਿਪਟੀ ਕਮਿਸਨਰ ਪਠਾਨਕੋਟ ਵੱਲੋਂ ਵੀ ਪਹਿਲਾ ਇਹ ਐਲਾਨ ਕੀਤਾ ਗਿਆ ਸੀ ਕਿ ਡਿਊਟੀ ਦੇ ਨਾਲ ਨਾਲ ਵਧੀਆ ਢੰਗ ਨਾਲ ਮਾਨਵਤਾ ਦੀ ਸੇਵਾ ਕਰਦਿਆਂ ਇਨ੍ਹਾਂ ਕਰਮਚਾਰੀਆਂ ਵੱਲੋਂ ਕੀਤੀ ਗਈ ਸੇਵਾ ਦੇ ਲਈ ਇਨ੍ਹਾਂ ਉਪਰੋਕਤ ਚਾਰ ਕਰਮਚਾਰੀਆਂ ਨੂੰ ਸੂਬਾ ਪੱਧਰੀ ਅਜਾਦੀ ਦਿਹਾੜੇ ਤੇ ਸਨਮਾਨਤ ਕਰਨ ਦੇ ਲਈ ਪੰਜਾਬ ਸਰਕਾਰ ਨੂੰ ਲਿਖਿਤ ਤੋਰ ਤੇ ਭੇਜਿਆ ਗਿਆ ਹੈ।

ਉਨ੍ਹਾਂ ਕਿਹਾ ਕਿ ਇਸ ਦੇ ਨਾਲ ਹੀ ਜੋ ਹੋਰ ਕਰਮਚਾਰੀ ਇਨ੍ਹਾਂ ਹੜ੍ਹਾਂ ਦੇ ਦੋਰਾਨ ਸੇਵਾ ਕਰ ਰਹੇ ਸਨ ਉਨ੍ਹਾਂ ਕਰਮਚਾਰੀਆਂ ਨੂੰ ਵੀ ਜਿਲ੍ਹਾਂ ਪੱਧਰ ਤੇ ਸਨਮਾਨਤ ਕੀਤਾ ਜਾਵੇਗਾ।

# ਆਮ ਆਦਮੀ ਪਾਰਟੀ ਨੌਕਰੀ ਤੋਂ ਬਾਹਰ ਕੀਤੇ ਕਰੋਨਾ ਵਲੰਟੀਅਰ ਦੀ ਭਰਤੀ ਕਰਕੇ ਆਪਣਾ ਵਾਅਦਾ ਪੂਰਾ ਕਰੇ- ਸੂਦ

ਕਰੋਨਾ ਦੀ ਬਿਮਾਰੀ ਨੂੰ ਕੌਣ ਨੀ ਜਾਣਦਾ, ਜਿਸਨੇ ਸਾਰੇ ਸੰਸਾਰ ਚ ਆਪਣੇ ਪੈਰ ਪਸਾਰ ਕੇ ਦੁਨੀਆ ਨੂੰ ਹੈਰਾਨ ਕੀਤਾ ਤੇ ਅਣਗਿਣਤ ਲੋਕ ਮੌਤ ਦੇ ਮੂੰਹ ਪਏ। ਉਸ ਵੇਲੇ ਨੈਸ਼ਨਲ ਹੈਲਥ ਮਿਸ਼ਨ ਵਲੋਂ ਕਰੋਨਾ ਵਲੰਟੀਅਰ ਦੀ ਐਮਰਜੈਂਸੀ ਭਰਤੀ ਕੀਤੀ ਗਈ, ਇਹਨਾਂ ਕਰੋਨਾ ਵਲੰਟੀਅਰ ਨੇ ਮਹਾਂਮਾਰੀ ਦੇ ਸਮੇਂ ਪੰਜਾਬ ਸਰਕਾਰ ਤੇ ਪੰਜਾਬ ਦੇ ਲੋਕਾਂ ਦਾ ਸਾਥ ਦਿੱਤਾ ਜਿਸ ਵਿਚ ਸਮੂਹ ਸਟਾਫ਼ ਡਾਕਟਰ, ਸਟਾਫ਼ ਨਰਸ, ਫਾਰਮੇਸੀ ਅਫ਼ਸਰ, ਲੈਬ ਟੈਕਨੀਸ਼ੀਅਨ, ਵਾਰਡ ਅਟੈਂਡੈਟ ਨੇ ਪੰਜਾਬ ਦੇ ਹਸਪਤਾਲਾ, ਕੋਵਿਡ ਕੇਅਰ ਸੈਂਟਰਾਂ ਵਿੱਚ ਕੰਮ ਕੀਤਾ, ਤੇ ਮੌਤ ਦੇ ਮੂੰਹ ਵਿੱਚ ਜਾ ਰਹੇ ਲੋਕਾਂ ਦੀ ਮਦਦ ਕਰਕੇ ਆਪਣਾ ਇਨਸਾਨ ਹੋਣ ਦਾ ਫ਼ਰਜ਼ ਅਦਾ ਕੀਤਾ । ਪਰ ਉਸ ਸਮੇਂ ਦੀ ਕਾਂਗਰਸ ਸਰਕਾਰ ਨੇ ਸਾਨੂੰ ਸਨਮਾਨ ਜਾ ਨੌਕਰੀ ਦੇਣ ਦੀ ਬਜਾਏ ਸਾਨੂੰ ਨੌਕਰੀ ਤੋਂ ਕੱਢ ਦਿੱਤਾ, ਜਿਸ ਨਾਲ ਅਸੀਂ ਬੇਰੋਜਗਾਰ ਹੋ। ਉਸ ਵੇਲੇ ਸਾਨੂੰ ਐਮਰਜੈਂਸੀ ਭਰਤੀ ਕੀਤਾ ਗਿਆ ਸੀ ਜਿਸ ਚ ਬਕਾਇਦਾ ਸਾਡਾ ਸਰਕਾਰੀ ਨੌਕਰੀ ਦੇਣ ਵੇਲੇ ਜੋ ਪ੍ਰਕਿਰਿਆ ਹੁੰਦੀ ਅਸੀ ਉਹ ਸਾਰੇ ਮਾਪਦੰਡ ਪੂਰੇ ਕੀਤੇ। ਅਸੀ ਮੁਸ਼ਕਲ ਸਮੇਂ ਚ ਸਰਕਾਰ ਦਾ ਸਾਥ ਦਿੱਤਾ ਤੇ ਮਹਾਂਮਾਰੀ ਦਾ ਡਟ ਕੇ ਮੁਕਾਬਲਾ ਕੀਤਾ।

ਕਾਂਗਰਸ ਸਰਕਾਰ ਵੇਲੇ ਅਸੀਂ ਪੰਜਾਬ ਦੇ ਵੱਖ ਵੱਖ ਸ਼ਹਿਰਾਂ 'ਚ ਰੋਸ ਪ੍ਰਦਰਸ਼ਨ ਕੀਤਾ ਤੇ ਪੱਕੇ ਧਰਨੇ ਬੀ ਲਾਏ, ਸਾਡੇ ਕਈ ਧਰਨਿਆ 'ਚ ਉਸ ਸਮੇਂ ਆਪ ਦੀ ਸਰਕਾਰ ਨਹੀਂ ਬਣੀ ਸੀ ਤਾਂ ਉਸ ਵੇਲੇ ਭਗਵੰਤ ਸਿੰਘ ਮਾਨ ਜੀ ਨੇ ਆ ਕੇ ਸਾਨੂੰ ਵਿਸ਼ਵਾਸ਼ ਦੁਆਇਆ ਕਿ ਜਦੋਂ ਆਪ ਦੀ ਸਰਕਾਰ ਬਣ ਗਈ ਤਾਂ ਪਹਿਲ ਦੇ ਆਧਾਰ ਤੇ ਤੁਹਾਨੂੰ ਨੌਕਰੀ ਦਿੱਤੀ ਜਾਵੇਗੀ।

ਇਸ ਵਿਸ਼ਵਾਸ਼ ਕਰਕੇ ਸਾਡੇ ਸਾਰੇ ਕਰੋਨਾ ਵਲੰਟੀਅਰ ਵਲੋਂ ਵੋਟਾਂ ਵੇਲੇ ਕਾਂਗਰਸ ਸਰਕਾਰ ਦੇ ਬਾਈਕਾਟ ਵਾਲੇ ਬੋਰਡ ਲਗਾਏ ਘਰਾਂ ਬਾਹਰ ਤੇ ਆਪ ਸਰਕਾਰ ਦਾ ਪੂਰੇ ਪੰਜਾਬ ਚ ਸਾਥ ਦਿੱਤਾ ਤੇ ਆਪਣੇ ਰਿਸਤੇਦਾਰਾ ਤੇ ਮਿੱਤਰਾ ਨੂੰ ਅਪੀਲ ਕੀਤੀ ਕਿ ਇਸ ਵਾਰ ਅਸੀਂ ਆਪ ਪਾਰਟੀ ਨੂੰ ਬਹੁਮਤ ਨਾਲ ਜਿਤਾਉਣਾ।

ਸੋ ਸਰਕਾਰ ਬਣੀ ਨੂੰ ਇਕ ਸਾਲ ਤੋਂ ਵਧੇਰੇ ਸਮਾਂ ਹੋ ਗਿਆ ਪਰ ਅਸੀਂ ਅੱਜ ਬੀ ਬੇਰੋਜਗਾਰ ਹਾਂ, ਸੋ ਸਾਡੀ (ਮਾਣਯੋਗ ਭਗਵੰਤ ਸਿੰਘ ਮਾਨ) ਪੰਜਾਬ ਸਰਕਾਰ ਨੂੰ ਅਪੀਲ ਹੈ ਕਿ ਆਪਣਾ ਵਾਅਦਾ ਪੂਰਾ ਕਰੋ।

ਅਸੀ ਆਪ ਸਰਕਾਰ ਦੇ ਸਾਰੇ ਮੰਤਰੀਆਂ ਨੂੰ ਮੰਗ ਪੱਤਰ ਦੇ ਚੁੱਕੇ ਹਾਂ।

ਸੋ ਸਾਡੀ ਸਮੂਹ ਕਰੋਨਾ ਵਲੰ-ਟੀਅਰ ਦੀ ਪੁਰਜੋਰ ਅਪੀਲ ਹੈ ਕਿ ਸਾਨੂੰ ਜਲਦੀ ਤੋ ਜਲਦੀ ਦੁਬਾਰਾ ਸਰਕਾਰੀ ਨੌਕਰੀ ਦਿੱਤੀ ਜਾਵੇ। ਇਸ ਵੇਲੇ ਪੰਜਾਬ ਚ ਸਿਹਤ ਵਿਭਾਗ ਚ ਅਣਗਿਣਤ ਅਸਾਮੀਆਂ ਖਾਲੀ ਹੈ, ਸੋ ਸਾਨੂੰ ਤੁਰੰਤ ਖਾਲੀ ਅਸਾਮੀਆਂ ਚ ਭਰਤੀ ਕੀਤਾ ਜਾਵੇ ਤਾਂ ਕੇ ਪੰਜਾਬ ਦੇ ਲੋਕਾਂ ਨੂੰ ਮਿਆਰੀ ਤੇ ਮੁਢਲੀਆਂ ਸਿਹਤ ਸਹੂਲਤਾਂ ਦਿੱਤੀਆਂ ਜਾ ਸਕਣ।

**– ਮਨਪ੍ਰੀਤ ਸੂਦ ਆਲੋਵਾਲ**
91–98767 – 94707


## 'ਦੇਸ਼ ਦੁਆਬਾ' 'ਅੰਬੇਦਕਰ ਟਾਈਮਜ਼'

ਆਨਲਾਈਨ ਪੜ੍ਹਨ ਲਈ ਕਲਿੱਕ ਕਰੋ:

www.deshdoaba.com
www.ambedkartimes.com


# ਪੰਜਾਬ 'ਚ 'ਆਪ' ਨਾਲ ਕੋਈ ਗਠਜੋੜ ਨਹੀਂ ਹੋਵੇਗਾ- ਬਾਜਵਾ

**ਚੰਡੀਗੜ–** ਪੰਜਾਬ ਵਿਚ ਵਿਰੋਧੀ ਧਿਰ ਦੀ ਪਾਰਟੀ ਕਾਂਗਰਸ ਨੇ ਕਿਹਾ ਹੈ ਕਿ ਸੂਬੇ ਵਿਚ ਆਮ ਆਦਮੀ ਪਾਰਟੀ ਨਾਲ ਕੋਈ ਗਠਜੋੜ ਨਹੀਂ ਹੈ। ਇਹ ਸਿਰਫ਼ ਰਾਸ਼ਟਰੀ ਪੱਧਰ 'ਤੇ ਹੈ, ਜਿਸ 'ਤੇ ਭਾਜਪਾ ਨੇ ਚੁਟਕੀ ਲਈ ਹੈ। ਇਸ ਵਿਚਾਲੇ ਪੰਜਾਬ ਕਾਂਗਰਸ ਨੇ ਕਿਹਾ ਕਿ ਉਨ੍ਹਾਂ ਦਾ ਆਮ ਆਦਮੀ ਪਾਰਟੀ ਨਾਲ ਪੰਜਾਬ ਵਿਚ ਕੋਈ ਗਠਜੋੜ ਨਹੀਂ ਹੋਇਆ ਹੈ। ਪੰਜਾਬ ਕਾਂਗਰਸ ਦੇ ਆਗੂ ਪ੍ਰਤਾਪ ਸਿੰਘ ਬਾਜਵਾ ਨੇ ਕਿਹਾ ਹੈ ਕਿ ਰਾਸ਼ਟਰੀ ਪੱਧਰ 'ਤੇ ਹੋਇਆ ਗਠਜੋੜ ਸਿਰਫ਼ ਆਰਡੀਨੈਂਸ ਦੇ ਮਾਮਲੇ 'ਤੇ ਹੈ। ਇਸ ਦੌਰਾਨ ਭਾਜਪਾ ਪੰਜਾਬ ਦੇ ਪ੍ਰਧਾਨ ਸੁਨੀਲ ਜਾਖੜ ਨੇ ਪੁੱਛਿਆ ਕਿ ਸੂਬੇ ਵਿਚ ਕਾਂਗਰਸ ਵਿਰੋਧੀ ਪਾਰਟੀ ਹੈ ਜਾਂ ਸੱਤਾਧਾਰੀ ਪਾਰਟੀ।







# ਲਾਹੌਰੀ ਰਾਮ ਬਾਲੀ, ਅਲਵਿਦਾ ਅਲਵਿਦਾ ਅਲਵਿਦਾ



ਚਰਨਜੀਤ ਸਿੰਘ ਬਿਨਪਾਲਕੇ
91-78141-42944

ਭਾਰਤੀ ਆਦਿਵਾਸੀ, ਮੂਲਵਾਸੀ ਲੋਕਾਂ ਨੂੰ ਉਨ੍ਹਾਂ ਦੇ ਰਹਿਬਰਾਂ ਦੀ ਵਿਸ਼ਵ ਵਿਆਪੀ, ਤਰਕਵਾਦੀ ਅਤੇ ਕ੍ਰਾਂਤੀਕਾਰੀ ਵਿਚਾਰਧਾਰਾ ਤੋਂ ਜਾਣੂ ਕਰਵਾਉਣ ਵਾਲੇ ਉੱਚ ਕੋਟੀ ਦੇ ਮਹਾਨ ਵਿਦਵਾਨ, ਬੁੱਧੀਜੀਵੀ, ਨਿਧੜਕ ਅਤੇ ਨਿਡਰ ਲੇਖਕ ਸ੍ਰੀ ਲਾਹੌਰੀ ਰਾਮ ਬਾਲੀ ਜੋ ਕਿ 6 ਜੁਲਾਈ 2023 ਵੀਰਵਾਰ ਨੂੰ ਦੁਪਹਿਰ ਵੇਲੇ ਅਚਾਨਕ ਸਾਨੂੰ ਸਾਰਿਆਂ ਨੂੰ ਅਲਵਿਦਾ ਕਹਿ ਗਏ। ਉਨ੍ਹਾਂ ਦੇ ਜਾਣ ਨਾਲ ਇਹ ਸਮਾਜ ਇੱਕ ਬਹੁਤ ਵੱਡੇ ਚਿੰਤਕ, ਸੱਚੇ ਮਾਰਗ ਦਰਸ਼ਕ, ਅੰਬੇਡਕਰ ਮਿਸ਼ਨ ਦੇ ਸੱਚੇ ਸਿਪਾਹੀ, ਦੂਰ ਅੰਦੇਸੀ ਲੜਾਕੂ ਜੋਧੇ ਤੋਂ ਮਹਿਰੂਮ ਹੋ ਗਿਆ।

ਸ੍ਰੀ ਲਾਹੌਰੀ ਰਾਮ ਬਾਲੀ ਜੀ ਦਾ ਜਨਮ 20 ਜੁਲਾਈ 1930 ਈ. ਨੂੰ ਨਵਾਂ ਸ਼ਹਿਰ (ਪੰਜਾਬ) ਵਿਖੇ ਹੋਇਆ। ਆਪ ਜੀ ਦੇ ਪਿਤਾ ਦਾ ਨਾਮ ਸ੍ਰੀ ਭਗਵਾਨ ਦਾਸ ਅਤੇ ਮਾਤਾ ਜੀ ਦਾ ਨਾਮ ਸ੍ਰੀਮਤੀ ਪ੍ਰੇਮੀ ਸੀ। ਪਤਨੀ ਦਾ ਨਾਮ ਸ਼੍ਰੀ ਮਤੀ ਅਜੀਤ ਬਾਲੀ, ਤਿੰਨ ਬੇਟੀਆਂ ਸ਼ਕੁੰਤਲਾ, ਸੁਨੀਤਾ, ਸੁਜਾਤਾ, ਦੋ ਬੇਟਿਆਂ ਦਾ ਨਾਮ ਰਾਹੁਲ ਕੁਮਾਰ, ਅਨੰਦ ਕੁਮਾਰ ਹੈ। ਆਪ ਨੇ ਆਰੀਆ ਹਾਈ ਸਕੂਲ ਤੋਂ ਮੈਟ੍ਰਿਕ ਪਾਸ ਕੀਤੀ ਤੇ ਆਪ 18 ਸਾਲ ਨਵਾਂ ਸ਼ਹਿਰ ਵਿਖੇ ਰਹੇ। ਬਾਲੀ ਸਾਹਿਬ ਆਉਣ ਵਾਲੀ 20 ਜੁਲਾਈ ਨੂੰ ਆਪਣੀ ਜ਼ਿੰਦਗੀ ਦੇ 93 ਸਾਲ ਪੂਰੇ ਕਰਨ ਵਾਲੇ ਸਨ।

ਆਪ ਬਹੁਤ ਵੱਡੇ ਲੇਖਕ, ਵਿਚਾਰਕ, ਪ੍ਰਕਾਸ਼ਕ ਅਤੇ ਸੰਪਾਦਕ ਸਨ। ਭੀਮ ਪੱਤਰਕਾ ਦੇ ਬਾਨੀ ਅਤੇ ਸੰਪਾਦਕ ਸ਼੍ਰੀ ਲਾਹੌਰੀ ਰਾਮ ਬਾਲੀ ਜੀ ਨੇ 14 ਅਪ੍ਰੈਲ 1958 ਈਸਵੀ ਤੋਂ ਭੀਮ ਪੱਤ੍ਰਕਾ ਨੂੰ ਪਹਿਲਾਂ ਉਰਦੂ ਫਿਰ ਹਿੰਦੀ ਵਿਚ ਪ੍ਰਕਾਸ਼ਿਤ ਕੀਤਾ। ਹੁਣ ਜੂਨ 2023 ਤੱਕ ਭੀਮ ਪੱਤ੍ਰਿਕਾ ਲਗਾਤਾਰ ਪ੍ਰਕਾਸ਼ਿਤ ਹੁੰਦੀ ਰਹੀ ਹੈ। ਭੀਮ ਪੱਤ੍ਰਿਕਾ ਬਹੁਤ ਸਮਾਂ ਪੰਜਾਬੀ ਵਿੱਚ ਵੀ ਪ੍ਰਕਾਸ਼ਿਤ ਕੀਤੀ ਜਾਂਦੀ ਰਹੀ।

ਸ੍ਰੀ ਲਾਹੌਰੀ ਰਾਮ ਬਾਲੀ ਜੀ 1948 ਈਸਵੀ ਵਿੱਚ ਦਿੱਲੀ ਵਿਖੇ ਇੱਕ ਸਰਕਾਰੀ ਵਿਭਾਗ ਵਿੱਚ ਨੌਕਰੀ ਕਰਦਿਆਂ ਬਾਬਾ ਸਾਹਿਬ ਡਾ. ਭੀਮ ਰਾਓ ਅੰਬੇਡਕਰ ਦੇ ਸੰਪਰਕ ਵਿੱਚ ਆਏ ਅਤੇ ਫਿਰ ਉਨ੍ਹਾਂ ਦੇ ਹੀ ਹੋ ਕੇ ਰਹਿ ਗਏ। ਉਨ੍ਹਾਂ ਨੂੰ ਲਗਭਗ 6 ਸਾਲ ਬਾਬਾ ਸਾਹਿਬ ਡਾ. ਅੰਬੇਡਕਰ ਦੀ ਸੰਗਤ ਮਾਨਣ ਦਾ ਮੌਕਾ ਮਿਲਿਆ। ਬਾਬਾ ਸਾਹਿਬ ਡਾ. ਅੰਬੇਡਕਰ ਦੇ ਮਿਸ਼ਨ ਨੂੰ ਅੱਗੇ ਤੋਰਨ ਲਈ ਉਹਨਾਂ ਨੇ ਆਪਣੀ ਨੌਕਰੀ ਤੋਂ ਅਸਤੀਫਾ ਦੇ ਦਿੱਤਾ। ਉਨ੍ਹਾਂ ਨੇ ਜ਼ਿੰਦਗੀ ਦਾ ਹਰ ਪਲ ਬਾਬਾ ਸਾਹਿਬ ਦੇ ਮਿਸ਼ਨ ਨੂੰ ਸਮਰਪਿਤ ਕਰ ਦਿੱਤਾ।

ਉਨ੍ਹਾਂ ਨੇ 100 ਤੋਂ ਵੱਧ ਪੁਸਤਕਾਂ ਲਿਖੀਆਂ ਅਤੇ ਪ੍ਰਕਾਸ਼ਿਤ ਕੀਤੀਆਂ। ਸ੍ਰੀ ਗੁਰੂ ਰਵਿਦਾਸ ਜੀ ਨਾਲ ਸਬੰਧਤ ਉਨ੍ਹਾਂ ਨੇ ਆਪਣੀ ਪੁਸਤਕ ,"ਸੰਦੇਸ਼ ਸ੍ਰੀ ਗੁਰੂ ਰਵਿਦਾਸ ਜੀ" ਲਿਖੀ ਅਤੇ ਪ੍ਰਕਾਸ਼ਿਤ ਕੀਤੀ। ਉਹਨਾਂ ਦੀਆਂ ਪੁਸਤਕਾਂ ਦੇ ਵਿਚਾਰ ਬਹੁਤ ਸਾਰੇ ਲੋਕਾਂ ਨੂੰ ਚੁੱਭਦੇ ਵੀ ਸਨ, ਪਰ ਉਨ੍ਹਾਂ ਨੇ ਆਪਣੀ ਸੱਚ ਦੀ ਕਲਮ ਦੇ ਵਹਾਅ ਨੂੰ ਮੋੜਿਆ ਨਹੀਂ। ਬੇ- ਖ਼ੌਫ਼ ਲਿਖਦੇ ਗਏ ਲਿਖਦੇ ਗਏ।

ਬਾਲੀ ਸਾਹਿਬ ਦੇ ਬਾਬਾ ਚੌਧਰੀ ਇੰਦਰ ਰਾਮ ਅਕਸਰ ਮਹਾਰਾਸ਼ਟਰ ਦੇ ਤਰਜ਼ ਦੀ ਧੋਤੀ ਪਹਿਨਦੇ ਸਨ। ਉਹ ਪੜ੍ਹੇ-ਲਿਖੇ ਸਨ ਉਨ੍ਹਾਂ ਨੇ ਪੰਜਾਬੀ ਵਿੱਚ " ਭਰਮ ਤੋੜ ਗ੍ਰੰਥ" ਦੀ ਰਚਨਾ ਕੀਤੀ। ਉਹ ਆਦਿਧਰਮ ਮੰਡਲ ਦੇ ਸੰਸਥਾਪਕ ਬਾਬੂ ਮੰਗੂ ਰਾਮ ਮੂਗੋਵਾਲੀਆ ਦੇ ਸਹਿਯੋਗੀ ਸਨ। ਮੰਡਲ ਦੀ ਰਿਪੋਰਟ ਜੋ ਪ੍ਰਕਾਸ਼ਿਤ ਹੋਈ ਹੈ, ਉਸ ਵਿਚ ਉਸਦਾ ਨਾਮ ਸ਼ਾਮਲ ਹੈ। ਉਹ ਰਿਪੋਰਟ ਬਾਲੀ ਸਾਹਿਬ ਦੇ ਬਾਬਾ ਜੀ ਦੇ ਕਾਗਜ਼ਾਂ ਵਿਚੋ ਮਿਲੀ ਸੀ, ਜਿਸ ਦੀ ਕਾਪੀ ਲੈ ਕੇ ਾਅਰਕ ਝੁਇਰਗਇਨਸਮਇਇਰ ਨੇ ਆਪਣੀ ਅੰਗਰੇਜ਼ੀ ਭਾਸ਼ਾ ਦੀ ਕਿਤਾਬ 'RELIGION AS SOCIAL VISION ' ਵਿਚ ਅਨੁਵਾਦ ਕਰਕੇ ਪ੍ਰਕਾਸ਼ਿਤ ਕੀਤੀ ਹੈ।

1930 ਤੋਂ 1932 ਤੱਕ ਲੰਡਨ ਵਿੱਚ ਹੋਈਆਂ ਗੋਲਮੇਜ਼ ਕਾਨਫਰੰਸਾਂ ਵਿੱਚ ਆਦਿਧਰਮ ਮੰਡਲ ਨੇ ਡਾ: ਭੀਮ ਰਾਓ ਅੰਬੇਡਕਰ ਦੀ ਪੁਰਜ਼ੋਰ ਹਮਾਇਤ ਕੀਤੀ ਅਤੇ ਬਰਤਾਨਵੀ ਪ੍ਰਧਾਨ ਮੰਤਰੀ ਨੂੰ ਤਾਰਾਂ ਭੇਜੀਆਂ ਕਿ "ਅੰਬੇਡਕਰ ਹੀ ਅਛੂਤਾਂ ਦੇ ਆਗੂ ਹਨ, ਮੋਹਨਦਾਸ ਗਾਂਧੀ ਨਹੀਂ।" ਭੇਜੀਆਂ ਗਈਆਂ ਇਨ੍ਹਾਂ ਤਾਰਾਂ ਵਿੱਚ ਇਹ ਵੀ ਕਿਹਾ ਗਿਆ ਸੀ। "ਗਾਂਧੀ ਝੂਠ ਬੋਲ ਰਿਹਾ ਹੈ।" ਅਜਿਹੀ ਇਕ ਤਾਰ ਦੀ ਕਾਪੀ ਬਾਲੀ ਸਾਹਿਬ ਨੂੰ ਉਨ੍ਹਾਂ ਦੇ ਬਾਬਾ ਜੀ ਦੇ ਪੇਪਰਾਂ ਵਿੱਚੋ ਮਿਲੀ।

6 ਦਸੰਬਰ 1956 ਨੂੰ ਸਵੇਰੇ 11 ਵਜੇ ਜਦ ਉਨ੍ਹਾਂ ਨੂੰ ਪਤਾ ਲੱਗਾ ਕਿ ਬਾਬਾ ਸਾਹਿਬ ਇਸ ਦੁਨੀਆਂ ਤੇ ਨਹੀਂ ਰਹੇ ਤਾਂ ਉਹ ਇੱਕ ਘੰਟਾ ਰੋਂਦੇ ਰਹੇ। ਫਿਰ ਮੁਹੱਲਾ ਰਾਮ ਨਗਰ, ਜਲੰਧਰ ਦੇ ਭਾਈ ਵਤਨ ਚੰਦ ਵਿਰਦੀ ਅਤੇ ਹੋਰ ਸੰਗਤਾਂ ਦੇ ਸਹਿਯੋਗ ਨਾਲ ਇੱਕ ਸ਼ੋਕ ਮਾਰਚ ਕੱਢਿਆ ਗਿਆ ਜੋ ਕਿ ਬੂਟਾ ਮੰਡੀ, ਜਲੰਧਰ ਤੋਂ ਸ਼ੁਰੂ ਹੋ ਕੇ ਆਦਿ ਧਰਮ ਮੰਡਲ, ਕਿਸ਼ਨਪੁਰਾ ਦੀ ਇਮਾਰਤ ਵਿੱਚ ਸਮਾਪਤ ਹੋਇਆ। ਉੱਥੇ ਉਨ੍ਹਾਂ ਨੇ ਐਲਾਨ ਕੀਤਾ: "ਮੈਂ ਅੱਜ ਹੀ ਸਰਕਾਰੀ ਨੌਕਰੀ ਛੱਡ ਦਿੱਤੀ ਹੈ ਅਤੇ ਮੈਂ ਅੰਬੇਡਕਰ ਮਿਸ਼ਨ ਦੀ ਸੇਵਾ ਲਈ ਆਪਣਾ ਜੀਵਨ ਸਮਰਪਿਤ ਕਰਾਂਗਾ।" ਫਿਰ ਉਹਨਾਂ ਨੇ ਆਪਣਾ ਸਾਰਾ ਜੀਵਨ ਬਾਬਾ ਸਾਹਿਬ ਦੇ ਜੀਵਨ ਸੰਘਰਸ਼ ਅਤੇ ਮਿਸ਼ਨ ਨੂੰ ਸਮਰਪਿਤ ਕਰ ਦਿੱਤਾ।

ਉਰਦੂ ਵਿੱਚ ਛਪਣ ਵਾਲਾ ਮਾਸਿਕ ਪੱਤਰ ਭੀਮ ਪੱਤ੍ਰਕਾ ਦਾ ਮੁੱਖ ਦਫਤਰ ਨਕੋਦਰ ਰੋਡ ਹੁਣ ਡਾ. ਅੰਬੇਡਕਰ ਮਾਰਗ ਜਲੰਧਰ ਵਿਖੇ ਰੱਖਿਆ ਗਿਆ ਸੀ। ਸ੍ਰੀ ਲਾਹੌਰੀ ਰਾਮ ਬਾਲੀ ਜੀ ਇਸ ਦੇ ਸੰਥਾਪਕ, ਸੰਚਾਲਕ ਅਤੇ ਸੰਪਾਦਕ ਸਨ। ਦੂਜੇ ਪਾਸੇ ਰੀਪਬਲਿਕਨ ਪਾਰਟੀ ਆਫ ਇੰਡੀਆ ਦੀ ਪੰਜਾਬ ਇਕਾਈ ਦੀ ਪ੍ਰਮੁੱਖ ਨੇਤਾਵਾਂ ਵਿਚੋਂ ਇੱਕ ਸਨ। ਇਸ ਤਰ੍ਹਾਂ ਭੀਮ ਪਤ੍ਰਿਕਾ ਦਾ ਦਫ਼ਤਰ ਪਾਰਟੀ ਦੀਆਂ ਸਰਗਰਮੀਆਂ ਦਾ ਕੇਂਦਰ ਬਣਿਆ ਰਹਿੰਦਾ ਸੀ। ਭੀਮ ਪੱਤ੍ਰਕਾ ਵਿੱਚ ਛਪਦੀ ਸਮੱਗਰੀ ਵੀ ਸਰਕਾਰ ਨੂੰ ਰੜਕਦੀ ਸੀ। ਇਸ ਤਰ੍ਹਾਂ ਕਈ ਮਸਲਿਆਂ ਖ਼ਾਸਕਰ ਰਿਪਬਲਿਕਨ ਪਾਰਟੀ ਦੀ ਅੰਦੋਲਨਾਂ ਵਿੱਚ ਭਾਗ ਲੈਣ ਕਾਰਨ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਗ੍ਰਿਫ਼ਤਾਰੀ ਲਈ ਪੁਲਿਸ ਥਾਂ-ਥਾਂ ਛਾਪੇ ਮਾਰਦੀ। 1964 ਵਿਚ ਪੁਲਿਸ ਨੇ ਭੀਮ ਪੱਤ੍ਰਿਕਾ ਦੇ ਦਫ਼ਤਰ ਵਿਚ ਕਈ ਵਾਰ ਛਾਪੇ ਮਾਰੇ। ਭੀਮ ਪੱਤ੍ਰਕਾ ਦਾ ਬਹੁਤ ਜ਼ਰੂਰੀ ਰਿਕਾਰਡ ਜ਼ਬਤ ਕਰਕੇ ਉਸ ਨੂੰ ਪੁਲਿਸ ਨੇ ਨਸ਼ਟ ਕਰ ਦਿੱਤਾ। ਇਸ ਤਰ੍ਹਾਂ ਭੀਮ ਪੱਤ੍ਰਕਾ ਦਾ ਕੀਮਤੀ ਸਮਾਨ ਅਤੇ ਵਿਸ਼ੇਸ਼ ਅੰਕ ਜਬਤ ਹੁੰਦਾ ਰਿਹਾ। ਫਿਰ ਵੀ ਆਪਣੇ ਆਖਰੀ ਦਮ ਤੱਕ ਭੀਮ ਪੱਤ੍ਰਕਾ ਹਿੰਦੀ ਭਾਸ਼ਾ ਵਿੱਚ ਪ੍ਰਕਾਸ਼ਿਤ ਕਰਦੇ ਰਹੇ। ਜੁਲਾਈ 2023 ਦਾ ਅੰਕ ਵੀ ਬਾਲੀ ਸਾਹਿਬ ਕੰਪੋਜ਼ ਕਰਵਾ ਕੇ ਗਏ। ਹਿੰਦੀ ਭਾਸ਼ਾਈ ਪ੍ਰਾਂਤਾਂ ਵਿਚ ਇਸ ਪਰਚੇ ਦੇ ਵੱਡੀ ਗਿਣਤੀ ਵਿੱਚ ਪਾਠਕ ਹਨ। ਦੂਸਰੇ ਪ੍ਰਾਂਤਾਂ ਦੇ ਅੰਬੇਡਕਰੀ ਵੀ ਬਾਲੀ ਸਾਹਿਬ ਦਾ ਬਹੁਤ ਇੱਜ਼ਤ ਮਾਣ ਕਰਦੇ ਸਨ।

ਖੁਰਾਕ ਮੋਰਚਾ (ਮੁੱਖ ਮੰਤਰੀ ਸ. ਪ੍ਰਤਾਪ ਸਿੰਘ ਕੈਰੋਂ ਦੀ ਸਰਕਾਰ ਵਿਰੁੱਧ)- ਸ੍ਰੀ ਭੀਮ ਸੈਨ ਨੂੰ 21 ਜਨਵਰੀ 1956 ਨੂੰ ਪੰਜਾਬ ਦੇ ਮੁੱਖ ਮੰਤਰੀ ਪਦ ਤੋਂ ਅਸਤੀਫਾ ਦੇਣਾ ਪਿਆ ਅਤੇ ਉਨਾ ਦੀ ਥਾਂ ਤੇ ਸ. ਪ੍ਰਤਾਪ ਸਿੰਘ ਕੈਰੋਂ 23 ਜਨਵਰੀ 1956 ਤੋਂ 21 ਜੂਨ 1964 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ। ਸੰਨ 1959 ਵਿੱਚ ਖਾਦ ਪਦਾਰਥਾਂ ਦੀ ਕਮੀ ਅਤੇ ਮਹਿੰਗਾਈ ਨੇ ਰਾਜਨੀਤਿਕ ਪਾਰਟੀਆਂ ਨੂੰ ਸਾਂਝਾ ਅੰਦੋਲਨ ਚਲਾਉਣ ਲਈ ਮਜਬੂਰ ਕਰ ਦਿੱਤਾ। ਜਨਤਾ ਵਿੱਚ ਕੰਮ ਕਰਨ ਵਾਲੀਆਂ ਦੋ ਸਿਆਸੀ ਪਾਰਟੀਆਂ ਰਿਪਬਲਿਕਨ ਪਾਰਟੀ ਅਤੇ ਕਮਿਊਨਿਸਟ ਪਾਰਟੀ ਸਰਕਾਰ ਵਿਰੁੱਧ ਜ਼ੋਰਦਾਰ ਪ੍ਰਚਾਰ ਕਰ ਰਹੀਆਂ ਸਨ। ਇਸ ਲਈ ਮੁੱਖ ਮੰਤਰੀ ਨੇ ਇਨ੍ਹਾਂ ਨੂੰ ਗੱਲਬਾਤ ਲਈ ਚੰਡੀਗੜ੍ਹ ਬੁਲਾਇਆ। ਕਮਿਊਨਿਸਟ ਆਗੂ ਅਤੇ 'ਦੈਨਿਕ ਨਵਾਂ ਜ਼ਮਾਨਾ' ਦੇ ਸੰਪਾਦਕ ਜਗਜੀਤ ਸਿੰਘ ਆਨੰਦ, ਬਾਲੀ ਸਾਹਿਬ ਨੂੰ ਅਬਾਦਪੁਰਾ (ਜਲੰਧਰ) ਸਥਿਤ ਰਿਹਾਇਸ਼ 'ਤੇ ਮਿਲਣ ਆਏ। ਕਿਉਂਕਿ ਇਨ੍ਹਾਂ ਦੋਵਾਂ ਨੇ ਇਕੱਠੇ ਚੰਡੀਗੜ੍ਹ ਲਈ ਰਵਾਨਾ ਹੋਣਾ ਸੀ। ਜਗਜੀਤ ਸਿੰਘ ਆਨੰਦ ਆਪਣੇ ਆਪ ਨੂੰ ਨਾ ਬਚਾ ਸਕੇ, ਉਨ੍ਹਾਂ ਨੂੰ ਜਲੰਧਰ ਬੱਸ ਸਟੈਂਡ ਨੇੜਿਓਂ ਗ੍ਰਿਫਤਾਰ ਕਰ ਲਿਆ ਗਿਆ ਜਦੋਂ ਕਿ ਬਾਲੀ ਸਾਹਿਬ ਪੁਲਿਸ ਦੀਆਂ ਅੱਖਾਂ ਵਿੱਚ ਧੂੜ ਪਾਉਂਦਿਆਂ ਚੰਡੀਗੜ੍ਹ ਪਹੁੰਚ ਗਏ। ਉਹ ਮੁੱਖ ਮੰਤਰੀ ਨੂੰ ਮਿਲੇ ਪੰਜਾਬ ਵਿੱਚ ਖੁਰਾਕ ਅਤੇ ਮਹਿੰਗਾਈ ਸਬੰਧੀ ਅੰਦੋਲਨਕਾਰੀਆਂ ਦਾ ਪੱਖ ਪੇਸ਼ ਕੀਤਾ। ਨਤੀਜਾ ਇਹ ਹੋਇਆ ਕਿ ਸਰਕਾਰ ਨੇ ਸ਼ਹਿਰਾਂ ਅਤੇ ਪਿੰਡਾਂ ਵਿੱਚ ਡਿਪੂ ਖੋਲ੍ਹ ਕੇ ਗਰੀਬਾਂ ਨੂੰ ਸਸਤੇ ਭਾਅ 'ਤੇ ਖਾਣ-ਪੀਣ ਦੀਆਂ ਵਸਤੂਆਂ ਦੇਣ ਦਾ ਪ੍ਰਬੰਧ ਕਰ ਦਿੱਤਾ। ਇਸ ਤਰ੍ਹਾਂ ਭੋਜਨ ਅੰਦੋਲਨ ਸਫਲਤਾਪੂਰਵਕ ਸਮਾਪਤ ਹੋਇਆ।



ਪਹਿਲੀ ਵਾਰ ਚੋਣਾਂ ਵਿੱਚ ਬਾਲੀ ਸਾਹਿਬ ਨੇ ਫਿਲੌਰ ਰਾਖਵੀਂ ਲੋਕ ਸਭਾ ਸੀਟ 1962 ਦੀਆਂ ਲੋਕ ਸਭਾ ਚੋਣਾਂ ਲੜੀਆਂ। ਬਾਲੀ ਸਾਹਿਬ ਨੇ 1 ਲੱਖ 64000 ਵੋਟਾਂ ਪ੍ਰਾਪਤ ਕੀਤੀਆਂ ਪਰ ਵਿਰੋਧੀ ਕਾਂਗਰਸੀ ਉਮੀਦਵਾਰ ਮਾਸਟਰ ਸਾਧੂ ਰਾਮ ਅਤੇ ਪ੍ਰਸ਼ਾਸ਼ਨ ਦੀ ਬੇਈਮਾਨੀ ਨਾਲ ਸ੍ਰੀ ਐਲ. ਆਰ. ਬਾਲੀ ਨੂੰ ਹਾਰਿਆ ਹੋਇਆ ਘੋਸ਼ਿਤ ਕਰ ਦਿੱਤਾ ਗਿਆ।

ਕਾਰੋਬਾਰ ਵੀ ਸਫਲ ਨਾ ਹੋਣ ਦਿੱਤਾ ਗਿਆ- 1962 ਵਿਚ ਫਿਲੌਰ ਪਾਰਲੀਮਾਨੀ ਚੋਣ ਹਾਰਨ ਤੋਂ ਬਾਅਦ ਬਾਲੀ ਸਾਹਿਬ ਦੇ ਘਰ ਦਾ ਗੁਜ਼ਾਰਾ ਦਿਨੋ-ਦਿਨ ਔਖਾ ਹੋ ਗਿਆ। ਕ੍ਰਿਸ਼ਨ ਕੁਮਾਰ ਬੋਧੀ ਬਹੁਤ ਸਾਰੀਆਂ ਚੀਜ਼ਾਂ ਬਣਾਉਣ ਵਿੱਚ ਬਹੁਤ ਨਿਪੁੰਨ ਸੀ। ਉਨ੍ਹਾਂ ਨਾਲ ਮਿਲ ਕੇ 'ਵਾਟਰਮੈਨ' ਨਾਂ ਹੇਠ ਬੂਟ ਪਾਲਿਸ਼ ਅਤੇ 'ਜੋਨਵਾਈਟ' ਨਾਂ ਹੇਠ ਲਿਖਣ ਵਾਲੀ ਸਿਆਹੀ ਬਨਾਉਣ ਦਾ ਕੰਮ ਆਰੰਭ ਕੀਤਾ। ਇਹਨਾਂ ਨਾਵਾਂ ਨਾਲ ਬਣੇ ਬੂਟ ਪਾਲਿਸ਼ ਬਾਕਸ ਅਤੇ ਲੇਬਲ ਪ੍ਰਾਪਤ ਕਰਕੇ ਤਿਆਰ ਮਾਲ ਵੇਚਣ ਲਈ ਏਜੰਟ ਨਿਯੁਕਤ ਕੀਤੇ। ਉਨ੍ਹਾਂ ਦੁਆਰਾ ਬਣਾਏ ਬੂਟ ਪਾਲਿਸ਼ ਅਤੇ ਸਿਆਹੀ ਦੀ ਮੰਗ ਦਿਨੋ-ਦਿਨ ਵਧਣ ਲੱਗੀ। ਕਰੀਬ ਇੱਕ ਸਾਲ ਬਾਅਦ ਜਦੋਂ ਦੁਕਾਨਦਾਰਾਂ ਨੂੰ ਪਤਾ ਲੱਗਾ ਕਿ ਬਾਲੀ ਸਾਹਿਬ ਅਤੇ ਉਨ੍ਹਾਂ ਦੇ ਸਾਥੀ ਦਲਿਤ ਵਰਗ ਨਾਲ ਸਬੰਧਤ ਹਨ ਤਾਂ ਉਨ੍ਹਾਂ ਨੇ ਆਪਣੀਆਂ ਦੁਕਾਨਾਂ ਵਿੱਚ ਪਿਆ ਬਾਕੀ ਸਾਮਾਨ ਵਾਪਸ ਕਰ ਦਿੱਤਾ ਅਤੇ ਪਹਿਲੀ ਰਕਮ ਵੀ ਨਹੀਂ ਦਿੱਤੀ। ਇਸ ਤਰ੍ਹਾਂ ਰੋਟੀ ਦਾ ਛੋਟਾ ਜਿਹਾ ਕਾਰੋਬਾਰ ਸ਼ੁਰੂ ਕੀਤਾ ਸੀ ਉਹ ਖਤਮ ਹੋ ਗਿਆ।

ਜ਼ਿਲ੍ਹਾ ਕਪੂਰਥਲਾ ਵਿੱਚ ਫਗਵਾੜਾ ਨੇੜੇ ਚੱਕ-ਹਕੀਮ ਵਿਖੇ ਮੁੱਖ ਮਾਰਗ ਉੱਪਰ 'ਤੇ ਸਥਿਤ ਗੁਰੂ ਰਵਿਦਾਸ ਜੀ ਦੇ ਨਾਂ 'ਤੇ ਬਣਿਆ ਪੁਰਾਤਨ ਮੰਦਰ ਹੈ। ਮੰਦਰ ਦੇ ਸੰਸਥਾਪਕ ਵੱਲੋਂ ਬਹੁਤ ਪੁਰਾਤਨ ਗ੍ਰੰਥ 'ਰਵਿਦਾਸ ਦੀਪ' ਵੀ ਪ੍ਰਕਾਸ਼ਿਤ ਕੀਤਾ ਗਿਆ ਹੈ। ਚੱਕ-ਹਕੀਮ ਦੇ ਇਸ ਮੰਦਿਰ ਵਿੱਚ ਜੂਨ ਵਿੱਚ ਬਹੁਤ ਵੱਡਾ ਮੇਲਾ ਲੱਗਦਾ ਹੈ।

ਅੰਬੇਡਕਰਵਾਦੀਆਂ ਨੇ 15-16 ਜੂਨ 1963 ਨੂੰ ਚੱਕ ਹਕੀਮ ਵਿਖੇ ਦੋ ਰੋਜ਼ਾ ਸੰਮੇਲਨ ਕੀਤਾ। ਪਹਿਲੇ ਦਿਨ ਰਿਪਬਲਿਕਨ ਕਾਨਫਰੰਸ ਅਤੇ ਦੂਜੇ ਦਿਨ ਧਰਮ ਪਰਿਵਰਤਨ ਕਾਨਫਰੰਸ 16 ਜੂਨ 1963 ਨੂੰ ਸ੍ਰੀ ਲਾਹੌਰੀ ਰਾਮ ਬਾਲੀ ਜੀ ਹਜ਼ਾਰਾਂ ਹੋਰ ਸਾਥੀਆਂ ਸਮੇਤ ਭੀਖੂ ਪ੍ਰਗਿਆਨੰਦ ਮਹਾਥੇਰੀ (ਬੁੱਧ ਵਿਹਾਰ ਰਿਸਾਲਦਾਰ ਪਾਰਕ ਲਖਨਊ) ਤੋਂ ਬੁੱਧ ਧਰਮ ਦੀ ਦੀਕਸ਼ਾ ਪ੍ਰਾਪਤ ਕੀਤੀ। ਇਨ੍ਹਾਂ ਨੇ ਆਪਣਾ ਧਰਮ ਬਦਲਣਾ ਹੀ ਸੀ ਕਿ ਕਾਂਗਰਸੀਆਂ ਦੇ ਨਾਲ-ਨਾਲ ਸਮੁੱਚੇ ਉੱਚ ਜਾਤੀ ਦੇ ਹਿੰਦੂ ਸਮਾਜ ਨੇ ਵੀ ਇਨ੍ਹਾਂ ਵਿਰੁੱਧ ਆਵਾਜ਼ ਉਠਾਉਣੀ ਸ਼ੁਰੂ ਕਰ ਦਿੱਤੀ।

ਚੱਕਹਕੀਮ ਦੇ ਪੁਰਾਤਨ ਗੁਰੂ ਰਵਿਦਾਸ ਮੰਦਿਰ ਨੂੰ ਮਹਾਰਾਜਾ ਕਪੂਰਥਲਾ ਨੇ 27 ਏਕੜ ਜ਼ਮੀਨ ਮੰਦਰ ਨੂੰ ਦਾਨ ਕੀਤੀ ਸੀ। ਕਾਂਗਰਸੀਆਂ ਸਾਧੂ ਰਾਮ ਐਮ.ਪੀ. ਦੇ ਇਸ਼ਾਰੇ 'ਤੇ ਬਾਲੀ ਸਾਹਿਬ ਖਿਲਾਫ ਮਾਮਲਾ ਦਰਜ ਕੀਤਾ ਗਿਆ ਸੀ ਜਿਸ ਵਿੱਚ ਦੋ ਵਿਸ਼ੇਸ਼ ਸ਼ਿਕਾਇਤਾਂ ਸਨ (1) ਐਲ. ਆਰ. ਬਾਲੀ ਅਤੇ ਉਸਦੇ ਸਾਥੀਆਂ ਦੇ ਪਰਿਵਾਰਾਂ ਨੂੰ ਬੋਧੀ ਬਣਨ ਕਾਰਨ ਅਨੁਸੂਚਿਤ ਜਾਤੀ ਦੇ ਲੋਕਾਂ ਨੂੰ ਮਿਲਣ ਵਾਲੀਆਂ ਸਹੂਲਤਾਂ, ਅਤੇ ਸੰਵਿਧਾਨਕ ਅਧਿਕਾਰਾਂ ਵਿੱਚੋਂ ਕੋਈ ਵੀ ਨਹੀਂ ਮਿਲਣਾ ਚਾਹੀਦਾ। (2) ਦੂਜੀ ਸ਼ਿਕਾਇਤ ਇਹ ਸੀ ਕਿ ਗੁਰੂ ਰਵਿਦਾਸ ਮੰਦਰ ਦੇ ਗੱਦੀਨਸ਼ੀਨ (ਮਹੰਤ) ਸ਼ਰਧਾ ਰਾਮ ਤੋਂ ਜ਼ਮੀਨ ਖੋਹ ਲੈਣੀ ਚਾਹੀਦੀ ਹੈ।

26 ਦਸੰਬਰ 1964 ਨੂੰ ਜਦੋਂ ਪੰਜਾਬ ਦੇ ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਜਲੰਧਰ ਆਏ ਤਾਂ ਅੰਦੋਲਨਕਾਰੀ ਔਰਤਾਂ ਨੇ ਗੁਰੀਲਾ ਢੰਗ ਨਾਲ ਉਨ੍ਹਾਂ 'ਤੇ ਹਮਲਾ ਕਰ ਦਿੱਤਾ। ਉਸ ਦੀ ਗਾਂਧੀ ਟੋਪੀ ਜ਼ਮੀਨ 'ਤੇ ਡਿੱਗ ਪਈ, ਪੁਲਿਸ ਦੇਖਦੀ ਰਹਿ ਗਈ। ਇਹ ਦਲੇਰੀ ਭਰਿਆ ਕਾਰਨਾਮਾ ਕੀਤਾ ਬੀਬੀ ਮਿਲਾਵੀ ਦੇਵੀ, ਤਾਜਪੁਰ ਦੀ ਬੀਬੀ ਬੰਤੀ, ਬੀਬੀ ਰਾਓ ਪਤਨੀ ਸੇਠ ਮੇਲਾ ਰਾਮ 'ਰਿਖੀ', ਬੀਬੀ ਪ੍ਰਕਾਸ਼ ਕੌਰ, ਬੀਬੀ ਦਰਸੋ, ਬੀਬੀ ਜੈ ਕੌਰ, ਅਜੀਤ ਬਾਲੀ, ਬੀਬੀ ਭੋਲੀ, ਪ੍ਰਕਾਸ਼ (ਸ਼ਹੀਦ ਰਾਮ ਪ੍ਰਕਾਸ਼ ਦੀ ਪਤਨੀ)। ਪੁਲਸ ਨੇ ਉਕਤ ਸਾਰੀਆਂ ਔਰਤਾਂ ਨੂੰ ਗ੍ਰਿਫਤਾਰ ਕਰ ਲਿਆ। ਜਦੋਂ ਪੁਲਿਸ ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਪਤਨੀ ਅਜੀਤ ਬਾਲੀ ਨੂੰ ਲੈ ਕੇ ਜਾਣ ਲੱਗੀ ਤਾਂ ਉਸ ਨੇ ਕਿਹਾ 'ਛੋਟੇ ਬੱਚਿਆਂ ਨੂੰ ਮੈਂ ਕਿੱਥੇ ਛੱਡਾਂਗੀ, ਉਨ੍ਹਾਂ ਨੇ ਮੇਰੇ ਨਾਲ ਜਾਣਾ ਹੈ। ਇਸ ਤਰ੍ਹਾਂ ਉਨ੍ਹਾਂ ਦਾ ਬੇਟਾ ਰਾਹੁਲ ਜੋ ਸਿਰਫ 3 ਸਾਲ ਦਾ ਸੀ ਅਤੇ ਬੇਟੀ ਸੁਜਾਤਾ ਨੂੰ ਵੀ ਗ੍ਰਿਫ਼ਤਾਰ ਕਰਕੇ ਜੇਲ੍ਹ ਭੇਜ ਦਿੱਤਾ ਗਿਆ। ਔਰਤਾਂ ਨੇ ਜੇਲ੍ਹ ਵਿੱਚ ਬਾਬਾ ਸਾਹਿਬ ਦੀ ਉਪਮਾ ਦੇ ਗੀਤ ਗਾਏ, ਭੰਗੜੇ ਪਾਏ ਅਤੇ ਸਰਕਾਰ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਜਦੋਂ ਸਰਕਾਰ ਨੇ ਦੇਖਿਆ ਕਿ ਬਾਲੀ ਦਾ ਪਰਿਵਾਰ ਜੇਲ੍ਹ ਵਿੱਚ ਉਸ ਦੇ ਨਾਲ ਹੈ ਤਾਂ ਉਨ੍ਹਾਂ ਪਤਨੀ ਅਤੇ ਹੋਰ ਸੱਤਿਆ-ਗ੍ਰਹਿਆਂ ਨੂੰ ਲੁਧਿਆਣਾ ਜੇਲ੍ਹ ਭੇਜ ਦਿੱਤਾ ਗਿਆ। ਸੱਤਿਆਗ੍ਰਹਿ ਬਾਲੀ ਸਾਹਿਬ ਦੇ ਬੇਟੇ ਰਾਹੁਲ ਨੂੰ ਖਿਡਾਉਣ ਲਈ ਲੈ ਜਾਂਦੇ ਸਨ। ਆਖਿਰ ਸਰਕਾਰ ਨੇ ਮੰਗਾਂ ਮੰਨ ਕੇ ਸੱਤਿਆਗ੍ਰਹਿਆਂ ਦੀ ਰਿਹਾਈ ਦਾ ਕੰਮ ਸ਼ੁਰੂ ਕਰ ਦਿੱਤਾ। ਬਾਲੀ ਸਾਹਿਬ ਅਤੇ ਉਨ੍ਹਾਂ ਦੇ ਸਾਰੇ ਸਾਥੀ 11 ਫਰਵਰੀ 1965 ਨੂੰ ਰਿਹਾਅ ਹੋਏ। ਉਨ੍ਹਾਂ ਦੇ ਸਵਾਗਤ ਲਈ ਹਜ਼ਾਰਾਂ ਦੀ ਗਿਣਤੀ ਵਿੱਚ ਲੋਕ ਜੇਲ੍ਹ ਦੇ ਬਾਹਰ ਇਕੱਠੇ ਹੋਏ। ਵਿਸ਼ਾਲ ਜਲੂਸ ਕੱਢਿਆ ਗਿਆ। ਔਰਤਾਂ ਨੂੰ ਕੁਝ ਦਿਨਾਂ ਬਾਅਦ ਰਿਹਾਅ ਕੀਤਾ ਗਿਆ। ਉਹਨਾਂ ਦਾ ਲੁਧਿਆਣਾ ਅਤੇ ਜਲੰਧਰ ਦੋਵਾਂ ਥਾਵਾਂ 'ਤੇ ਸ਼ਾਨਦਾਰ ਸਵਾਗਤ ਕੀਤਾ ਗਿਆ। 'ਰਿਪਬਲਿਕਨ ਪਾਰਟੀ ਆਫ ਇੰਡੀਆ' ਵੱਲੋਂ ਲਗਾਏ ਗਏ ਦੇਸ਼ ਵਿਆਪੀ ਮੋਰਚੇ ਦੇ ਨਤੀਜਾ ਇਹ ਨਿਕਲਿਆ ਕਿ ਸਰਕਾਰ ਨੇ ਚੰਗੀਆਂ ਨੀਤੀਆਂ ਬਣਾਉਣ ਦਾ ਕੰਮ ਆਰੰਭ ਕਰ ਦਿੱਤਾ।

**ਭੂਮੀ ਸੁਧਾਰ ਨਾ ਕਰਨ ਦੀ ਮੰਗ ਪੰਜਾਬ ਸਰਕਾਰ ਜਦੋਂ ਨਾ ਮੰਨੀ"-** 15 ਜੂਨ 1964 ਨੂੰ 80 ਸਾਇਕਲ ਸਵਾਰ ਰਿਪਬਲਿਕਨ ਪਾਰਟੀ ਦੇ ਸਿਪਾਹੀਆਂ ਦਾ ਜਥਾ ਸ੍ਰੀ ਲਾਹੌਰੀ ਰਾਮ ਬਾਲੀ ਦੀ ਅਗਵਾਈ ਵਿਚ ਦਿੱਲੀ ਲਈ ਰਵਾਨਾ ਹੋਇਆ ਹੈ। ਇਸ ਜੱਥੇ ਵਿੱਚ ਚਰਨ ਦਾਸ ਨਿਧੜਕ ਬਿਹਾਰੀ ਲਾਲ ਖ਼ਾਰ ਅਤੇ ਹੋਰ ਉੱਘੇ ਆਗੂ ਸਨ। ਜਥੇ ਨੇ ਲਾਲ ਬਹਾਦਰ ਸ਼ਾਸਤਰੀ ਦੀ ਕੋਠੀ ਮੂਹਰੇ ਮਰਨ ਵਰਤ ਰੱਖ ਦਿੱਤਾ। ਪਾਰਟੀ ਦੇ ਇਸ ਅੰਦੋਲਨ ਦੀ ਬਹੁਤ ਚਰਚਾ ਹੋਈ। ਬਾਅਦ ਵਿੱਚ ਸ੍ਰੀ ਲਾਹੌਰੀ ਰਾਮ ਬਾਲੀ ਦੀ ਅਗਵਾਈ ਵਿਚ ਡਾ. ਰਾਮ ਮਨੋਹਰ ਲੋਹੀਆ ਰਾਹੀਂ ਗੱਲਬਾਤ ਕਰਨ ਤੋਂ ਬਾਅਦ ਭੂਮੀ ਸੁਧਾਰ ਦੀ ਮੰਗ ਮੰਨੀ ਗਈ। 6 ਜੁਲਾਈ 1964 ਨੂੰ ਪੰਜਾਬ ਸਰਕਾਰ ਦੇ ਮੁੱਖ ਮੰਤਰੀ ਕਾਮਰੇਡ ਰਾਮ ਕਿਸ਼ਨ ਨੇ ਐਲਾਨ ਕੀਤਾ ਕਿ ਬੇਆਬਾਦ ਭੂਮੀ ਅਨੁਸੂਚਿਤ ਜਾਤੀਆਂ ਨੂੰ ਵੰਡੀ ਜਾਵੇ। ਇਸ ਤਰਾਂ ਮੋਰਚੇ ਦੀ ਜਿੱਤ ਹੋਈ। ਸਮਤਾ ਸੈਨਿਕ ਦਲ ਨਾਲ ਬਾਲੀ ਸਾਹਿਬ ਦਾ ਸ਼ੁਰੂ ਤੋਂ ਲੈ ਕੇ ਹੁਣ ਤੱਕ ਅਥਾਹ ਪ੍ਰੇਮ ਰਿਹਾ।

**ਜਲੰਧਰ ਵਿੱਚ ਅੰਬੇਡਕਰ ਭਵਨ ਦੀ ਉਸਾਰੀ –**

ਪੰਜਾਬ, ਖਾਸ ਕਰਕੇ ਇਸ ਦਾ ਦੁਆਬਾ ਹਿੱਸਾ (ਸਤਲੁਜ ਦਰਿਆ ਅਤੇ ਬਿਆਸ ਦਰਿਆ ਦੇ ਵਿਚਕਾਰ ਦਾ ਇਲਾਕਾ) ਅੰਬੇਡਕਰੀ ਲਹਿਰ ਦਾ ਗੜ੍ਹ ਰਿਹਾ ਹੈ, ਪਰ ਪੰਜਾਬ ਵਿੱਚ ਅਜਿਹੀ ਕੋਈ ਥਾਂ ਨਹੀਂ ਸੀ ਜਿੱਥੋਂ ਅੰਬੇਡਕਰ ਮਿਸ਼ਨ ਦੀਆਂ ਸਰਗਰਮੀਆਂ ਚਲਾਈਆਂ ਜਾ ਸਕਦੀਆਂ। ਇਸ ਲਈ ਉਨ੍ਹਾਂ ਦੀ ਪਹਿਲਕਦਮੀ ਨਾਲ ਜਲੰਧਰ ਵਿੱਚ ਡਾ. ਅੰਬੇਡਕਰ ਭਵਨ ਬਣਾਉਣ ਦਾ ਫੈਸਲਾ ਕੀਤਾ ਗਿਆ।ਇਸ ਮਕਸਦ ਲਈ ਇੱਕ ਕਮੇਟੀ ਬਣਾਈ ਗਈ। ਸੇਠ ਕਰਮਚੰਦ ਬਾਠ ਨੂੰ ਇਸ ਦਾ ਖਜ਼ਾਨਚੀ ਬਣਾਇਆ ਗਿਆ। ਅੰਬੇਡਕਰ ਭਵਨ ਦੀ ਉਸਾਰੀ ਲਈ ਭੀਮ ਪੱਤ੍ਰਕਾ ਵਿੱਚ ਜ਼ੋਰਦਾਰ ਮੁਹਿੰਮ ਚਲਾਈ ਗਈ। ਕਰਮਚੰਦ ਬਾਠ ਅਤੇ ਬਾਲੀ ਸਾਹਿਬ ਨੇ ਸਾਈਕਲਾਂ 'ਤੇ ਸਵਾਰ ਹੋ ਕੇ ਪਿੰਡ ਘੁੰਮ ਕੇ ਇਕ-ਇਕ ਰੁਪਿਆ ਇਕੱਠਾ ਕੀਤਾ। 31 ਅਕਤੂਬਰ 1963 ਤੱਕ 3461 ਰੁਪਏ ਇਕੱਠੇ ਕੀਤੇ। 1963 ਵਿੱਚ ਇਹ ਇੱਕ ਵੱਡੀ ਰਾਸ਼ੀ ਸੀ। 3 ਕਨਾਲ ਜ਼ਮੀਨ ਗੁਪਤਾ ਐਂਡ ਕੰਪਨੀ, ਜਲੰਧਰ ਤੋਂ 20 ਅਪ੍ਰੈਲ 1964 ਨੂੰ ਖਰੀਦੀ ਗਈ। ਬਾਅਦ ਵਿੱਚ ਹੋਰ ਜ਼ਮੀਨ ਖਰੀਦੀ ਗਈ। ਇਸ ਤਰ੍ਹਾਂ ਮੌਜੂਦਾ ਅੰਬੇਡਕਰ ਭਵਨ 6 ਕਨਾਲ ਜ਼ਮੀਨ ਨਕੋਦਰ ਰੋਡ (ਹੁਣ ਡਾ. ਅੰਬੇਡਕਰ ਰੋਡ) ਜਲੰਧਰ ਵਿਖੇ ਸਥਿਤ ਹੈ। ਇਸ ਇਮਾਰਤ ਦੇ ਦੋ ਹਾਲ ਹਨ। ਵੱਡੇ ਹਾਲ ਵਿੱਚ ਇੱਕ ਹਜ਼ਾਰ ਵਿਅਕਤੀ ਬੈਠ ਸਕਦੇ ਹਨ, ਇਮਾਰਤ ਵਿੱਚ ਇੱਕ ਲਾਇਬ੍ਰੇਰੀ ਹੈ। ਇੱਕ ਵੱਡੀ ਇਮਾਰਤ ਵਿੱਚ ਇੱਕ ਰਸੋਈ, 6 ਕਮਰੇ ਅਤੇ ਇੱਕ ਟਿਊਬਵੈੱਲ ਹੈ। ਇਸ ਸਮੇਂ ਪ੍ਰਬੰਧਕ ਨਿਰਮਲ ਇਸ ਇਮਾਰਤ ਦੀ ਦੇਖ-ਰੇਖ ਕਰ ਰਹੇ ਹਨ। ਇਮਾਰਤ ਦੀ ਉਸਾਰੀ ਵਿੱਚ ਉਨ੍ਹਾਂ ਨੂੰ ਬਹੁਤ ਮਿਹਨਤ ਅਤੇ ਬਹੁਤ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ। ਅੰਬੇਡਕਰ ਭਵਨ ਦੀ ਜ਼ਮੀਨ ਬਾਲੀ ਸਾਹਿਬ ਅਤੇ ਕਰਮਚੰਦ ਬਾਠ ਦੇ ਨਾਂ ਰਜਿਸਟਰਡ ਸੀ, ਇਨ੍ਹਾਂ ਨੇ 16 ਜੂਨ 1972 ਨੂੰ ਟਰੱਸਟ ਰਜਿਸਟਰਡ ਕਰਵਾ ਕੇ 6 ਕਨਾਲ ਜ਼ਮੀਨ ਅਤੇ ਬੈਂਕ ਦੀਆਂ ਜਮ੍ਹਾਂ ਰਕਮਾਂ ਟਰੱਸਟ ਨੂੰ ਸੌਂਪ ਦਿੱਤੀਆਂ। ਰਜਿਸਟਰੀ ਕਰਵਾਉਣ ਸਮੇਂ ਟਰੱਸਟ, ਇਸ ਦੇ ਮੈਂਬਰਾਂ ਨਾਮ ਹੇਠ ਲਿਖੇ ਅਨੁਸਾਰ ਸਨ।

1. ਸਰਵ ਸ਼੍ਰੀ ਐੱਲ. ਆਰ. ਬਾਲੀ 2. ਡਾ: ਰਾਮ ਦਾਸ ਨਰ 'ਮਨਸੂਰ' (ਮਰਹੂਮ) 3. ਭਗਵਾਨ ਦਾਸ (ਮਰਹੂਮ) 4. ਕਰਮਚੰਦ ਬਾਠ (ਮਰਹੂਮ) 5. ਕ੍ਰਿਸ਼ਨ ਕੁਮਾਰ ਬੋਧੀ (ਮਰਹੂਮ) 6. ਰਵਿਦੱਤ ਸ਼ੀਨਮਾਰ (ਪਰਸਰਾਮਪੁਰ) (ਮਰਹੂਮ) 7. ਕਰਮ ਚੰਦ ਸ਼ਿੰਮਾਰ (ਮਰਹੂਮ) 8. ਮੋਹਨ ਲਾਲ (ਅੰਮ੍ਰਿਤਸਰ, ਹਾਲ ਦਿੱਲੀ ) (ਮਰਹੂਮ) 9 ਆਰ. ਸੀ. ਪਾਲ (ਮਰਹੂਮ) 10. ਆਰ. ਸੀ. ਸੰਗਰ। ਬਾਅਦ ਵਿੱਚ ਸਰਵ ਸ਼੍ਰੀ ਡਾ: ਜੀ. ਸੀ. ਕੌਲ, ਡਾ: ਆਰ. ਐਲ. ਜੱਸੀ, ਆਰ.ਪੀ.ਐਸ. ਪਵਾਰ, ਬਰੱਖਾ ਰਾਮ, ਨਸੀਬ ਚੰਦ, ਕੇ.ਸੀ. ਸੁਲੇਖ, ਡਾ: ਸੁਰਿੰਦਰ 'ਅਜਨਾਤ' ਅਤੇ ਜੀ.ਐਸ. ਬੱਲ ਨੂੰ ਟਰੱਸਟੀ ਵਜੋਂ ਲਿਆ ਗਿਆ। ਫਿਰ ਬਾਅਦ ਵਿੱਚ ਸੋਹਨ ਲਾਲ, ਬਲਦੇਵ ਰਾਜ ਭਾਰਦਵਾਜ, ਤਰਸੇਮ ਸਾਗਰ ਅਤੇ ਡਾ: ਰਾਹੁਲ ਨੂੰ ਟਰੱਸਟੀ ਵਜੋਂ ਲਿਆ ਗਿਆ।

**ਡਾ. ਅੰਬੇਡਕਰ ਜੀ ਦਾ ਸ਼ਤਾਬਦੀ ਵਰ੍ਹਾ ਮਨਾਉਣਾ-**

ਡਾ. ਬੀ. ਆਰ. ਅੰਬੇਡਕਰ ਜੀ ਦਾ ਸ਼ਤਾਬਦੀ ਵਰ੍ਹਾ 14 ਅਪ੍ਰੈਲ 1991 ਨੂੰ ਭਾਰਤ ਸਰਕਾਰ ਵੱਲੋਂ ਪੂਰੇ ਭਾਰਤ ਅਤੇ ਰਾਸ਼ਟਰੀ ਪੱਧਰ ਤੇ ਮਨਾਏ ਜਾਣ ਲਈ ਰਾਸ਼ਟਰੀ ਸੰਮਿਤੀ ਦਾ ਗਠਨ ਕੀਤਾ ਗਿਆ ਸੀ। ਪੂਰੇ ਭਾਰਤ ਵਿੱਚੋਂ ਕੇਵਲ 144 ਨਾਮਵਰ ਸ਼ਖ਼ਸੀਅਤਾਂ ਦੀ ਚੋਣ ਕੀਤੀ ਗਈ ਸੀ। ਜਿਨ੍ਹਾਂ ਵਿੱਚ ਪ੍ਰਮੁੱਖ ਸ਼੍ਰੀ ਵਿਸ਼ਵਨਾਥ ਪ੍ਰਤਾਪ ਸਿੰਘ ਪ੍ਰਧਾਨ ਮੰਤਰੀ ਭਾਰਤ ਸਰਕਾਰ, ਸ੍ਰੀ ਰਾਮ ਵਿਲਾਸ ਪਾਸਵਾਨ ਕਿਰਤ ਦੀ ਕਲਿਆਣ ਮੰਤਰੀ, ਸ੍ਰੀ ਮਤੀ ਸਵਿਤਾ ਅੰਬੇਡਕਰ (ਸੁਪਤਨੀ ਬਾਬਾ ਸਾਹਿਬ ਅੰਬੇਡਕਰ) ਅਤੇ ਪੰਜਾਬ ਸ੍ਰੀ ਲਾਹੌਰੀ ਰਾਮ ਬਾਲੀ ਪ੍ਰਮੁੱਖ ਸਨ। ਸੰਮਤੀ ਦੀ ਪਹਿਲੀ ਮੀਟਿੰਗ ਪਾਰਲੀਮੈਂਟ ਅਨੈਕਸ ਵਿੱਚ 21 ਜੂਨ 1990 ਨੂੰ ਬੁਲਾਈ ਗਈ। ਇੱਥੇ ਬੁਲਾਈ ਮੀਟਿੰਗ ਪਾਰਲੀਮੈਂਟ ਦੀ ਤਰਜ਼ ਤੇ ਚਲਦੀ ਹੈ। ਸੱਤ ਘੰਟੇ ਚੱਲੀ ਮੀਟਿੰਗ ਵਿੱਚ ਪ੍ਰਧਾਨ ਮੰਤਰੀ ਛੇ ਘੰਟੇ ਤੱਕ ਰਹੇ। ਸ੍ਰੀ ਰਾਜੀਵ ਗਾਂਧੀ ਕਾਂਗਰਸ, ਸ੍ਰੀ ਲਾਲ ਕ੍ਰਿਸ਼ਨ ਅਡਵਾਨੀ ਭਾਜਪਾ ਅਤੇ ਸ੍ਰੀ ਇੰਦਰਜੀਤ ਗੁਪਤ (ਕਾ ਪਾ ਇੰਡੀਆ) ਵਿਸ਼ੇਸ਼ ਤੌਰ ਤੇ ਹਾਜਰ ਸਨ। ਪ੍ਰਧਾਨ ਮੰਤਰੀ ਨੇ ਡਾ. ਅੰਬੇਡਕਰ ਸ਼ਤਾਬਦੀ ਵਰ੍ਹੇ ਨੂੰ "ਸਮਾਜਿਕ ਨਿਆਂ ਵਰ੍ਹਾ" ਦੇ ਰੂਪ ਵਿੱਚ ਮਨਾਉਣ ਦੀ ਘੋਸ਼ਣਾ ਕੀਤੀ।

ਮੀਟਿੰਗ ਵਿੱਚ ਜਦੋਂ ਰਾਜੀਵ ਗਾਂਧੀ ਅਤੇ ਲਾਲ ਕ੍ਰਿਸ਼ਨ ਅਡਵਾਨੀ ਨੇ ਅਨੁਸੂਚਿਤ ਜਾਤੀਆਂ ਨੂੰ ਦਿੱਤੀ ਜਾਣ ਵਾਲੀ ਰਿਜ਼ਰਵੇਸ਼ਨ ਦਾ ਵਿਰੋਧ ਕੀਤਾ ਤਾਂ ਬਾਲੀ ਸਾਹਿਬ ਨੇ ਮੀਟਿੰਗ ਵਿੱਚ ਪਾਣੀ ਪਿਲਾਉਂਦੇ ਸੇਵਾਦਾਰ ਹੱਥ ਰੁੱਕਾ ਭੇਜ ਕੇ ਪ੍ਰਧਾਨ ਮੰਤਰੀ ਤੋਂ ਵਿਚਾਰ ਪ੍ਰਗਟ ਕਰਨ ਦਾ ਸਮਾਂ ਮੰਗਿਆ। ਉਸ ਮੀਟਿੰਗ ਵਿੱਚ ਸ੍ਰੀ ਲਾਹੌਰੀ ਰਾਮ ਬਾਲੀ ਨੇ ਆਪਣੇ ਧੂਆਂ-ਧਾਰ ਭਾਸ਼ਨ ਦੁਆਰਾ ਹਾਜ਼ਰੀਨ ਨੂੰ ਸੋਚਣ ਲਈ ਮਜਬੂਰ ਕਰ ਦਿੱਤਾ। ਇਸ ਪ੍ਰਕਾਰ ਇਸ ਰਾਸ਼ਟਰੀ ਸੰਮਤੀ ਨੂੰ ਅੱਗੇ ਛੋਟੀਆਂ ਛੋਟੀਆਂ ਸਭ ਕਮੇਟੀਆਂ ਵਿੱਚ ਵੰਡ ਦਿੱਤਾ ਗਿਆ। ਲਾਹੌਰੀ ਰਾਮ ਬਾਲੀ ਨੂੰ ਇਸ ਵਿਚ ਵਿਜ਼ੂਅਲ ਅਤੇ ਪਬਲੀਸਿਟੀ ਸਬ ਕਮੇਟੀ ਦਾ ਮੈਂਬਰ ਥਾਪਿਆ ਗਿਆ। ਬਾਅਦ ਵਿਚ ਆਪ ਨੇ ਉਪ ਸੰਮਤੀ ਬੈਠਕ ਬੁਲਾ ਕੇ ਉਸ ਵਿਚ ਬਾਕੀ ਮੈਂਬਰਾਂ ਦਾ ਸਹਿਯੋਗ ਲੈ ਕੇ ਬਾਬਾ ਸਾਹਿਬ ਤੇ ਇਕ ਫ਼ਿਲਮ ਅਤੇ ਸਾਹਿਤ

**(ਬਾਕੀ ਅਗਲੇ ਸਫੇ 'ਤੇ)**

# ਬਾਲੀ ਜੀ ਦੇ ਵਿਚਾਰਾਂ ਤੋਂ ਨੌਜਵਾਨਾਂ ਨੂੰ ਸੇਧ ਲੈਣ ਦੀ ਲੋੜ : ਪ੍ਰੋ. ਰੌਣਕੀ ਰਾਮ

## ਬਾਲੀ ਜੀ ਦੇ ਵਿਚਾਰਾਂ ਨੂੰ ਅਮਲੀ ਜਾਮਾ ਪਹਿਨਾਉਣਾ ਹੀ ਸੱਚੀ ਸ਼ਰਧਾਂਜਲੀ: ਪ੍ਰੋ. ਕੌਲ

**ਜਲੰਧਰ–** ਅੰਬੇਡਕਰ ਭਵਨ ਟਰੱਸਟ (ਰਜਿ.) ਜਲੰਧਰ ਦੇ ਵਿੱਤ ਸਕੱਤਰ ਬਲਦੇਵ ਰਾਜ ਭਾਰਦਵਾਜ ਨੇ ਪ੍ਰੈਸ ਬਿਆਨ ਜਾਰੀ ਕਰਦਿਆਂ ਦੱਸਿਆ ਕਿ ਬਾਬਾ ਸਾਹਿਬ ਡਾ. ਅੰਬੇਡਕਰ ਦੇ ਵਿਚਾਰਾਂ ਦੇ ਧਾਰਨੀ ਅਤੇ ਉਨ੍ਹਾਂ ਦੇ ਵਿਚਾਰਾਂ ਨੂੰ ਲੋਕਾਂ ਤਕ ਪਹੁੰਚਾਉਣ ਲਈ ਸੌ ਤੋਂ ਵੱਧ ਕਿਤਾਬਾਂ ਲਿਖਣ ਵਾਲੇ ਲਾਹੌਰੀ ਰਾਮ ਬਾਲੀ ਜੀ ਦਾ ਸ਼ਰਧਾਂਜਲੀ ਸਮਾਗਮ ਭਿਕਸ਼ੂ ਸੰਘ ਦੁਆਰਾ ਤ੍ਰਿਸ਼ਰਣ, ਪੰਚਸ਼ੀਲ ਅਤੇ ਪ੍ਰਵਚਨਾਂ ਨਾਲ ਅੰਬੇਡਕਰ ਭਵਨ ਵਿਖੇ ਬੁੱਧ ਰੀਤੀ ਰਾਹੀਂ ਕੀਤਾ ਗਿਆ, ਜਿਸ ਵਿਚ ਸਭ ਤੋਂ ਪਹਿਲਾਂ ਪ੍ਰੋ. ਜੀ ਸੀ ਕੌਲ ਹੋਰਾਂ ਨੇ ਬਾਲੀ ਜੀ ਦੇ ਜੀਵਨ ਪੰਧ ਉੱਪਰ ਚਾਨਣਾ ਪਾਉਂਦਿਆਂ ਦੱਸਿਆ ਕਿ ਜਿਹੋ ਜੇਹਾ ਜੀਵਨ ਉਨ੍ਹਾਂ ਜੀਵਿਆ, ਉਹ ਵਿਰਲੇ ਹੀ ਲੋਕਾਂ ਨੂੰ ਨਸੀਬ ਹੁੰਦਾ ਹੈ. ਪ੍ਰੋਫੈਸਰ ਕੌਲ ਨੇ ਕਿਹਾ ਕਿ ਜੋ ਬਾਲੀ ਜੀ ਨੇ ਬਾਬਾ ਸਾਹਿਬ ਨੂੰ ਕੌਲ ਦਿੱਤਾ ਸੀ ਕਿ ਉਨ੍ਹਾਂ ਦੇ ਵਿਚਾਰਾਂ ਦਾ ਫੈਲਾਅ ਆਮ ਲੋਕਾਂ ਤੱਕ ਪਹੁੰਚਾਇਆ ਜਾਵੇਗਾ, ਉਨ੍ਹਾਂ ਕਰ ਦਿਖਾਇਆ. ਇਸ ਮੌਕੇ ਪੰਜਾਬ ਪ੍ਰੈਸ ਕਲੱਬ ਦੇ ਪ੍ਰਧਾਨ ਸਤਨਾਮ ਸਿੰਘ ਮਾਣਕ ਨੇ ਆਪਣੇ ਸੰਬੋਧਨ 'ਚ ਆਖਿਆ ਕਿ ਮੈਨੂੰ ਜਦੋਂ ਜਦੋਂ ਵੀ ਕਿਸੇ ਕਿਤਾਬ ਦੀ ਲੋੜ ਪੈਣੀ ਤਾਂ ਬਾਲੀ ਜੀ ਨੇ ਮੇਰੇ ਦਫਤਰ ਪਹੁੰਚਾ ਦੇਣੀ. ਮਾਣਕ ਜੀ ਨੇ ਅੱਗੇ ਬੋਲਦਿਆਂ ਆਖਿਆ ਕਿ ਬਾਲੀ ਜੀ ਦੇ ਵਿਚਾਰਾਂ ਨੂੰ ਲੋਕਾਂ ਤੱਕ ਪਹੁੰਚਾਉਣ ਲਈ ਸਾਨੂੰ ਵੱਧ ਤੋਂ ਵੱਧ ਹੰਭਲੇ ਮਾਰਨ ਦੀ ਜਰੂਰਤ ਹੈ. ਉਨ੍ਹਾਂ ਆਖਿਆ ਕਿ ਬਾਲੀ ਹੋਰਾਂ ਦੇ ਰਿਸ਼ਤੇ ਅਜੀਤ ਗਰੁੱਪ ਦੇ ਬਾਨੀ ਸ. ਸਾਧੂ ਸਿੰਘ ਹਮਦਰਦ ਹੋਰਾਂ ਨਾਲ ਬੜੇ ਸਦਭਾਵ ਵਾਲੇ ਰਹੇ ਹਨ. ਸ਼ਹੀਦ ਭਗਤ ਸਿੰਘ ਚੇਅਰ, ਪੰਜਾਬ ਯੂਨੀਵਰਸਿਟੀ ਦੇ ਮੁਖੀ ਪ੍ਰੋ. ਰੌਣਕੀ ਰਾਮ ਨੇ ਨੌਜਵਾਨ ਪੀੜੀ ਨੂੰ ਬਾਲੀ ਜੀ ਦੇ ਵਿਚਾਰਾਂ ਤੋਂ ਸੇਧ ਲੈਣ ਤੇ ਜ਼ੋਰ ਦਿੱਤਾ. ਇਸ ਮੌਕੇ ਐਸ. ਸੀ. ਕਮਿਸ਼ਨ ਦੇ ਰਾਸ਼ਟਰੀ ਚੇਅਰਮੈਨ ਅਤੇ ਸਾਬਕਾ ਕੇਂਦਰੀ ਰਾਜ ਮੰਤਰੀ ਵਿਜੈ ਸਾਂਪਲਾ ਨੇ ਕਿਹਾ ਕਿ ਬਾਲੀ ਜੀ ਮੇਰੇ ਪਿੰਡ 'ਸੋਫੀ ਪਿੰਡ' ਨੂੰ ਮਾਸਕੋ ਕਹਿੰਦੇ ਸਨ. ਉਨ੍ਹਾਂ ਬਾਬਾ ਸਾਹਿਬ ਦੇ ਪੈਰੋਕਾਰ ਹੋਣ ਦਾ ਜੋ ਨਿਵੇਕਲਾ ਸਬੂਤ ਦਿੱਤਾ, ਉਹ ਸ਼ਲਾਘਾਯੋਗ ਸੀ. ਸਾਂਪਲਾ ਨੇ ਕਿਹਾ ਕਿ ਅਸੀਂ ਸਿਆਸੀ ਲੋਕ ਜਿਹੜੀ ਵੀ ਪਾਰਟੀ 'ਚ ਹੋਈਏ, ਜਿਹੜੇ ਵੀ ਧੜੇ ਨਾਲ ਸੰਬੰਧ ਰੱਖਦੇ ਹੋਈਏ, ਕੋਈ ਮਾਇਨੇ ਨਹੀਂ ਰੱਖਦਾ, ਜਿਥੇ ਬਾਬਾ ਸਾਹਿਬ ਦੇ ਵਿਚਾਰਾਂ ਦੀ ਗੱਲ ਚਲਦੀ ਹੋਵੇ ਸਾਡੇ ਲਈ ਉਹ ਸਥਾਨ ਅਤੇ ਸੰਸਥਾ ਵਧੇਰੇ ਮਹੱਤਵਪੂਰਨ ਹਨ. ਬਾਬਾ ਸਾਹਿਬ ਦੇ ਵਿਚਾਰਾਂ ਦੀ ਪ੍ਰੋੜਤਾ ਲਈ ਅਸੀਂ ਕੋਈ ਕਸਰ ਬਾਕੀ ਨਹੀਂ ਛੱਡਾਂਗੇ. ਕਾਂਗਰਸ ਦੇ ਸੀਨੀਅਰ ਆਗੂ ਸ਼ਮਸ਼ੇਰ ਸਿੰਘ ਦੂਲੋ ਨੇ ਵੀ ਆਪਣੇ ਵਿਚਾਰਾਂ 'ਚ ਜਿਥੇ ਬਾਲੀ ਸਾਹਿਬ ਨਾਲ ਆਪਣੀ ਮਿਲਵਰਤਣ ਦੇ ਅਨੇਕ ਪੱਖਾਂ ਨੂੰ ਛੋਹਿਆ, ਉਹ ਵੀ ਸ਼ਲਾਘਾਯੋਗ ਸੀ. ਦੂਲੋ ਨੇ ਕਿਹਾ ਕਿ ਬਾਬਾ ਸਾਹਿਬ ਦੇ ਵਿਚਾਰਾਂ ਨੂੰ ਜਿਵੇਂ ਬਾਲੀ ਸਾਹਿਬ ਨੇ ਨੇੜਿਓਂ ਤੱਕਿਆ ਅਤੇ ਉਨ੍ਹਾਂ ਨੂੰ ਇੱਕ ਅੰਦੋਲਨ ਦਾ ਰੂਪ ਦਿੱਤਾ, ਉਵੇਂ ਹੀ ਸਾਨੂੰ ਵੀ ਵਧੇਰੇ ਕੁਝ ਕਰਨਾ ਹੋਵੇਗਾ. ਬਾਲੀ ਜੀ ਨੇ ਜੋ ਜੋ ਵਾਅਦੇ ਬਾਬਾ ਸਾਹਿਬ ਨਾਲ ਕੀਤੇ ਸਨ, ਉਨ੍ਹਾਂ ਨੂੰ ਬਾਖੂਬੀ ਨੇਪਰੇ ਚਾੜ੍ਹਿਆ. ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਪਵਨ ਟੀਨੂੰ ਵੀ ਸ਼ਾਮਿਲ ਹੋਏ ਅਤੇ ਉਨ੍ਹਾਂ ਆਪਣੇ ਸੰਬੋਧਨ 'ਚ ਭਾਵਪੂਰਨ ਤਰੀਕੇ ਨਾਲ ਬਾਲੀ ਜੀ ਨੂੰ ਉਹ ਰਾਹ-ਦਸੇਰਾ ਦੱਸਿਆ ਜਿਨ੍ਹਾਂ ਦੀ ਸਮੇਂ ਨੂੰ ਲੋੜ ਸੀ. ਟੀਨੂੰ ਨੇ ਆਖਿਆ ਕਿ ਅਸੀਂ ਕਈ ਵਾਰ ਬਾਲੀ ਜੀ ਤੋਂ ਸਲਾਹ-ਮਸ਼ਵਰੇ ਲੈ ਕੇ ਕੌਮ ਦੇ ਕੰਮਾਂ ਨੂੰ ਨੇਪਰੇ ਚਾੜ੍ਹਦੇ ਰਹੇ ਹਾਂ. ਉਨ੍ਹਾਂ ਕਿਹਾ ਕਿ ਸਾਨੂੰ ਬਾਲੀ ਜੀ ਦੇ ਵਿਚਾਰਾਂ ਤੋਂ ਸੇਧ ਲੈਣ ਦੀ ਵੱਡੀ ਪੱਧਰ ਤੇ ਲੋੜ ਹੈ. ਸਿਆਸੀ ਆਗੂਆਂ ਤੋਂ ਇਲਾਵਾ ਸਮਾਜ ਦੇ ਬੁਧੀਜੀਵੀ ਪ੍ਰੋ. ਜਗਮੋਹਨ ਸਿੰਘ , ਡਾ. ਚਮਨ ਲਾਲ, ਡਾ. ਸੁਰਿੰਦਰ ਅਜਨਾਤ, ਪ੍ਰੋ. ਹਰਨੇਕ ਸਿੰਘ, ਐਡਵੋਕੇਟ ਐਸ ਐਲ ਵਿਰਦੀ, ਹਰਭਜਨ ਸੁਮਨ, ਦੇਸ਼ ਭਗਤ ਯਾਦਗਾਰ ਕਮੇਟੀ ਦੇ ਸੱਭਿਆਚਾਰਕ ਵਿੰਗ ਦੇ ਕਨਵੀਨਰ ਅਮੋਲਕ ਸਿੰਘ, ਭੀਸ਼ਮ ਪਾਲ ਸਿੰਘ ਗ਼ਾਜ਼ਿਆਬਾਦ, ਡਾ. ਰਾਮ ਲਾਲ ਜੱਸੀ ਨੇ ਵੀ ਸਮਾਗਮ ਨੂੰ ਸੰਬੋਧਨ ਕੀਤਾ. ਅੰਬੇਡਕਰ ਭਵਨ ਟਰੱਸਟ ਦੇ ਚੇਅਰਮੈਨ ਪ੍ਰੋ. ਸੋਹਨ ਲਾਲ, ਟਰੱਸਟੀ ਚਰਨ ਦਾਸ ਸੰਧੂ, ਹਰਮੇਸ਼ ਜੱਸਲ, ਦਰਸ਼ਨ ਲਾਲ ਜੇਠੂਮਜਾਰਾ, ਬਲਦੇਵ ਭਾਰਦਵਾਜ, ਰਾਮ ਸਿੰਘ ਅਤੇ ਬੀਬੀ ਮਹਿੰਦੋ ਰੱਤੂ ਨੇ ਵੀ ਆਪਣੇ ਸੰਬੋਧਨ ਵਿਚ ਬਾਲੀ ਸਾਹਿਬ ਵੱਲੋਂ ਕੀਤੇ ਗਏ ਅਣਥੱਕ ਸੰਘਰਸ਼ ਨੂੰ ਯਾਦ ਕਰਦਿਆਂ ਉਨ੍ਹਾਂ ਨੂੰ ਸ਼ਰਧਾ ਦੇ ਫੁੱਲ ਭੇਂਟ ਕੀਤੇ। ਸਮਾਗਮ ਵਿਚ ਐਡਵੋਕੇਟ ਮਧੂ ਰਚਨਾ, ਮੈਡਮ ਸੁਦੇਸ਼ ਕਲਿਆਣ, ਬੀਬੀ ਸੁਰਿੰਦਰ ਕੁਮਾਰੀ ਕੋਛੜ, ਸੰਤੋਸ਼ ਕੁਮਾਰੀ ਆਰਕੀਟੈਕਟ, ਮੇਹਰ ਮਲਿਕ, ਪਰਮਜੀਤ ਜੱਸਲ, ਐਡਵੋਕੇਟ ਹਰਭਜਨ ਸਾਂਪਲਾ, ਰਮੇਸ਼ ਚੰਦਰ ਸਾਬਕਾ ਰਾਜਦੂਤ, ਚਮਨ ਸਾਂਪਲਾ, ਬਿਹਾਰੀ ਲਾਲ ਗਿੰਢਾ, ਗੁਰਦਿਆਲ ਜੱਸਲ, ਚੌਧਰੀ ਹਰੀ ਰਾਮ, ਜਸਵਿੰਦਰ ਵਰਿਆਣਾ, ਵਰਿੰਦਰ ਕੁਮਾਰ, ਨਿਰਮਲ ਬਿਨਜੀ, ਰਾਮ ਲਾਲ ਦਾਸ, ਹੁਸਨ ਲਾਲ, ਰਾਮ ਨਾਥ ਸੁੰਡਾ, ਪ੍ਰਿੰਸੀਪਲ ਚੰਦਰ ਕਾਂਤਾ, ਪ੍ਰੋ. ਤੀਰਥ ਬਸਰਾ, ਮੋਹਨ ਲਾਲ ਫ਼ਿਲੌਰੀਆ, ਮਦਨ ਲਾਲ, ਪੀ ਡੀ ਸ਼ਾਂਤ, ਐਮ ਐਲ ਡੋਗਰਾ, ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਐਡਵੋਕੇਟ ਭੁਪਿੰਦਰ ਸਿੰਘ, ਐਡਵੋਕੇਟ ਰਵੀ ਕੁਮਾਰ, ਜੱਸੀ ਤੱਲ੍ਹਣ, ਗੁਰਦੇਵ ਖੋਖਰ, ਤਰਸੇਮ ਲਾਲ ਡਰੋਲੀ, ਬਿਸ਼ਨ ਦਾਸ ਸਹੋਤਾ, ਮਨੋਹਰ ਬਾਲੀ, ਡੀ.ਈ.ਓ ਦਿਲਬਾਗ ਸਿੰਘ, ਸਤੀਸ਼ ਕੁਮਾਰ, ਕਰਨੈਲ ਸਿੰਘ ਨਵਾਂਸ਼ਹਿਰ, ਐਡਵੋਕੇਟ ਕੁਲਦੀਪ ਭੱਟੀ, ਐਡਵੋਕੇਟ ਪਰਮਿੰਦਰ ਸਿੰਘ ਖੁੱਤਣ, ਹਰਭਜਨ ਨਿਮਤਾ, ਤਿਲਕ ਰਾਜ, ਅਤੇ ਬਾਲੀ ਜੀ ਦੇ ਸਪੁਤਰਾਂ ਡਾ. ਰਾਹੁਲ ਬਾਲੀ ਅਤੇ ਆਨੰਦ ਬਾਲੀ ਸਮੇਤ ਉਨ੍ਹਾਂ ਦੀਆਂ ਬੇਟੀਆਂ ਸ਼ਕੁੰਤਲਾ, ਸੁਨੀਤਾ ਤੇ ਸੁਜਾਤਾ ਅਤੇ ਬਹੁਤ ਸਾਰੀਆਂ ਅੰਬੇਡਕਰ ਸਭਾ ਸੋਸਾਇਟੀਆਂ ਅਤੇ ਗੁਰੂ ਰਵਿਦਾਸ ਸੰਸਥਾਵਾਂ ਨੇ ਭਾਰੀ ਗਿਣਤੀ ਵਿਚ ਸ਼ਿਰਕਤ ਕੀਤੀ. ਜਲੰਧਰ ਜ਼ਿਲ੍ਹੇ ਵਿੱਚ ਹੜ੍ਹਾਂ ਦੀ ਸਥਿਤੀ ਕਾਰਨ ਵਿਅਸਤ ਹੋਣ ਕਰਕੇ, ਸ਼੍ਰੀ ਸੁਸ਼ੀਲ ਰਿੰਕੂ ਐਮ. ਪੀ. ਨੇ ਵੀ ਆਪਣਾ ਸ਼ੋਕ ਸੰਦੇਸ਼ ਭੇਜਿਆ. ਅੰਬੇਡਕਰ ਭਵਨ ਟਰੱਸਟ (ਰਜਿ.), ਅੰਬੇਡਕਰ ਮਿਸ਼ਨ ਸੁਸਾਇਟੀ ਪੰਜਾਬ (ਰਜਿ.) ਅਤੇ ਆਲ ਇੰਡੀਆ ਸਮਤਾ ਸੈਨਿਕ ਦਲ (ਰਜਿ.), ਪੰਜਾਬ ਯੂਨਿਟ ਦੇ ਸਮੂਹ ਮੈਂਬਰਾਂ ਵੱਲੋਂ ਟਰੱਸਟ ਦੇ ਚੇਅਰਮੈਨ ਸੋਹਨ ਲਾਲ ਸਾਬਕਾ ਡੀ ਪੀ ਆਈ (ਕਾਲਜਾਂ ) ਦੁਆਰਾ ਬਾਬਾ ਸਾਹਿਬ ਦਾ ਮਿਸ਼ਨ ਅਤੇ ਬੁੱਧ ਧੱਮ ਨੂੰ ਫੈਲਾਉਣ ਲਈ ਬਾਲੀ ਜੀ ਦੇ ਨਕਸ਼ੇ ਕਦਮਾਂ 'ਤੇ ਚੱਲਣ ਦੀ ਪ੍ਰਤਿਬਧਤਾ ਦੁਹਰਾਈ ਗਈ। ਸਮਾਗਮ ਦੇ ਅੰਤ ਵਿਚ ਸ਼੍ਰੀ ਬਾਲੀ ਜੀ ਦੇ ਸਪੁੱਤਰਾਂ ਡਾ. ਰਾਹੁਲ ਅਤੇ ਆਨੰਦ ਬਾਲੀ ਨੇ ਸ਼ਾਮਿਲ ਪਤਵੰਤੇ ਸੱਜਣਾ ਦਾ ਧੰਨਵਾਦ ਕੀਤਾ।









# ਲਾਹੌਰੀ ਰਾਮ ਬਾਲੀ, ਅਲਵਿਦਾ ਅਲਵਿਦਾ ਅਲਵਿਦਾ

(ਸਫਾ 23 ਦੀ ਬਾਕੀ)

ਛਾਪਣ ਲਈ ਕਰੋੜਾਂ ਰੁਪਏ ਦਾ ਬਜਟ ਮਨਜ਼ੂਰ ਕਰਵਾਇਆ। ਬਾਬਾ ਸਾਹਿਬ ਡਾ. ਅੰਬੇਡਕਰ ਤੇ ਬਣੀ ਫਿਲਮ ਅਤੇ ਉਹਨਾਂ ਦੁਆਰਾ ਰਚਿਆ ਸਾਹਿਤ ਹਿੰਦੀ ਅਤੇ ਅੰਗਰੇਜ਼ੀ ਵਿਚ ਪ੍ਰਕਾਸ਼ਿਤ ਕਰਵਾਉਣਾ ਉਸੇ ਉਪ ਸੰਮਤੀ ਦੀ ਦੇਣ ਸੀ।

ਦੇਸ਼ ਵਿਦੇਸ਼ ਵਿੱਚ ਡਾ. ਅੰਬੇਡਕਰ ਮਿਸ਼ਨ ਪ੍ਰਚਾਰ ਅਤੇ ਮਾਨ ਸਨਮਾਨ– ਸ਼੍ਰੀ ਲਾਹੌਰੀ ਰਾਮ ਬਾਲੀ ਜੀ ਆਪਣੇ ਜੀਵਨ ਦੇ ਅਰੰਭ ਤੋਂ ਲੈ ਕੇ ਹੁਣ ਤਕ ਹਮੇਸ਼ਾ ਆਪਣੇ ਸਮਾਜ ਨਾਲ ਡੱਟ ਕੇ ਖੜੇ ਰਹੇ। ਆਪ ਨੇ ਕਦੇ ਵੀ ਨਿੱਜੀ ਲਾਭ, ਅਹੁਦਿਆਂ ਤੇ ਮਾਨ ਸਨਮਾਨਾ ਦੀ ਜਗਿਆਸਾ ਨਹੀਂ ਰੱਖੀ। ਇੱਕ ਵਾਰ ਗਿਆਨੀ ਜੈਲ ਸਿੰਘ ਭੀਮ ਪੱਤਰਕਾ ਦੇ ਦਫ਼ਤਰ ਆਏ ਅਤੇ ਉਨ੍ਹਾਂ ਨੇ ਬਾਲੀ ਸਾਹਿਬ ਨੂੰ ਕਾਂਗਰਸ ਵਿੱਚ ਉੱਚਾ ਅਹੁਦਾ ਦੇਣ ਦੀ ਪੇਸ਼ਕਸ਼ ਕੀਤੀ। ਪਰ ਬਾਲੀ ਸਾਹਿਬ ਨੇ ਗਿਆਨੀ ਜੀ ਨੂੰ ਕੋਰੀ ਨਾਂਹ ਕਰ ਦਿੱਤੀ ਅਤੇ ਉਹ ਨਿਰਾਸ਼ ਹੋ ਕੇ ਚਲੇ ਗਏ।

ਵਿਦੇਸ਼ਾਂ ਵਿਚ ਬੈਠੇ ਬਾਬਾ ਸਾਹਿਬ ਦੇ ਪੈਰੋਕਾਰਾਂ ਲੱਖਾਂ ਪੈਰੋਕਾਰਾਂ ਤੱਕ ਬਾਬਾ ਸਾਹਿਬ ਦਾ ਮਿਸ਼ਨ ਪਹੁੰਚਾਉਣ ਤੋਂ ਬਾਅਦ ਆਪਣੇ ਸੁਨੇਹੀਆਂ ਅਤੇ ਬੁੱਧ ਧਰਮ ਦੇ ਅਸਥਾਨਾਂ ਅਤੇ ਭਿਖਸ਼ੂਆਂ ਨੂੰ ਮਿਲਣ ਲਈ ਬਾਲੀ ਸਾਹਿਬ ਨੇ ਥਾਈਲੈਂਡ, ਆਸਟ੍ਰੇਲੀਆ (ਸਿਡਨੀ) ਮਲੇਸ਼ੀਆ, ਇੰਗਲੈਂਡ, ਕੈਨੇਡਾ (3 ਵਾਰ) ਤਾਈਵਾਨ, ਫਿਲਪਾਈਨ (ਮਨੀਲਾ) ਸ਼੍ਰੀਲੰਕਾ ਦੀ ਯਾਤਰਾ ਕੀਤੀ। ਜਿੱਥੇ ਵੱਖ-ਵੱਖ ਅੰਬੇਡਕਰ ਸਭਾ ਸੁਸਾਇਟੀ ਨੇ ਆਪ ਨੂੰ ਬਹੁਤ ਮਾਣ ਸਨਮਾਨ ਕੀਤਾ।

ਮਾਨ ਸਨਮਾਨ ਦੀ ਆਪ ਬਹੁਤੀ ਲਾਲਸਾ ਨਹੀਂ ਸਨ ਰੱਖਦੇ ਪ੍ਰੰਤੂ ਡਾ. ਬਾਬਾ ਸਾਹਿਬ ਅੰਬੇਡਕਰ ਨੈਸ਼ਨਲ ਇੰਸਟੀਚਿਊਟ ਆਫ ਸੋਸ਼ਲ ਸਾਇੰਸ ਦੇ ਡਾਇਰੈਕਟਰ ਜਨਰਲ ਸ਼੍ਰੀ ਨੰਦੂ ਰਾਮ ਦਾ ਪੱਤਰ 07 ਅਪ੍ਰੈਲ 2003 ਨੂੰ ਡਾਕਟਰ ਅੰਬੇਡਕਰ ਵਿਚਾਰਧਾਰਾ ਦੀਆਂ ਪੁਸਤਕਾਂ ਛਾਪਣ, ਦਲਿਤ ਅੰਦੋਲਨਾਂ ਦੀ ਅਗਵਾਈ ਕਰਨ, ਭੀਮ ਪੱਤ੍ਰਕਾ ਦੇ ਪ੍ਰਕਾਸ਼ਨ, ਬਾਬਾ ਸਾਹਿਬ ਦੇ ਧਾਰਮਿਕ, ਰਾਜਨੀਤਿਕ, ਆਰਥਿਕ ਅਤੇ ਸਮਾਜਕ ਵਿਚਾਰਾਂ ਨੂੰ ਲੋਕਾਂ ਤੱਕ ਲੈ ਜਾਣ ਦੇ ਮੱਦੇਨਜ਼ਰ ਇੱਕ ਲੱਖ ਰੁਪਏ ਦਾ ਇਨਾਮ ਅਤੇ ਸਨਮਾਨ-ਪੱਤਰ ਭਲਾਈ ਮੰਤਰੀ ਸ਼੍ਰੀ ਦਿਗਵਿਜੇ ਸਿੰਘ ਵੱਲੋਂ ਮਹੂ ਵਿਖੇ 14 ਅਪ੍ਰੈਲ 2003 ਨੂੰ ਪ੍ਰਦਾਨ ਕੀਤਾ ਗਿਆ।

ਬਾਬਾ ਸਾਹਿਬ ਅੰਬੇਡਕਰ ਦੇ ਇਸ ਸੱਚੇ ਸਿਪਾਹੀ ਸ਼੍ਰੀ ਲਾਹੌਰੀ ਰਾਮ ਬਾਲੀ ਦੇ ਮ੍ਰਿਤਕ ਦੇਹ 09 ਜੁਲਾਈ 2023 ਨੂੰ 11:00 ਵਜੇ ਡਾ. ਅੰਬੇਡਕਰ ਭਵਨ ਜਲੰਧਰ ਵਿਖੇ ਰੱਖੀ ਗਈ ਤਾਂ ਜੋ ਉਨ੍ਹਾਂ ਦੇ ਸਨੇਹੀ ਉਨ੍ਹਾਂ ਦਾ ਅੰਤਮ ਦੀਦਾਰ ਕਰ ਸਕਣ। ਸਮਤਾ ਸੈਨਿਕ ਦਲ ਦਾ ਝੰਡਾ ਬਾਲੀ ਸਾਹਿਬ ਦੀ ਦੀ ਦੇਹ ਉਤੇ ਪਾ ਕੇ ਸੈਨਕਾਂ ਵੱਲੋਂ ਸਲਾਮੀ ਦਿੱਤੀ ਗਈ। ਬਾਅਦ ਦੁਪਹਿਰ 12:45 ਵਜੇ ਫੁੱਲਾਂ ਨਾਲ ਸਜਾਈ ਗੱਡੀ ਵਿੱਚ ਉਹਨਾਂ ਦੀ ਦੇਹ ਨੂੰ ਬਿਰਾਜਮਾਨ ਕਰਕੇ ਅੱਗੇ ਅੱਗੇ ਸਮਤਾ ਸੈਨਿਕ ਦਲ ਦੇ ਸਿਪਾਹੀ ਆਪਣੇ ਝੰਡਿਆਂ ਨਾਲ, ਬੁੱਧ ਧਰਮ ਦੇ ਭਾਂਤੇ ਸਾਹਿਬਾਨ, ਉਹਨਾਂ ਦੇ ਪਰਿਵਾਰਕ ਮੈਂਬਰਾਂ, ਰਿਸ਼ਤੇਦਾਰਾਂ ਅਤੇ ਵੱਡੀ ਗਿਣਤੀ ਵਿਚ ਉਨ੍ਹਾਂ ਦੇ ਸੁਨੇਹੀਆਂ ਦੇ ਕਾਫਲੇ ਦੇ ਰੂਪ ਵਿੱਚ ਚਲ ਕੇ ਆਬਾਦਪੁਰਾ ਜਲੰਧਰ ਦੇ ਸ਼ਮਸ਼ਾਨ ਘਾਟ ਵਿੱਚ ਵਹਿਮਾਂ ਭਰਮਾਂ, ਕਰਮਕਾਂਡਾਂ ਤੋਂ ਰਹਿਤ ਬੁੱਧ ਧਰਮ ਦੀਆਂ ਰਸਮਾਂ ਨਾਲ ਸ਼੍ਰੀ ਲਾਹੌਰੀ ਰਾਮ ਬਾਲੀ ਜੀ ਦਾ ਅੰਤਿਮ ਸਸਕਾਰ ਕੀਤਾ ਗਿਆ। ਸ਼ਰਧਾਂਜਲੀ ਸਮਾਗਮ 16 ਜੁਲਾਈ 2023 ਐਤਵਾਰ ਨੂੰ ਅੰਬੇਡਕਰ ਭਵਨ ਜਲੰਧਰ ਵਿਖੇ ਭਾਰੀ ਇਕੱਠ ਨੇ ਬਾਲੀ ਸਾਹਿਬ ਨੂੰ ਸ਼ਰਧਾਂਜਲੀ ਕੀਤੀ।

ਬਾਲੀ ਸਾਹਿਬ ਦਾ ਸੰਦੇਸ਼ ਸੀ
ਮੇਰੀ ਮੌਤ ਤੇ ਨਾ ਰੋਇਓ, ਮੇਰੀ ਸੋਚ ਨੂੰ ਬਚਾਇਓ।

ਬਾਲੀ ਸਾਹਿਬ ਆਪਣੀਆਂ ਸੈਂਕੜੇ ਪੁਸਤਕਾਂ ਦੁਆਰਾ ਹਮੇਸ਼ਾ ਵਾਸਤੇ ਅਮਰ ਹਨ। ਸੋਚ ਉਨ੍ਹਾਂ ਦੀਆਂ ਪੁਸਤਕਾਂ ਵਿੱਚ ਦਰਜ ਹੈ। ਸੋ ਆਓ ਉਹਨਾਂ ਦੀਆਂ ਪੁਸਤਕਾਂ ਨੂੰ ਪੜ੍ਹੀਏ, ਅਪਣਾਈਏ ਅਤੇ ਅਸੀਂ ਵੀ ਡਾ. ਅੰਬੇਡਕਰ ਦੇ ਸੱਚੇ ਸਿਪਾਹੀ ਬਣੀਏ।

**ਸ੍ਰੋਤ–** ਸ੍ਰੀ ਲਾਹੌਰੀ ਰਾਮ ਬਾਲੀ ਜੀ ਦੀ ਸਵੈਜੀਵਨੀ ਦੀ ਹਿੰਦੀ ਵਿਚ ਪੁਸਤਕ "ਅੰਬੇਡਕਰ ਹੋਨੇ ਕਾ ਅਰਥ- ਆਤਮ ਕਥਾ ਐਲ. ਆਰ. ਬਾਲੀ। ਇਹ ਪੁਸਤਕ ਸਤੰਬਰ 2018 ਵਿਚ ਪ੍ਰਕਾਸ਼ਿਤ ਹੋਈ।

ਇਸ ਕਿਤਾਬਚੇ ਨੂੰ ਤਿਆਰ ਕਰਨ ਦਾ ਮਕਸਦ ਸ਼੍ਰੀ ਲਾਹੌਰੀ ਰਾਮ ਬਾਲੀ ਜੀ ਨੂੰ ਸ਼ਰਧਾਂਜਲੀ ਦਿੰਦਿਆਂ ਉਨ੍ਹਾਂ ਦੇ ਜੀਵਨ ਝਾਤ ਨੂੰ ਸੰਖੇਪ ਰੂਪ ਵਿਚ ਕਰਨਾ ਹੈ। ਵਿਸਥਾਰ ਸਹਿਤ ਜਾਨਣ ਲਈ ਉਨ੍ਹਾਂ ਦੀ ਆਤਮ ਕਥਾ ਨੂੰ ਪੜ੍ਹਿਆ ਜਾਵੇ ਜੀ।

## ਸ਼੍ਰੀ ਲਾਹੌਰੀ ਰਾਮ ਬਾਲੀ ਨੂੰ ਨਿੱਘੀਆਂ ਸ਼ਰਧਾਂਜਲੀਆਂ



**ਜਲੰਧਰ–** ਬੁੱਧ ਵਿਹਾਰ ਟਰੱਸਟ (ਰਜਿ.) ਸੋਫੀ ਪਿੰਡ ਵੱਲੋਂ ਸ਼੍ਰੀ ਲਾਹੌਰੀ ਰਾਮ ਬਾਲੀ ਨੂੰ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ ਗਈਆਂ। ਭਿਖਸ਼ੂ ਡਾ. ਸੁਮੇਧਾ ਥੇਰੋ ਝਾਂਸੀ ਵਾਲੇ ਨੇ ਬੁੱਧ ਵੰਦਨਾ ਤ੍ਰੀਸ਼ਰਣ ਅਤੇ ਪੰਚਸ਼ੀਲ ਪੜ੍ਹੀ ਅਤੇ ਪ੍ਰਵਚਨ ਕਰਦਿਆਂ ਕਿਹਾ ਕਿ ਸ਼੍ਰੀ ਲਾਹੌਰੀ ਰਾਮ ਬਾਲੀ ਬਹੁਤ ਵਿਦਵਾਨ ਅਤੇ ਅੰਤਰ-ਰਾਸ਼ਟਰੀ ਪ੍ਰਸਿੱਧੀ ਵਾਲੇ ਮਹਾਂਪੁਰਸ਼ ਸਨ। ਐਡਵੋਕੇਟ ਹਰਭਜਨ ਸਾਂਪਲਾ ਅਤੇ ਸ਼੍ਰੀ ਰੂਪ ਲਾਲ ਪ੍ਰਧਾਨ ਬੁੱਧ ਵਿਹਾਰ ਟਰੱਸਟ ਨੇ ਕਿਹਾ ਕਿ ਸ਼੍ਰੀ ਬਾਲੀ ਜੀ ਦੇ ਚਲੇ ਜਾਣ ਨਾਲ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ। ਇਸ ਮੌਕੇ 'ਤੇ ਮਾਸਟਰ ਰਾਮ ਲਾਲ,ਲੈਂਹਬਰ ਚੰਦ, ਨਰੇਸ਼ ਕੁਮਾਰ, ਗੌਤਮ ਸਾਂਪਲਾ, ਚਮਨ ਦਾਸ ਸਾਂਪਲਾ, ਸ਼੍ਰੀਮਤੀ ਸੁਰਿੰਦਰ ਕੌਰ, ਰਾਣੀ, ਸ਼ਕੁੰਤਲਾ, ਕਮਲੇਸ਼, ਮਨਜੀਤ ਕੌਰ ਅਤੇ ਹੋਰ ਬਹੁਤ ਸਾਰੇ ਸ਼ਰਧਾਂਜਲੀ ਦੇਣ ਲਈ ਹਾਜ਼ਰ ਸਨ। ਦੋ ਮਿੰਟ ਦਾ ਮੌਨ ਵੀ ਰੱਖਿਆ ਗਿਆ।

# ਮਾਣਯੋਗ ਅਦਾਲਤਾਂ ਦੇ ਹੁਕਮਾਂ ਅਤੇ ਸਰਕਾਰਾਂ ਦੀਆਂ ਹਦਾਇਤਾਂ ਤੋਂ ਬਾਦ ਵੀ ਅਪਮਾਨਜਨਕ ਹਰੀਜਨ ਸ਼ਬਦ ਦੀ ਕੀਤੀ ਜਾ ਰਹੀ ਦੁਰਵਰਤੋਂ



ਕੁਲਦੀਪ ਚੰਦ
91-9417563054

ਭਾਰਤ ਵਿੱਚ ਰਹਿਣ ਵਾਲੇ ਕੁੱਝ ਲੋਕਾਂ ਨੂੰ ਸਮਾਜ ਦੇ ਦੂਜੇ ਵਰਗਾਂ ਵਲੋਂ ਦਲਿਤ, ਸ਼ੂਦਰ, ਅਛੂਤ, ਮੂਲ ਨਿਵਾਸੀ, ਆਦਧਰਮੀ, ਭਾਰਤ ਦੇ ਮੋਢੀ ਆਦਿ ਨਾਮ ਦਿਤੇ ਗਏ ਹਨ। ਇਨ੍ਹਾਂ ਨੂੰ ਅੰਗਰੇਜੀ ਹਕੂਮਤ ਵੇਲੇ ਦੱਬੇ ਕੁਚਲੇ ਨਾਮ ਦਿਤਾ ਗਿਆ ਅਤੇ ਭਾਰਤੀ ਸੰਵਿਧਾਨ ਵਿੱਚ ਅਨੁਸੂਚਿਤ ਜਾਤਾਂ, ਅਨੁਸੂਚਿਤ ਜਨਜਾਤੀਆਂ ਅਤੇ ਪੱਛੜੀਆਂ ਸ਼੍ਰੇਣੀਆਂ ਦਾ ਦਰਜਾ ਦਿਤਾ ਗਿਆ ਹੈ। ਮਨੂੰਵਾਦੀ ਪ੍ਰਥਾ ਅਨੁਸਾਰ ਚਾਰ ਵਰਣਾਂ ਵਿੱਚ ਸ਼ੂਦਰਾਂ ਨੂੰ ਸਭ ਤੋਂ ਹੇਠਾਂ ਮੰਨਿਆ ਗਿਆ ਹੈ। ਇਹ ਵੀ ਕੌੜਾ ਸੱਚ ਹੈ ਕਿ ਇਨ੍ਹਾਂ ਸ਼ੂਦਰਾਂ ਵਿਚੋਂ ਕੁੱਝ ਜਾਤਾਂ ਨੂੰ ਅਛੂਤ ਕਿਹਾ ਜਾਂਦਾ ਸੀ ਅਤੇ ਛੂਹਣਾ ਪਾਪ ਮੰਨਿਆ ਜਾਂਦਾ ਸੀ ਅਤੇ ਇਨ੍ਹਾਂ ਜਾਤਾਂ ਤੇ ਕਈ ਤਰਾਂ ਦੀਆਂ ਸਮਾਜਿਕ, ਆਰਥਿਕ, ਧਾਰਮਿਕ, ਰਾਜਨੀਤਿਕ ਪਾਬੰਦੀਆਂ ਲਗਾਈਆਂ ਗਈਆਂ ਸਨ ਜਿਨ੍ਹਾਂ ਕਾਰਨ ਇਨ੍ਹਾਂ ਜਾਤਾਂ ਨਾਲ ਸਬੰਧਿਤ ਵਿਅਕਤੀਆਂ ਦਾ ਜੀਵਨ ਜਾਨਵਰਾਂ ਤੋਂ ਵੀ ਭੈੜਾ ਰਿਹਾ ਹੈ। ਭਾਰਤ ਦੀ ਅਬਾਦੀ ਦਾ ਇਹ ਵੱਡਾ ਹਿੱਸਾ ਸਮਾਜਿਕ, ਧਾਰਮਿਕ, ਆਰਥਿਕ, ਰਾਜਨੀਤਿਕ ਵਿਤਕਰੇ ਦਾ ਸ਼ਿਕਾਰ ਰਿਹਾ ਹੈ। ਇਨ੍ਹਾਂ ਵਿੱਚੋਂ ਕੁੱਝ ਜਾਤਾਂ ਨਾਲ ਸਬੰਧਿਤ ਲੋਕਾਂ ਨੂੰ ਕਈ ਵਾਰ ਹਰੀਜਨ ਸ਼ਬਦ ਨਾਲ ਸੰਬੋਧਨ ਕੀਤਾ ਜਾਂਦਾ ਰਿਹਾ ਹੈ। ਸਾਲ 1931 ਵਿੱਚ ਕਾਂਗਰਸੀ ਆਗੂ ਮੋਹਨ ਦਾਸ ਕਰਮ ਚੰਦ ਗਾਂਧੀ ਵਲੋਂ ਇਨ੍ਹਾਂ ਨੂੰ ਹਰੀਜਨ ਨਾਮ ਦਿਤਾ ਗਿਆ ਸੀ ਜਿਸਦਾ ਉਸ ਵੇਲੇ ਡਾਕਟਰ ਭੀਮ ਰਾਓ ਅੰਬੇਡਕਰ ਸਮੇਤ ਵੱਖ ਵੱਖ ਆਗੂਆਂ ਨੇ ਵਿਰੋਧ ਕੀਤਾ ਸੀ। ਆਦ ਧਰਮ ਮੰਡਲ ਆਗੂਆਂ ਨੇ ਬਾਬੂ ਮਗੂ ਰਾਮ ਮੁਗੋਵਾਲੀਆ ਦੀ ਅਗਵਾਈ ਵਿੱਚ ਸਾਇਮਨ ਕਮਿਸ਼ਨ ਅੱਗੇ ਅਪਣਾ ਪੱਖ ਪੇਸ਼ ਕਰਦਿਆਂ ਕਿਹਾ ਸੀ ਕਿ ਅਸੀਂ ਨਾਂ ਹਿੰਦੂ, ਨਾ ਮੁਸਲਿਮ, ਨਾਂ ਸਿੱਖ ਅਤੇ ਨਾ ਹੀ ਇਸਾਈ ਹਾਂ। ਉਨ੍ਹਾਂ ਦੱਸਿਆ ਕਿ ਉਹ ਆਦ ਧਰਮੀ ਹਨ ਜੋ ਕਿਸੇ ਵੇਲੇ ਇਸ ਦੇਸ਼ ਦੇ ਸ਼ਾਸ਼ਕ ਰਹੇ ਹਨ ਅਤੇ ਬਾਹਰੋਂ ਆਏ ਹਮਲਾਵਾਰਾਂ ਨੇ ਉਨ੍ਹਾਂ ਦੇ ਸਮਾਜਿਕ, ਆਰਥਿਕ, ਧਾਰਮਿਕ ਅਤੇ ਰਾਜਨੀਤਿਕ ਹੱਕ ਖਤਮ ਕਰ ਦਿਤੇ ਹਨ। ਆਦ ਧਰਮ ਆਗੂਆਂ ਦਾ ਕਹਿਣਾ ਸੀ ਕਿ ਅਛੂਤ ਮੰਨੇ ਜਾਣ ਵਾਲੇ ਲੋਕ ਉਪ-ਮਹਾਂਦੀਪ ਦੇ ਆਦਿਵਾਸੀ ਹਨ ਅਤੇ ਉਨ੍ਹਾਂ ਦਾ ਧਰਮ ਆਦ ਧਰਮ ਹੈ ਜੋ ਹਿੰਦੂ, ਈਸਾਈ, ਇਸਲਾਮ ਅਤੇ ਸਿੱਖ ਧਰਮ ਸਮੇਤ ਹੋਰ ਸਾਰੇ ਧਰਮਾਂ ਤੋਂ ਪਹਿਲਾਂ ਹੈ। ਉਨ੍ਹਾਂ ਅਨੁਸਾਰ ਗ਼ੁਲਾਮ ਬਣਾਏ ਗਏ ਲੋਕ ਇਸ ਦੇਸ਼ ਦੇ ਮੂਲ ਨਿਵਾਸੀ ਹਨ। ਆਦ ਧਰਮ ਮੰਡਲ ਦੇ ਆਗੂਆਂ ਦੇ ਸੰਘਰਸ਼ ਕਾਰਨ ਅਛੂਤਾਂ ਨੂੰ ਪੜ੍ਹਣ ਲਿਖਣ ਦੀਆਂ ਸਹੂਲਤਾਂ, ਵੋਟ ਦਾ ਅਧਿਕਾਰ ਪ੍ਰਾਪਤ ਹੋਇਆ, ਬੇਗਾਰ ਪ੍ਰਥਾ ਬੰਦ ਕਰਵਾਈ, ਫੌਜ ਅਤੇ ਪੁਲਿਸ ਵਿੱਚ ਭਰਤੀ ਸ਼ੁਰੂ ਹੋਈ, ਰਜਤਨਾਮੇ ਖਤਮ ਕਰਕੇ ਘਰਾਂ ਦੇ ਮਾਲਕ ਬਣਾਇਆ ਗਿਆ। ਆਦ ਧਰਮ ਮੰਡਲ ਆਗੂਆਂ ਨੇ ਵੀ ਗਾਂਧੀ ਵਲੋਂ ਦਿਤੇ ਗਏ ਹਰੀਜਨ ਸ਼ਬਦ ਦੀ ਵਰਤੋਂ ਦਾ ਖੁੱਲਕੇ ਵਿਰੋਧ ਕੀਤਾ। ਇਸ ਸ਼ਬਦ ਦਾ ਵਿਰੋਧ ਕਰਨ ਵਾਲੇ ਆਗੂਆਂ ਅਨੁਸਾਰ ਹਰੀਜਨ ਦਾ ਸ਼ਾਬਦਿਕ ਅਰਥ ਹੈ ਰੱਬ ਦੇ ਲੋਕ। ਹਰੀਜਨ ਸ਼ਬਦ ਬਾਰੇ ਇੱਕ ਪੁਰਾਣੀ ਕਹਾਣੀ ਹੈ। ਦੇਵਦਾਸੀ ਪ੍ਰਣਾਲੀ ਉਸ ਸਮੇਂ ਦੱਖਣੀ ਭਾਰਤੀ ਮੰਦਰਾਂ ਵਿੱਚ ਆਮ ਮੌਜੂਦ ਸੀ। ਇਸ ਪ੍ਰਣਾਲੀ ਅਨੁਸਾਰ ਸਮਾਜਿਕ ਤੌਰ ਤੇ ਮੰਨੀ ਜਾਂਦੀ ਨੀਵੀਂ ਜਾਤ ਦੀਆਂ ਕੁੜੀਆਂ ਭਗਵਾਨ ਦੀ ਦੇਖਭਾਲ ਲਈ ਮੰਦਰ ਵਿਚ ਦਾਨ ਕੀਤੀਆਂ ਜਾਂਦੀਆਂ ਸਨ। ਇਸ ਕੁਪ੍ਰਥਾ ਦਾ ਮਾੜਾ ਪੱਖ ਇਹ ਸੀ ਕਿ ਇਨ੍ਹਾਂ ਮੰਦਰਾਂ ਨਾਲ ਸਬੰਧਤ ਪੁਜਾਰੀ ਅਤੇ ਕੁੱਝ ਹੋਰ ਪ੍ਰਬੰਧਕਾਂ ਇਨ੍ਹਾਂ ਲੜਕੀਆਂ ਨਾਲ ਸਰੀਰਕ ਸਬੰਧ ਬਣਾਂਦੇ ਸਨ। ਇਹਨਾਂ ਲੜਕੀਆਂ ਦੇ ਗਰਭਪਤੀ ਹੋਣ ਲਈ ਭਗਵਾਨ ਦਾ ਹੀ ਅਸ਼ੀਰਵਾਦ ਮੰਨਿਆ ਜਾਂਦਾ ਸੀ ਅਤੇ ਪੈਦਾ ਹੋਣ ਵਾਲੇ ਨੂੰ ਬੱਚਿਆਂ ਨੂੰ ਹਰੀਜਨ ਭਾਵ ਰੱਬ ਦੇ ਬੱਚੇ ਕਿਹਾ ਜਾਂਦਾ ਸੀ। ਹਰੀਜਨ ਸ਼ਬਦ ਗਾਂਧੀ ਦੁਆਰਾ ਅਛੂਤ ਭਾਈਚਾਰੇ ਲਈ ਵਰਤਿਆ ਗਿਆ। ਗਾਂਧੀ ਨੇ ਕਿਹਾ ਕਿ ਲੋਕਾਂ ਨੂੰ ਅਛੂਤ ਕਹਿਣਾ ਸਹੀ ਨਹੀਂ ਹੈ ਅਤੇ ਉਹਨਾਂ ਨੂੰ ਹਰੀਜਨ ਜਿਸਦਾ ਅਰਥ ਹੈ ਰੱਬ ਦੇ ਬੱਚੇ ਵਜੋਂ ਸੰਬੋਧਿਤ ਕਰਨਾ ਸ਼ੁਰੂ ਕਰ ਦਿੱਤਾ।ਗਾਂਧੀ ਨੇ ਹਰੀਜਨ ਨਾਮ ਦਾ ਇੱਕ ਅਖਬਾਰ ਵੀ ਚਲਾਇਆ ਗਿਆ ਜੋ 11 ਫਰਵਰੀ 1933 ਨੂੰ ਸ਼ੁਰੂ ਹੋਇਆ ਸੀ, ਜਿਸਨੂੰ ਗਾਂਧੀ ਦੁਆਰਾ ਭਾਰਤ ਵਿੱਚ ਬ੍ਰਿਟਿਸ਼ ਸ਼ਾਸਨ ਦੌਰਾਨ ਯਰਵਦਾ ਜੇਲ੍ਹ ਵਿੱਚੋਂ ਬਾਹਰ ਲਿਆਂਦਾ ਗਿਆ ਸੀ। ਉਸਨੇ 1933 ਵਿੱਚ ਹਰੀਜਨ ਨਾਮ ਨਾਲ ਅੰਗਰੇਜ਼ੀ, ਹਿੰਦੀ ਅਤੇ ਗੁਜਰਾਤੀ ਵਿੱਚ ਤਿੰਨ ਰਸਾਲੇ ਵੀ ਸ਼ੁਰੂ ਕੀਤੇ ਸਨ। 1933 ਵਿੱਚ ਉਸਨੇ ਯੰਗ ਇੰਡੀਆ ਨਾਮਕ ਹਫਤਾਵਾਰੀ ਅਖਬਾਰ ਦਾ ਨਾਮ ਬਦਲਕੇ ਹਰੀਜਨ ਰੱਖਿਆ। ਸਤੰਬਰ 1932 ਵਿੱਚ ਮਰਨ ਵਰਤ ਰੱਖਣ ਤੋਂ ਪਹਿਲਾਂ ਗਾਂਧੀ ਨੇ ਇੱਕ ਲਹਿਰ ਸ਼ੁਰੂ ਕੀਤੀ ਸੀ ਜਿਸਨੂੰ ਚਲਾਉਣ ਦੀ ਜ਼ਿੰਮੇਵਾਰੀ ਆਪਣੇ ਦੋ ਨਜ਼ਦੀਕੀ ਸਾਥੀਆਂ ਉਦਯੋਗਪਤੀ ਜੀ.ਡੀ. ਬਿਰਲਾ ਅਤੇ ਸਮਾਜ ਸੇਵਕ ਏ.ਵੀ. ਠੱਕਰ ਦੇ ਹੱਥਾਂ ਵਿੱਚ ਸੌਂਪੀ ਗਈ ਸੀ। ਮਰਨ ਵਰਤ ਖਤਮ ਹੋਣ ਤੋਂ ਬਾਅਦ ਅਤੇ ਪੂਨਾ ਸਮਝੌਤੇ ਤੇ ਦਸਤਖਤ ਕੀਤੇ ਜਾਣ ਤੋਂ ਬਾਅਦ ਇਸ ਸੰਗਠਨ ਦਾ ਨਾਮ ਬਦਲਕੇ ਹਰੀਜਨ ਸੇਵਕ ਸੰਘ ਰੱਖਿਆ ਗਿਆ। ਸਮਾਜਿਕ ਆਗੂ ਅਤੇ ਚਿੰਤਕ ਡਾਕਟਰ ਭੀਮ ਰਾਓ ਅੰਬੇਡਕਰ ਨੇ ਦਲੀਲ ਦਿੱਤੀ ਕਿ ਜੇਕਰ ਅਛੂਤ ਰੱਬ ਦੇ ਪੁੱਤਰ ਹਨ ਤਾਂ ਕੀ ਸਮਾਜ ਵਿੱਚ ਰਹਿਣ ਵਾਲੇ ਬਾਕੀ ਲੋਕ ਸ਼ੈਤਾਨ ਦੇ ਪੁੱਤਰ ਹਨ। ਗਾਂਧੀ ਦੇ ਸਹਿਯੋਗੀ ਸੀ. ਰਾਜਗੋਪਾਲਾਚਾਰੀ ਜੋ ਛੂਆਛਾਤ ਦੇ ਖਾਤਮੇ ਲਈ ਕੰਮ ਕਰ ਰਿਹਾ ਸੀ ਨੇ ਇਸ ਨਵੇਂ ਨਾਮ ਤੇ ਇਤਰਾਜ਼ ਕੀਤਾ। ਉਸਨੇ ਹਰੀਜਨ ਸੇਵਕ ਸੰਘ ਦੇ ਪ੍ਰਧਾਨ ਬਿਰਲਾ ਅਤੇ ਸਕੱਤਰ ਠੱਕਰ ਨੂੰ ਵੀ ਇਸ ਬਾਰੇ ਲਿਖਿਆ। ਹੁਣ ਕੁਝ ਦਹਾਕਿਆਂ ਤੋਂ ਸਮਾਜਿਕ ਚਿੰਤਕਾਂ ਅਤੇ ਕਾਰਕੁਨਾਂ ਨੇ ਇਸ ਹਰੀਜਨ ਸ਼ਬਦ ਦੀ ਵਰਤੋਂ ਨੂੰ ਰੱਦ ਕਰ ਦਿੱਤਾ ਹੈ। ਮਾਣਯੋਗ ਸੁਪਰੀਮ ਕੋਰਟ ਨੇ ਵੀ ਇੱਕ ਕੇਸ ਵਿੱਚ ਸਾਫ ਕਿਹਾ ਹੈ ਕਿ ਹਰੀਜਨ ਅਪਮਾਨ ਦੇ ਸ਼ਬਦ ਹਨ ਅਤੇ ਇਨ੍ਹਾਂ ਦੀ ਵਰਤੋਂ ਨਾਂ ਕੀਤੀ ਜਾਵੇ। ਸਮਾਜ ਵਿੱਚ ਫੈਲੀਆਂ ਕੁਰੀਤੀਆਂ ਕਾਰਨ ਸਦੀਆਂ ਤੋਂ ਸਮਾਜਿਕ, ਧਾਰਮਿਕ, ਰਾਜਨੀਤਿਕ, ਆਰਥਿਕ ਤੋਰ ਤੇ ਪਿਛੜੇ ਲੋਕਾਂ ਨੂੰ ਸੰਬੋਧਨ ਕਰਨ ਲਈ ਹਰੀਜਨਦੀ ਵਰਤੋਂ ਤੇ ਮਤਭੇਦ ਸ਼ੁਰੂ ਤੋਂ ਹੀ ਚੱਲਦਾ ਰਿਹਾ ਹੈ। 22 ਜਨਵਰੀ 1938 ਨੂੰ ਅੰਬੇਡਕਰ ਇਸ ਹਰੀਜਨ ਸ਼ਬਦ ਦੀ ਵਰਤੋਂ ਦਾ ਵਿਰੋਧ ਕਰਦੇ ਹੋਏ ਬੰਬਈ ਵਿਧਾਨ ਸਭਾ ਤੋਂ ਵਾਕਆਊਟ ਕਰ ਗਏ ਸਨ। ਸਮੇਂ ਸਮੇਂ ਤੇ ਇਸ ਹਰੀਜਨ ਸ਼ਬਦ ਦੀ ਵਰਤੋਂ ਕਰਨ ਤੋਂ ਰੋਕਿਆ ਗਿਆ ਹੈ। ਸਰਕਾਰ ਨੇ ਜਾਤੀ ਸਰਟੀਫਿਕੇਟ ਸਮੇਤ ਹਰ ਪ੍ਰਕਾਰ ਨਾਲ ਇਸ ਹਰੀਜਨ ਸ਼ਬਦ ਦੀ ਵਰਤੋਂ ਤੇ ਪਾਬੰਦੀ ਲਗਾਈ ਹੋਈ ਹੈ। 10 ਫਰਵਰੀ 1982 ਨੂੰ ਗ੍ਰਿਹ ਮੰਤਰਾਲਿਆਭਾਰਤ ਸਰਕਾਰ ਨੇ ਸਾਰੀਆਂ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਨੰਬਰ ਬੀਸੀ 12025/44/80 -ਐਸਸੀ ਐਂਡ ਬੀਸੀਡੀ1/4 ਰਾਹੀਂ ਲਿਖਿਆ ਹੈ ਕਿ ਉਹ ਹਰੀਜਨਅਤੇ ਗਿਰੀਜਨ ਸ਼ਬਦ ਦੀ ਵਰਤੋਂ ਨਾ ਕਰਨ। ਸਰਕਾਰ ਦੀਆਂ ਹਦ-ਇਤਾਂ ਦੇ ਬਾਬਜੂਦ ਇਸ ਸ਼ਬਦ ਦੀ ਵਰਤੋਂ ਜਾਰੀ ਰਹੀ। ਸੰਸਦੀ ਕਮੇਟੀ ਨੇ ਦੇਸ਼ ਵਿੱਚ ਹਰੀਜਨ ਸ਼ਬਦ ਦੀ ਵਿਆਪਕ ਵਰਤੋਂ ਦਾ ਗੰਭੀਰ ਨੋਟਿਸ ਲਿਆ ਅਤੇ ਸਰਕਾਰ ਨੂੰ ਇਸਦੀ ਵਰਤੋਂ ਨਾ ਕਰਨ ਨੂੰ ਯਕੀਨੀ ਬਣਾਉਣ ਲਈ ਕਿਹਾ। ਸਮਾਜਿਕ ਨਿਆਂ ਅਤੇ ਸਸ਼ਕਤੀਕਰਨ ਬਾਰੇ ਕਮੇਟੀ ਨੇ ਸਰਕਾਰ ਦੁਆਰਾ ਕੀਤੀ ਗਈ ਕਾਰਵਾਈ ਤੇ ਆਪਣੀ ਨੌਵੀਂ ਰਿਪੋਰਟ ਵਿੱਚ ਕਿਹਾ ਕਿ ਦੇਸ਼ ਵਿੱਚ ਹਰੀਜਨ ਸ਼ਬਦ ਦੀ ਵਿਆਪਕ ਵਰਤੋਂ ਕੀਤੀ ਜਾ ਰਹੀ ਹੈ। ਕਮੇਟੀ ਨੇ ਮੰਤਰਾਲੇ ਨੂੰ ਨਵੇਂ ਦਿਸ਼ਾ-ਨਿਰਦੇਸ਼ ਜਾਰੀ ਕਰਨ ਦੀ ਸਿਫਾਰਸ਼ ਕੀਤੀ ਹੈ, ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਨੂੰ ਹਦਾਇਤਾਂ ਜਾਰੀ ਕਰਨ ਲਈ ਨਿਰਦੇਸ਼ ਦਿੱਤੇ ਹਨ ਕਿ ਉਹ ਅਨੁਸੂਚਿਤ ਜਾਤੀ ਦੇ ਸਰਟੀਫਿਕੇਟਾਂ ਵਿੱਚ ਹਰੀਜਨ ਸ਼ਬਦ ਦੀ ਵਰਤੋਂ ਨਾ ਕੀਤੇ ਜਾਣ ਨੂੰ ਯਕੀਨੀ ਬਣਾਉਣ। ਇਸ ਕਮੇਟੀ ਨੇ ਕੇਂਦਰ ਨੂੰ ਉਨ੍ਹਾਂ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿਰੁੱਧ ਦੰਡਕਾਰੀ ਕਾਰਵਾਈ ਕਰਨ ਤੇ ਵਿਚਾਰ ਕਰਨ ਦਾ ਸੁਝਾਅ ਵੀ ਦਿੱਤਾ ਹੈ ਜੋ ਇਨ੍ਹਾਂ ਨਿਰਦੇਸ਼ਾਂ ਦੀ ਪਾਲਣਾ ਕਰਨ ਵਿੱਚ ਅਸਫਲ ਰਹਿੰਦੇ ਹਨ ਅਤੇ ਹਰੀਜਨ ਸ਼ਬਦ ਦੀ ਵਰਤੋਂ ਕਰਦੇ ਹਨ। ਇਸ ਕਮੇਟੀ ਨੇ ਕਿਹਾ ਕਿ 1982 ਵਿੱਚ ਜਾਰੀ ਕੀਤਾ ਗਿਆ ਸਰਕੂਲਰ ਬਹੁਤ ਪੁਰਾਣਾ ਹੈ ਅਤੇ ਰਾਜਾਂ, ਸੰਸਥਾਵਾਂ ਦੁਆਰਾ ਇਸਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਕਮੇਟੀ ਨੇ ਸਾਫ ਕਿਹਾ ਹੈ ਕਿ ਮੰਤਰਾਲੇ ਦੁਆਰਾ ਹਰੀਜਨ ਸ਼ਬਦ ਦੀ ਵਰਤੋਂ ਨੂੰ ਨਿਰਾਸ਼ਾਜਨਕ ਜਾਂ ਰੋਕਦੇ ਹੋਏ ਕੋਈ ਅਗਲੀ ਕਾਰਵਾਈ ਨਹੀਂ ਕੀਤੀ ਗਈ ਹੈ। ਇਸ ਸਬੰਧੀ ਭਲਾਈ ਵਿਭਾਗ ਭਾਰਤ ਸਰਕਾਰ ਵਲੋਂ ਮਿਤੀ 16 ਅਗਸਤ 1990 ਨੂੰ ਸਮੂਹ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਨੰਬਰ ਬੀਸੀ 12025/14/90 -ਐਸ-ਸੀਡੀ-ਆਰ ਐਲ ਸੈਲ ਦੁਆਰਾ ਇਸ ਸ਼ਬਦ ਦੀ ਵਰਤੋਂ ਤੇ ਪਾਬੰਦੀ ਲਗਾਉਣ ਲਈ ਕਿਹਾ ਗਿਆ ਹੈ। ਇਨ੍ਹਾਂ ਸਰਕਾਰੀ ਪੱਤਰਾਂ ਦਾ ਅਸਰ ਨਾਂ ਹੁੰਦਾ ਵੇਖ ਸਮਾਜਿਕ ਨਿਆਏ ਅਤੇ ਸ਼ਸ਼ਕਤੀਕਰਨ ਵਿਭਾਗ ਕੇਂਦਰ ਸਰਕਾਰ ਵਲੋਂ ਮਿਤੀ 22 ਨਵੰਬਰ2012 ਨੂੰ ਵੀ ਸਮੂਹ ਰਾਜ ਸਰਕਾਰਾਂ ਅਤੇ ਕੇਂਦਰ ਸ਼ਾਸ਼ਤ ਪ੍ਰਦੇਸ਼ਾਂ ਦੇ ਮੁੱਖ ਸਕੱਤਰਾਂ ਨੂੰ ਪੱਤਰ ਨੰਬਰ 17020/64/2010 -ਐਸਸੀਡੀ-ਆਰ ਐਲ ਸੈਲ ਦੁਆਰਾ ਦਫਤਰੀ ਕੰਮਕਾਜ ਵਿੱਚ ਹਰੀਜਨ ਸ਼ਬਦ ਦੀ ਵਰਤੋਂ ਨਾਂ ਕਰਨ ਲਈ ਕਿਹਾ ਗਿਆ ਹੈ। ਇਸ ਪੱਤਰ ਵਿੱਚ ਪਿਛਲੇ ਪੱਤਰਾਂ ਅਤੇ ਸੰਸਦੀ ਕਮੇਟੀ ਦੀ ਰਿਪੋਰਟ ਦਾ ਵੇਰਵਾ ਦਿਤਾ ਗਿਆ ਹੈ। ਹਰੀਜਨ ਸ਼ਬਦ ਦੀ ਵਰਤੋਂ ਤੇ ਅਸਹਿਮਤੀ ਅਤੇ ਪਬੰਦੀ ਦੀ ਮੰਗ ਇੱਕ ਵੱਡੇ ਮੁੱਦੇ ਵੱਲ ਇਸ਼ਾਰਾ ਕਰਦੀਹੈ।ਸਮੇਂ ਸਮੇਂ ਤੇ ਕਈ ਬੁਧੀਜੀਵੀਆਂ ਦੁਆਰਾ ਇਹ ਦਾਅਵਾ ਕੀਤਾ ਗਿਆ ਹੈ ਕਿ ਇਹ ਸ਼ਬਦ ਅਪਮਾਨਜਨਕ ਹੈ ਕਿਉਂਕਿ ਇਹ ਦੇਵਦਾਸੀਆਂ ਦੇ ਬੱਚਿਆਂ ਨੂੰ ਦਰਸਾਉਣ ਲਈ ਵਰਤਿਆ ਗਿਆ ਸੀ। ਅਜ਼ਾਦੀ ਦੇ 75 ਸਾਲਾਂ ਤੋਂ ਵੱਧ ਸਮੇਂ ਬਾਅਦ ਵੀ ਅਨੁਸੂਚਿਤ ਜਾਤੀਆਂ ਅਤੇ ਅਨੁਸੂਚਿਤ ਕਬੀਲਿਆਂ ਨਾਲ ਸਬੰਧਤ ਲੋਕਾਂ ਨੂੰ ਜਾਤ ਦੇ ਅਧਾਰ ਤੇ ਵਿਤਕਰੇ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹਰੀਜਨ ਵਰਗੇ ਸ਼ਬਦ ਉੱਚ ਜਾਤੀ ਦੇ ਲੋਕਾਂ ਦੁਆਰਾ ਉਹਨਾਂ ਲਈ ਗਾਲ੍ਹਾਂ ਵਜੋਂ ਵਰਤੇ ਜਾਂਦੇ ਹਨ।

ਮਾਰਚ 2017 ਵਿੱਚ ਭਾਰਤ ਦੀ ਮਾਣਯੋਗ ਸੁਪਰੀਮ ਕੋਰਟ ਦੀ ਇੱਕ ਬੈਂਚ ਦੁਆਰਾ ਇਹ ਦੇਖਿਆ ਗਿਆ ਸੀ ਕਿ ਹਰੀਜਨ ਵਰਗੇ ਸ਼ਬਦਾਂ ਦੀ ਵਰਤੋਂ ਅਪਮਾਨਜਨਕ ਹੈ। ''ਬੈਂਚ ਨੇ ਆਪਣੇ ਫੈਸਲੇ ਵਿੱਚ ਕਿਹਾ ਸਾਨੂੰ ਇਸ ਦੇਸ਼ ਦੇ ਨਾਗਰਿਕ ਹੋਣ ਦੇ ਨਾਤੇ ਹਮੇਸ਼ਾ ਆਪਣੇ ਮਨ ਅਤੇ ਦਿਲ ਵਿੱਚ ਇੱਕ ਗੱਲ ਰੱਖਣੀ ਚਾਹੀਦੀ ਹੈ ਕਿ ਅੱਜ ਕਿਸੇ ਵੀ ਵਿਅਕਤੀ ਜਾਂ ਭਾਈਚਾਰੇ ਦਾ ਅਪਮਾਨ ਜਾਂ ਨਿਰਾਦਰ ਨਾ ਕੀਤਾ ਜਾਵੇ ਅਤੇ ਕਿਸੇ ਦੀਆਂ ਭਾਵਨਾਵਾਂ ਨੂੰ ਠੇਸ ਨਾ ਪਹੁੰਚਾਈ ਜਾਵੇ।ਸਵਾਲ ਇਹ ਪੈਦਾ ਹੁੰਦਾ ਹੈ ਕਿ ਭਾਵੇਂ ਹਰੀਜਨ ਵਰਗੇ ਸ਼ਬਦ ਬਿਨਾਂ ਕਿਸੇ ਮਾੜੇ ਇਰਾਦੇ ਨਾਲ ਕਹੇ ਜਾਣ ਪਰ ਕੀ ਐਸਟੀ/ਐਸਸੀ ਵਰਗ ਦੇ ਲੋਕਾਂ ਨੂੰ ਹਰੀਜਨ ਵਰਗੇ ਘ੍ਰਿਣਾ ਭਰੇ ਸ਼ਬਦਾ ਨਾਲ ਸੰਬੋਧਨ ਕਰਨਾ ਸਹੀ ਹੋਵੇਗਾ। ਹੈਦਰਾਬਾਦ ਹਾਈ ਕੋਰਟ ਦੇ ਵਕੀਲ ਅਤੇ ਸਮਤਾ ਸੈਨਿਕ ਦਲ ਦੇ ਕਾਨੂੰਨੀ ਸਲਾਹਕਾਰ ਡਾਕਟਰ ਬੀ. ਕਾਰਤਿਕ ਅਨੁਸਾਰ ਹਰੀਜਨ ਸ਼ਬਦ ਢੁਕਵਾਂ ਨਹੀਂ ਹੈ ਅਤੇ ਇਹ ਦੇਵਦਾਸੀ ਪ੍ਰਣਾਲੀ ਨਾਲ ਜੁੜੀ ਇੱਕ ਧਾਰਮਿਕ ਪ੍ਰਥਾ ਨੂੰ ਦਰਸਾਉਂਦਾ ਹੈ।ਅਨੁਸੂਚਿਤ ਜਾਤੀਆਂ ਦੇ ਉੱਘੇ ਆਗੂ ਬੀ.ਪੀ. ਮੌਰੀਆ ਅਨੁਸਾਰ ਹਰੀਜਨ ਨਾਮ ਤੋਂ ਬਦਬੂ ਆਉਂਦੀ ਹੈ। ਗਾਂਧੀ ਨੇ ਕਿਹਾ ਕਿ ਇਸਦਾ ਮਤਲਬ ਰੱਬ ਦੇ ਬੱਚੇ ਹੈ, ਮੌਰੀਆ ਕਹਿੰਦਾ ਹੈ ਕਿ ਇਹ ਦੇਵਦਾਸੀਆਂ (ਮੰਦਿਰ ਵਿੱਚ ਨੱਚਣ ਵਾਲੀਆਂ) ਦੇ ਨਾਜਾਇਜ਼ ਬੱਚਿਆਂ ਲਈ ਅਪਮਾਨਜਨਕ ਸੀ। ਮੌਰੀਆ ਸਵਾਲ ਉਠਾਂਦਾ ਹੈ ਕਿ ਜੇਕਰ ਅਸੀਂ ਹਰੀਜਨ ਰੱਬ ਦੇ ਬੱਚੇ ਹਾਂ ਤਾਂ ਬਾਕੀਆਂ ਦਾ ਕੀ ਹੈ ਕੀ ਉਹ ਸ਼ੈਤਾਨ ਦੇ ਬੱਚੇ ਹਨ? ਸਮੇਂ-ਸਮੇਂ ਤੇ ਵੱਖ ਵੱਖ ਰਾਜਾਂ ਵਿੱਚ ਇਸ ਹਰੀਜਨ ਸ਼ਬਦ ਦੀ ਵਰਤੋਂ ਤੇ ਪਾਬੰਦੀ ਲਗਾਉਣ ਲਈ ਆਦੇਸ਼ ਜਾਰੀ ਕੀਤੇ ਗਏ ਹਨ। ਪੰਜਾਬ ਸਰਕਾਰ ਨੇ ਵੀ ਸਾਲ 2016 ਵਿੱਚ ਸਾਰੇ ਵਿਭਾਗੀ ਮੁਖੀਆਂ ਨੂੰ ਹਦਾਇਤ ਕੀਤੀ ਹੈ ਕਿ ਉਹ ਸਰਕਾਰੀ ਬੋਲੀ ਅਤੇ ਅਨੁਸੂਚਿਤ ਜਾਤੀ ਸਰਟੀਫਿਕੇਟਾਂ ਵਿੱਚ ਹਰੀਜਨ ਸ਼ਬਦ ਦੀ ਵਰਤੋਂ ਨਾਂ ਕਰਨ।ਸਾਲ 2016 ਵਿੱਚ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੇ ਚੇਅਰਮੈਨ ਰਾਜੇਸ਼ ਬਾਘਾ ਨੇ ਦੁਆਰਾ ਜਾਰੀ ਪੱਤਰ ਵਿੱਚ ਕਿਹਾ ਗਿਆ ਸੀ ਕਿ ਕਮਿਸ਼ਨ ਨੂੰ ਜੀਤ ਸਿੰਘ ਪੁੱਤਰ ਸਾਧੂ ਸਿੰਘ ਵਾਸੀ ਭਨੋਹੜ ਮੁੱਲਾਂਪੁਰ ਦਾਖਾ, ਜ਼ਿਲ੍ਹਾ ਲੁਧਿਆਣਾ ਤੋਂ ਸ਼ਿਕਾਇਤ ਮਿਲੀ ਸੀ ਕਿ ਮੁੱਲਾਂਪੁਰ ਦਾਖਾ ਦੇ ਤਹਿਸੀਲਦਾਰ ਨੇ ਜੀਤ ਸਿੰਘ ਪੁੱਤਰ ਦੀ ਥਾਂਹਰੀਜਨ ਸ਼ਬਦ ਦੀ ਵਰਤੋਂ ਕਰਨ ਸਬੰਧੀ ਹੁਕਮ ਜਾਰੀ ਕੀਤਾ ਸੀ। ਚੇਅਰਮੈਨ ਰਾਜੇਸ਼ ਬਾਘਾ ਨੇ ਕਿਹਾ ਸੀ ਕਿ ਕਮਿਸ਼ਨ ਨੇ ਇਸ ਮੁੱਦੇ ਦਾ ਗੰਭੀਰ ਨੋਟਿਸ ਲੈਂਦਿਆਂ ਪੰਜਾਬ ਸਰਕਾਰ ਨੂੰ 16 ਅਗਸਤ 1990 ਨੂੰ ਜਾਰੀ ਭਾਰਤ ਸਰਕਾਰ ਦੇ ਪੱਤਰ ਦੇ ਹਵਾਲੇ ਨਾਲ ਹਦਾਇਤਾਂ ਜਾਰੀ ਕਰਨ ਲਈ ਕਿਹਾ ਹੈ। ਚੇਅਰਮੈਨ ਰਾਜੇਸ਼ ਬਾਘਾ ਅਨੁਸਾਰ ਰਾਜ ਸਰਕਾਰ ਨੇ ਪੰਜਾਬ ਰਾਜ ਅਨੁਸੂਚਿਤ ਜਾਤੀ ਕਮਿਸ਼ਨ ਦੀ ਪਹਿਲਕਦਮੀ ਤੇ ਕਾਰਵਾਈ ਕਰਦਿਆਂ ਹਰੀਜਨ ਅਤੇ ਗਿਰੀਜਨ ਸ਼ਬਦਾਂ ਦੀ ਵਰਤੋਂ ਤੇ ਮੁਕੰਮਲ ਪਾਬੰਦੀ ਲਗਾਈ ਹੈ। ਕੇਂਦਰ ਸਰਕਾਰ ਅਤੇ ਵੱਖ ਵੱਖ ਰਾਜ ਸਰਕਾਰਾਂ ਵਲੋਂ ਬੇਸ਼ੱਕ ਇਸ ਅਪਮਾਨਜਨਕ ਸ਼ਬਦ ਹਰੀਜਨ ਦੀ ਵਰਤੋਂ ਤੇ ਮੁਕੰਮਲ ਪਬੰਦੀ ਲਗਾਈ ਗਈ ਹੈ ਪਰ ਅਦਾਲਤਾਂ ਦੇ ਹੁਕਮਾਂ ਅਤੇ ਸਰਕਾਰਾਂ ਦੀਆਂ ਹਦਾਇਤਾਂ ਤੋਂ ਬਾਦ ਵੀ ਹਰੀਜਨ ਸ਼ਬਦ ਦੀ ਵਰਤੋਂ ਕੀਤੀ ਜਾਂਦੀ ਹੈ। ਹੈਰਾਨੀ ਦੀ ਗੱਲ ਹੈ ਕਿ ਕਈ ਵਾਰ ਸਰਕਾਰ ਦੇ ਨੁਮਾਇਦੇ ਜ਼ਬਾਨੀ ਅਤੇ ਲਿਖਤੀ ਰੂਪ ਵਿੱਚ ਅਤੇ ਮੀਡੀਆਕਰਮੀ ਵੀ ਮਾਣਯੋਗ ਅਦਾਲਤਾਂ ਅਤੇ ਸਰਕਾਰ ਦੇ ਹੁਕਮਾਂ ਦੀਆਂ ਧੱਜੀਆਂ ਉਡਾਕੇ ਇਸ ਸ਼ਬਦ ਦੀ ਵਰਤੋਂ ਕਰਦੇ ਹਨ। ਅਜ਼ਾਦੀ ਦੇ 75 ਸਾਲਾਂ ਬਾਦ ਅਤੇ ਸਰਕਾਰ ਦੇ ਹੁਕਮਾਂ ਬਾਦ ਵੀ ਇਸ ਸ਼ਬਦ ਦੀ ਹੋ ਰਹੀ ਵਰਤੋਂ ਗੰਭੀਰ ਚਿੰਤਾ ਦਾ ਵਿਸ਼ਾ ਹੈ। ਹਰੀਜਨ ਸ਼ਬਦ ਦੀ ਵਰਤੋਂ ਰੋਕਣ ਲਈ ਲੋਕਾਂ ਨੂੰ ਜਾਗਰੁਕ ਕਰਨਾ ਚਾਹੀਦਾ ਹੈ।

ਇਸ ਸਬੰਧੀ ਸਖਤ ਹਦਾਇਤਾਂ ਜਾਰੀ ਕਰਨੀਆਂ ਚਾਹੀਦੀਆਂ ਹਨ ਅਤੇ ਇਸ ਸ਼ਬਦ ਦੀ ਵਰਤੋਂ ਕਰਨ ਵਾਲੇ ਮੀਡੀਆ ਕਰਮੀਆਂ ਅਤੇ ਸਰਕਾਰ ਦੇ ਨੁਮਾਇਦਿਆਂ ਖਿਲਾਫ ਸੱਖਤ ਕਨੂੰਨੀ ਕਾਰਵਾਈ ਕਰਨੀ ਚਾਹੀਦੀ ਹੈ।




## "ਦਰਦ ਪੰਜਾਬ ਦਾ"

ਡੁੱਬਦਾ ਪਿਆ ਪੰਜਾਬ ਬੋਲਦਾਂ,
ਕੋਈ ਫੜੋ ਮੇਰੀਆਂ ਬਾਹਾਂ ।
ਪੰਜ ਪਾਣੀਆਂ ਕਹਿਰ ਮਚਾਇਆ,
ਮੈਂ ਰੋਵਾਂ ਮਾਰ ਕੇ ਧਾਹਾਂ ।
ਕਿਸੇ ਭੈਣ ਦਾ ਵੀਰ ਰੁੜ੍ਹ ਗਿਆ,
ਕਿਸੇ ਦੇ ਸਿਰ ਦਾ ਸਾਈਂ ।
ਪੂਰੇ ਕਈ ਪਰਿਵਾਰ ਖਪ ਗਏ,
ਪਤਾ ਨਹੀਂ ਕਿਹੜੇ ਥਾਈਂ ।
ਪਲਾਂ ਛਿਣਾ ਵਿੱਚ ਆ ਗਈ ਪਰਲੋ,
ਕੀ ਅਣਹੋਣੀ ਹੋਈ ।
ਸੀਨਾ ਚੀਰਦੇ ਵੈਣ ਸੁਣਦਿਆਂ,
ਅੰਬਰ ਧਰਤੀ ਰੋਈ।
ਕਿੱਲੇ ਬੱਝੇ ਪਸ਼ੂ ਮਰ ਗਏ,
ਹੜ੍ਹ ਗਏ ਕਈ ਹਜਾਰਾਂ ।
ਕੁੱਲੀਆਂ ਘਰਾਂ ਦਾ ਬਣ ਗਿਆ ਮਲਬਾ,
ਤਰਦਾ ਫਿਰੇ ਬਜਾਰਾਂ।
ਚੁੱਲੇ ਘਰਾਂ ਦੇ ਪੈ ਗਏ ਠੰਢੇ ,
ਗ਼ਲ ਗ਼ਲ ਚੜ੍ਹਿਆ ਪਾਣੀ ।
ਦੋ ਟੁਕੜੇ ਰੋਟੀ ਤੋਂ ਆਤੁਰ,
ਦੱਸਦੈਂ ਦਰਦ ਕਹਾਣੀ।
ਆਣ ਕੰਗਾਲੀ ਕਾਮਿਆਂ ਦੇ ਘਰ,
ਫਿਰ ਤੋਂ ਡੇਰਾ ਲਾਇਆ ।
ਪਲਾਂ ਛਿਣਾਂ ਵਿੱਚ ਰੁੜ੍ਹ ਗਿਆ ਸਭ ਕੁਝ
,
ਜੋ ਕੁਝ ਉਨ੍ਹਾਂ ਬਣਾਇਆ ।
ਸੜਕਾਂ ਨਹਿਰਾਂ ਬੰਨ ਟੁੱਟ ਗਏ,
ਬਹੁਤ ਤਬਾਹੀ ਹੋਈ।
ਅੱਖ ਮੇਰੀ ਇਹ ਦੇਖ ਕੇ ਮੰਜ਼ਰ,
ਖ਼ੂਨ ਦੇ ਅੱਥਰੂ ਰੋਈ।
ਸੋਕੇ ਡੋਬੇ ਜੰਗਾਂ ਸਾਹਵੇਂ,
ਮੈਂ ਸੀਨਾ ਤਾਣ ਕੇ ਲੜਿਆ ।
ਦੇਸ਼ ਦਾ ਹਾਕਮ ਸੰਕਟ ਵੇਲੇ,
ਨਾਲ ਮੇਰੇ ਨਾ ਖੜ੍ਹਿਆ ।
ਫਸਲ ਤਬਾਹੀ ਦੇ ਨਾਲ ਮੈਂ ਅੱਜ,
ਕੱਖੌਂ ਹੌਲਾ ਹੋਇਆ।
ਭਾਈਚਾਰੇ ਦਰਦ ਵੰਡਾਇਆ,
ਮੋਢਾ ਜੋੜ ਖਲੋਇਆ।
ਵੋਟ ਵਟੋਰੂ ਰਾਜਨੀਤੀ ਦੀ,
ਚਲਦੀ ਪਈ ਕਹਾਣੀ।
ਲੋਕਾਂ ਦੀ ਤਕਦੀਰ "ਲੰਗੇਰੀ",
ਰੁੜ੍ਹ ਗਈ ਏ ਵਿੱਚ ਪਾਣੀ ।
ਰੁੜ੍ਹ ਗਈ ਏ ਵਿੱਚ ਪਾਣੀ॥

ਅਵਤਾਰ ਲੰਗੇਰੀ
+ 587 335 2451



# ਕੀ ਸਰਕਾਰ ਦੇ ਅਜਿਹੇ ਕਦਮਾਂ ਨਾਲ ਰੁਕੇਗੀ ਬਾਹਰਲੇ ਮੁਲਕਾਂ ਨੂੰ ਜਾਂਦੀ ਜਵਾਨੀ?



**ਚਮਨਦੀਪ ਸ਼ਰਮਾ**
91-95010-33005

ਸੂਬੇ ਅੰਦਰ ਹਕੂਮਤ ਕਰ ਰਹੀ ਆਮ ਆਦਮੀ ਪਾਰਟੀ ਨੇ ਸੱਤਾ ਪ੍ਰਾਪਤੀ ਤੋਂ ਪਹਿਲਾਂ ਨੌਜਵਾਨ ਮੁੰਡੇ ਕੁੜੀਆਂ ਨੂੰ ਰੁਜ਼ਗਾਰ ਮੁਹੱਈਆ ਕਰਵਾਉਣ ਲਈ ਅਨੇਕਾਂ ਵਾਅਦੇ ਕੀਤੇ। ਇਹ ਗੱਲ ਵੀ ਚਰਚਾ ਦਾ ਵਿਸ਼ਾ ਰਹੀ ਕਿ ਪੰਜਾਬ ਅੰਦਰ ਇਨੀ ਇੰਡਸਟਰੀ ਉੱਨਤ ਕੀਤੀ ਜਾਵੇਗੀ ਕਿ ਵਿਦੇਸ਼ਾਂ ਵਿੱਚੋਂ ਗੋਰੇ ਇੱਥੇ ਕੰਮ ਕਰਨ ਲਈ ਆਉਣਗੇ। ਹਰ ਸਾਲ ਬੇਰੁਜ਼ਗਾਰੀ ਦੀ ਮਾਰ ਸਦਕਾ ਕਰੋੜਾਂ ਦੀ ਗਿਣਤੀ 'ਚ ਪ੍ਰਵਾਸ ਕਰਨ ਵਾਲੇ ਮੁੰਡੇ ਅਤੇ ਕੁੜੀਆਂ ਦੀ ਗਿਣਤੀ ਨੂੰ ਘਟਾਇਆ ਜਾਵੇਗਾ। ਪਿਛਲੀਆਂ ਸਰਕਾਰਾਂ ਵੱਲੋਂ ਯੁਵਾ ਵਰਗ ਨੂੰ ਰੁਜਗਾਰ ਦੇ ਅਵਸਰ ਨਾ ਦੇਣ ਤੇ ਨੌਜਵਾਨਾਂ ਨੇ ਆਪ ਪਾਰਟੀ ਨੂੰ ਸੱਤਾ ਵਿੱਚ ਲਿਆਉਣ ਦੇ ਲਈ ਅੱਡੀ ਚੋਟੀ ਦਾ ਜ਼ੋਰ ਲਗਾਇਆ। ਆਪਣੇ ਪੱਲਿਓ ਵਹੀਕਲਾਂ ਵਿੱਚ ਤੇਲ ਪਵਾ ਕੇ ਆਪ ਪਾਰਟੀ ਦੀਆਂ ਲੋਕ ਹਿੱਤ ਨੀਤੀਆਂ ਦਾ ਪ੍ਰਚਾਰ ਕੀਤਾ। ਜਿਸਦੇ ਫਲਸਰੂਪ ਕਾਗਰਸ, ਬੀਜੇਪੀ ਅਤੇ ਅਕਾਲੀ ਦਲ ਦੀ ਕਰੜੀ ਹਾਰ ਹੋਈ। ਆਪ ਪਾਰਟੀ ਦੇ 92 ਵਿਧਾਇਕਾਂ ਨੂੰ ਜਿੱਤ ਹਾਸਲ ਹੋਈ ਜੋ ਕਿ ਇੱਕ ਰਿਕਾਰਡ ਹੈ।

ਆਪਣੀ ਤਕਰੀਰ ਰਾਹੀਂ ਸੂਬੇ ਦੇ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਵੱਲੋਂ ਹਰੇ ਪੈੱਨ ਦੀ ਵਰਤੋਂ ਨਾਲ ਨੌਜਵਾਨਾਂ ਨੂੰ ਨੌਕਰੀ ਦੇਣ ਦੀ ਗੱਲ ਮੁੜ-ਮੁੜ ਮੰਚਾਂ ਤੋਂ ਕੀਤੀ ਜਾਂਦੀ ਰਹੀ। ਜਿਸ ਨਾਲ ਨੌਜਵਾਨਾਂ ਨੂੰ ਆਪਣਾ ਭਵਿੱਖ ਸੰਵਰਦਾ ਦਿਖਿਆ। ਸਰਕਾਰ ਨੇ ਕੁੱਝ




ਨਵੀਆਂ ਅਤੇ ਪੁਰਾਣੀ ਸਰਕਾਰ ਵੇਲੇ ਦੀਆਂ ਕੁੱਝ ਅਧੂਰੀਆਂ ਭਰਤੀਆਂ ਨੂੰ ਸਿਰੇ ਚੜ੍ਹਾ ਕੇ ਆਪਣੇ ਬੋਲਾਂ ਨੂੰ ਪੁਗਾਉਣ ਦੀ ਕੋਸ਼ਿਸ਼ ਕੀਤੀ। ਹਾਲਾਂਕਿ ਇਹ ਨੌਕਰੀਆਂ ਮਹਿਜ਼ ਊਠ ਦੇ ਮੂੰਹ ਵਿੱਚ ਜੀਰਾ ਦੇਣ ਵਾਲੀ ਗੱਲ ਹੀ ਸੀ। ਕਿਉਂਕਿ ਅੰਕੜੇ ਤਸਦੀਕ ਕਰਦੇ ਹਨ ਕਿ ਸੂਬੇ ਅੰਦਰ ਬੇਰੁਜ਼ਗਾਰ ਨੌਜਵਾਨਾਂ ਦੀ ਤਾਦਾਤ ਕਾਫੀ ਹੈ। ਅਜਿਹੇ ਵਿੱਚ ਸਰਕਾਰ ਤੋਂ ਉਮੀਦ ਕੀਤੀ ਜਾ ਰਹੀ ਸੀ ਕਿ ਉਹ ਨੌਜਵਾਨਾਂ ਦੇ ਲਈ ਵੱਡੀ ਭਰਤੀ ਦਾ ਇਸ਼ਤਿਹਾਰ ਜਾਰੀ ਕਰਕੇ ਚੋਣਾਂ ਸਮੇਂ ਕੀਤੇ ਗਏ ਵਾਅਦੇ ਨੂੰ ਪੁਗਾ ਕੇ ਲੋਕਾਂ ਦੇ ਮਨਾਂ ਅੰਦਰ ਆਪਣਾ ਕਿਰਦਾਰ ਨੂੰ ਉੱਚਾ ਰੱਖਣ ਵਿੱਚ ਕਾਮਯਾਬ ਹੋਵੇਗੀ। ਪਰੰਤੂ ਹੈਰਾਨੀ ਦੀ ਗੱਲ ਤਾਂ ਓਦੋਂ ਹੋਈ ਜਦ ਸਰਕਾਰ ਨੇ ਸਕੂਲਾਂ ਦੇ ਅੰਦਰ ਰੱਖੇ ਜਾਣ ਵਾਲੇ 150 ਕੈਂਪਸ ਮੈਨੇਜਰਾਂ ਦੀਆਂ ਪੋਸਟਾਂ ਵਿੱਚ ਨੌਜਵਾਨਾਂ ਨੂੰ ਅੱਖੋ ਪਰੋਖੇ ਕਰ ਦਿੱਤਾ ਜੋ ਕਿ ਕਿਸੇ ਵੀ ਲਿਹਾਜ਼ ਨਾਲ ਤਰਕਸੰਗਤ ਨਹੀਂ ਹੈ। ਇਸ ਫੈਸਲੇ ਨਾਲ ਸਰਕਾਰ ਦੀ ਨੌਜਵਾਨਾਂ ਲਈ ਰੁਜ਼ਗਾਰ ਦੇਣ ਦੀ ਨੀਤੀ ਤੇ ਸਵਾਲ ਉੱਠਣਾ ਲਾਜ਼ਮੀ ਹੈ। ਨੌਜਵਾਨਾਂ ਦੀ ਥਾਂ ਤੇ ਸੇਵਾ ਮੁਕਤ ਮੁਲਾਜ਼ਮਾਂ ਨੂੰ ਰੱਖਣਾ ਸਹੀ ਕਦਮ ਨਹੀਂ ਜਾਪਦਾ ਹੈ। ਇਸ ਚੋਣ ਪ੍ਰਕਿਰਿਆ ਨੂੰ ਲੈ ਕੇ ਨੌਜਵਾਨ ਕਾਫੀ ਚਿੰਤਤ ਹਨ। ਉਹਨਾਂ ਦੇ ਮਨ ਅੰਦਰ ਸਰਕਾਰ ਪ੍ਰਤਿ ਗੁੱਸੇ ਦੀ ਲਹਿਰ ਅਤੇ ਕੁੱਝ ਸਵਾਲ ਉੱਠ ਰਹੇ ਹਨ ਜਿਹਨਾਂ ਦਾ ਜਵਾਬ ਸਰਕਾਰ ਵੱਲੋਂ ਦੇਣਾ ਬਣਦਾ ਹੈ। ਸਰਕਾਰ ਦਾ ਦੱਸਣਾ ਫਰਜ਼ ਹੈ ਕਿ ਇਹ ਕੈਂਪਸ ਮੈਨੇਜਰ ਦੀ ਭਰਤੀ ਵਿੱਚ ਨੌਜਵਾਨਾਂ ਨੂੰ ਮੌਕਾ ਨਾ ਦੇ ਕੇ ਕੀ ਸਰਕਾਰ ਆਪਣੇ ਵਾਅਦਿਆਂ ਤੋਂ ਨਹੀਂ ਭੱਜ ਰਹੀ? ਕੀ ਨੌਜਵਾਨਾਂ ਨੂੰ ਟਰੇਨਿੰਗ ਦੇ ਕੇ ਕੈਂਪਸ ਮੈਨੇਜਰ ਦੀ ਅਸਾਮੀ ਦੇ ਲਈ ਤਜਰਬੇਕਾਰ ਨਹੀਂ ਬਣਾਇਆ ਜਾ ਸਕਦਾ ਸੀ? ਤਕਨੀਕੀ ਤੌਰ ਤੇ ਘੱਟ ਨਿਪੁੰਨਤਾ ਰੱਖਣ ਵਾਲੇ ਰਿਟਾਇਰ ਮੁਲਾਜ਼ਮਾਂ ਨੂੰ ਭਰਤੀ ਕਰਨਾ ਕਿੰਨਾ ਕੁ ਤਰਕਸੰਗਤ ਹੈ? ਜਦੋਂ ਨੌਜਵਾਨ ਰੁਜ਼ਗਾਰ ਲਈ ਠੋਕਰਾਂ ਖਾ ਰਹੇ ਹੋਣ ਤਾਂ ਸੇਵਾ ਮੁਕਤ ਮੁਲਾਜ਼ਮਾਂ ਨੂੰ ਮੁੜ ਨੌਕਰੀ ਦੇਣਾ ਕਿੰਨਾ ਕੁ ਜਾਇਜ ਹੈ? ਕੀ ਰਿਟਾਇਰ ਹੋਏ ਮੁਲਾਜ਼ਮਾਂ ਦੇ ਲਈ ਉਹਨਾਂ ਦੀ ਸਰੀਰਕ ਸਮਰੱਥਾ, ਉਮਰ, ਮਾਨਸਿਕ ਸਿਹਤ ਕੰਮ ਵਿੱਚ ਕੋਈ ਰੁਕਾਵਟ ਨਹੀਂ ਬਣੇਗੀ? ਕੀ ਸਰਕਾਰ ਨੂੰ ਨਹੀਂ ਪਤਾ ਕਿ ਕਿਵੇਂ ਨਵੇਂ ਮੁੰਡੇ/ਕੁੜੀਆਂ ਆਈਏਐੱਸ/ਪੀਸੀਐੱਸ ਪ੍ਰੀਖਿਆ ਪਾਸ ਕਰਕੇ ਮਹੱਵਪੂਰਨ ਜਿੰਮੇਵਾਰੀ ਨਿਭਾ ਰਹੇ ਹਨ? ਸੱਤਾ ਦੀ ਪ੍ਰਾਪਤੀ ਤੋਂ ਪਹਿਲਾਂ ਵਰਤਮਾਨ ਸਰਕਾਰ ਦੇ ਨੇਤਾ ਆਖਦੇ ਰਹੇ ਕਿ ਅਧਿਆਪਕਾਂ ਤੋਂ ਲਏ ਜਾਣ ਵਾਲੇ ਗੈਰ ਵਿਦਿਅਕ ਕੰਮਾਂ ਲਈ ਜਿਵੇਂ ਬੂਥ ਲੈਵਲ ਅਫਸਰ ਅਤੇ ਮਰਦਮ ਸ਼ੁਮਾਰੀ ਆਦਿ ਕੰਮਾਂ ਲਈ ਵੱਖਰੇ ਤੌਰ ਤੇ ਭਰਤੀ ਕੀਤੀ ਜਾਵੇਗੀ। ਵਿਰੋਧੀ ਧਿਰ ਹੁੰਦੇ ਸਮੇਂ ਆਪ ਪਾਰਟੀ ਨੇ ਹੋਰਨਾਂ ਸਰਕਾਰਾਂ ਵੱਲੋਂ ਰੱਖੇ ਗਏ ਸੇਵਾ ਮੁਕਤ ਕਰਮਚਾਰੀਆਂ ਦੀ ਭਰਤੀ ਦੀ ਹਮੇਸ਼ਾ ਆਲੋਚਨਾ ਕੀਤੀ ਹੈ। ਹੁਣ ਮੁਕਦੀ ਗੱਲ ਤਾਂ ਇਹ ਹੈ ਕਿ ਸਰਕਾਰ ਆਪਣੇ ਫੈਸਲੇ ਤੇ ਪੁਨਰ ਵਿਚਾਰ ਕਰਦੇ ਹੋਏ ਇਹ ਅਸਾਮੀ ਦੇ ਲਈ ਨੌਜਵਾਨਾਂ ਦੀ ਭਰਤੀ ਹੀ ਕਰੇ।ਇਸ ਨਾਲ ਨੌਜਵਾਨਾਂ ਅੰਦਰ ਪਾਏ ਜਾ ਰਹੇ ਰੋਸ ਦਾ ਖਾਤਮਾ ਹੋਵੇਗਾ। ਸੂਬੇ ਅੰਦਰ ਬੇਰੁਜ਼ਗਾਰ ਮੁੰਡੇ ਅਤੇ ਕੁੜੀਆਂ ਨੂੰ ਕੰਮ ਮਿਲਣ ਨਾਲ ਅਮਨ, ਕਾਨੂੰਨ ਦੀ ਬਹਾਲੀ, ਮਾਲੀਆ ਹਾਲਤ ਵਿੱਚ ਕ੍ਰਾਂਤੀਕਾਰੀ ਸੁਧਾਰ ਵੇਖਣ ਨੂੰ ਮਿਲਣਗੇ। ਅਜਿਹੇ ਕਦਮਾਂ ਦੇ ਨਾਲ ਹੀ ਸੂਬੇ ਨੂੰ ਰੰਗਲਾ ਪੰਜਾਬ ਬਣਾਇਆ ਜਾ ਸਕਦਾ ਹੈ।

# ਮੈਂ ਓਸ ਦੇਸ਼ ਦਾ ਵਾਸੀ ਹਾਂ

ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ,
ਇੱਕ ਪਾਸੇ ਕਿਰਤੀ ਭੁੱਖੇ ਨੇ, ਦੂਜੀ ਚੌਧਰਾਂ ਨੇ ਮੱਤ ਮਾਰੀ ਆ।

ਜਿੱਥੇ ਚੋਰ-ਬਾਜ਼ਾਰੀ ਹਰ ਪਾਸੇ, ਕੁੱਤੀ ਚੋਰਾਂ ਦੇ ਸੰਗ ਰਲੀ,
ਜਿੱਥੇ ਜ਼ਮੀਰ ਲੱਗਾ ਏ ਵਿਕਰੀ 'ਤੇ, ਨੱਕ ਵਿੱਚੋਂ ਚੋਂਦੀ ਹੈ ਨਲੀ,
ਮੂਰਖ਼ ਨੂੰ ਸਮਝਣ ਸਮਝਦਾਰ, ਇਹੋ ਜਿਹੀ ਦੁਨੀਆਦਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਔਰਤ ਦੀ ਇੱਜ਼ਤ ਸੇਫ਼ ਨਹੀਂ, ਆਪਣੇ ਹੀ ਉਸਦੇ ਘਰ ਅੰਦਰ,
'ਨਾ ਦੇਖੋ, ਨਾ ਸੁਣੋ, ਨਾ ਬੋਲੋ' ਦੇ, ਘੁੰਮਦੇ ਪਏ ਨੇ ਤਿੰਨ ਬੰਦਰ,
ਹੈ ਬੁਰੀ ਲੋਕਾਂ ਦੀ ਨਜ਼ਰ ਜਿੱਥੇ, ਔਰਤ ਦੇ ਲਈ ਅਵਾਜ਼ਾਰੀ ਆ,
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਤੂੰ ਮੇਰਾ ਦਿੱਤਾ ਹੀ ਖਾਂਦਾ ਏਂ, ਮੂਰਖ਼ਾਂ ਦਾ ਇਹੀਓ ਦਾਅਵਾ ਏ,
ਮੁਰਗਾ ਵੀ ਆਂਡੇ ਦੇਣ ਲੱਗਾ, ਦੇਖੋ ਕੈਸਾ ਫੁੱਟਿਆ ਲ੍ਹਾਵਾ ਏ,
ਜਿੱਥੇ ਮੱਝ ਬੱਕਰੀ ਦੀ ਬੋਲੀ ਵੀ, ਲੋਕਾਂ ਨੂੰ ਲੱਗਦੀ ਪਿਆਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਗਧਾ ਕਹੇ ਸਿਆਣਾ ਮੈਂ ਹੀ ਹਾਂ, ਮੇਰੇ ਅੱਗੇ ਨਾ ਕੋਈ ਗੱਲ ਕਰੇ,
ਜੇ ਕੂੜ ਕੁਫ਼ਰ ਵੀ ਤੋਲਾਂ ਮੈਂ, ਨਾ ਉਂਗਲ ਕੋਈ ਮੇਰੇ ਵੱਲ ਕਰੇ,
ਉਹਨੂੰ ਰੋਕ-ਟੋਕ ਨਾ ਕਾਸੇ ਦੀ, ਜਿਹਨੇ ਸਾਰੀ ਦੁਨੀਆ ਚਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਹੈ ਮੂੰਹ ਵਿੱਚ ਜਿੱਥੇ ਰਾਮ-ਰਾਮ, ਹੈ ਛੁਰੀ ਛੁਪਾਈ ਬਗਲ ਅੰਦਰ,
ਜੀ ਆਇਆਂ ਭਾਵੇਂ ਲਿਖਿਆ ਹੈ, ਪਰ ਘਰਾਂ ਤਾਈਂ ਲੱਗੇ ਜੰਦਰ,
ਉੱਪਰੋਂ ਚਾਹੇ ਬਾਣਾ ਸੁਥਰਾ ਹੈ, ਪਰ ਰੂਹ ਕਿਸ ਨੇ ਸ਼ਿੰਗਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਏਥੇ ਸਿਰੇ ਦੇ ਆਸ਼ਕ ਘੁੰਮਦੇ ਨੇ, ਮੱਥੇ 'ਤੇ ਕਿਸ ਦੇ ਲਿਖਿਆ ਏ,
ਪਰਾਈ ਇੱਜ਼ਤ ਦੇ ਨਾਲ ਖੇਡਣ ਦਾ, ਬੱਲ ਪੀੜ੍ਹੀ ਕੋਲੋਂ ਸਿੱਖਿਆ ਏ,
ਲੋਕ ਆਪਣੀ ਇੱਜ਼ਤ ਤੋਂ ਡਰਦੇ, ਕਹਿ ਦਿੰਦੇ ਇਹ ਬ੍ਰਹਮਚਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਨਿਆਂ ਕਿਸ ਦੇ ਤਾਈਂ ਮਿਲਦਾ ਏ, ਸੱਚਿਆਂ ਦੇ ਤਾਈਂ ਜੇਲ੍ਹ ਏਥੇ,
ਹੱਥ ਠੋਕਾ ਬਣਿਆ ਮੁਜ਼ਰਮ ਦਾ, ਨਿਆਂਤੰਤਰ ਹੋਇਆ ਫੇਲ੍ਹ ਏਥੇ,
ਏਥੇ ਦੇਸ਼ ਮੇਰੇ ਦੀ ਉੱਜੜ ਰਹੀ, ਜੋ ਫੁੱਲਾਂ ਭਰੀ ਕਿਆਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਆਪਣਾ ਆਪਣੇ ਨਾਲ ਖੇਡ ਰਿਹਾ, ਏਥੇ ਚੌਸਰ ਦੀ ਬਾਜ਼ੀ ਜੀ,
ਚੁੱਪ ਕਰਕੇ ਰੱਬ ਵੀ ਦੇਖ ਰਿਹਾ, ਏਸੇ ਵਿੱਚ ਲੱਗਦੈ ਰਾਜ਼ੀ ਜੀ,
ਹੈ ਵਾਰ ਪਿੱਠ 'ਤੇ ਕਰਦਾ ਜੋ, ਕਹਿੰਦੇ ਇਹ ਅਸਲ ਜੁਆਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਏਥੇ ਕੋਈ ਕਿਸੇ ਦਾ ਸਕਾ ਨਹੀ, ਸਭ ਉੱਪਰੀ ਰਿਸ਼ਤੇਦਾਰੀਆਂ ਨੇ,
ਏਥੇ ਯਾਰ ਮਾਰ ਦੀ ਪਿਰਤ ਚੱਲੀ, ਇਹੋ ਜਿਹੀਆਂ ਏਥੇ ਯਾਰੀਆਂ ਨੇ,
ਐਸੀ ਅੱਤਿਆਚਾਰੀ ਦੇਖਦੇ ਆਂ, ਤਾਂ ਸੀਨੇ ਫਿਰਦੀ ਆਰੀ ਆ
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਐਸਾ ਆਤਮਾ ਪੱਖੋਂ ਰੋਗ ਲਗਾ, ਕੈਸਾ ਇਹ ਵੱਜਦੈ ਢੋਲ ਡਗਾ,
ਨਾਲ ਓਪਰੇਪਨ ਦੇ ਭਰਿਆ ਜੋ, ਉਹੀ ਆਖੇ ਹਾਂ ਮੈਂ ਇਹਦਾ ਸਗਾ,
ਤੰਦਰੁਸਤ ਆਤਮਾ ਮਿਲਦੀ ਨਾ, ਪਈ ਜਕੜੀ ਨਾਲ ਮਹਾਂਮਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਛਾਤੀ ਤਾਈਂ ਛਲਣੀ ਕੀਤਾ ਮੈਂ, ਉਹਦੇ ਹੱਕਾਂ 'ਤੇ ਬਦਨੀਤਾ ਮੈਂ,
ਉਹਦੀ ਮੌਤ ਵਾਲੇ ਉਦਘਾਟਨ ਦਾ, ਕੱਲ੍ਹ ਈ ਤਾਂ ਕੱਟਿਆ ਫ਼ੀਤਾ ਮੈਂ,
ਪਹਿਲਾ ਉਹਦੀ ਸੀ, ਫਿਰ ਉਹਦੀ ਸੀ, ਪਰ ਅੱਜ ਤਾਂ ਤੇਰੀ ਵਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਇਹਨੂੰ ਪੰਜ ਵਿਕਾਰਾਂ ਜ਼ਕੜ ਲਿਆ, ਮੈਂ ਦੀ ਚੜੇਲ ਨੇ ਪਕੜ ਲਿਆ
ਇਹਨੇ ਗਧੇ ਦੇ ਤਾਈਂ ਬਾਪ ਬਣਾ ਕੇ, ਸ਼ਰੀਫ਼ਾਂ ਅੱਗੇ ਅਕੜ ਲਿਆ
ਇਹਦਾ ਵੀ ਕੋਈ ਦੋਸ਼ ਨਹੀਂ, ਕਿਉਂਕਿ ਇਹ ਤਾਂ ਇਕ ਸੰਸਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਹਰ ਕੋਈ ਮਸੀਹਾ ਬਣ ਜਾਵੇ, ਫਿਰ ਦੁਨੀਆਂ ਕਿੱਦਾ ਚੱਲੂਗੀ,
ਕਿਰਤੀ ਦੇ ਪਸੀਨੇ ਤੇਲ ਵਿੱਚੋਂ, ਇਹ ਕਿਵੇਂ ਪਕੌੜੇ ਤੱਲੂਗੀ,
ਉਸ ਰੱਬ ਦੀ ਲੀਲਾ ਉਹ ਜਾਣੇ, ਉਹਦੀ ਲੀਲਾ ਬੜੀ ਨਿਆਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਜੈਸੀ ਸੰਗਤ ਵੈਸੀ ਰੰਗਤ ਏ, ਬੜੀ ਲੰਬੀ ਲੱਗੀ ਪੰਗਤ ਏ,
ਭੁੱਖ ਮਿਟਦੀ ਨਾ ਇੱਥੇ ਬੰਦੇ ਦੀ, ਇਹ ਹੋਰ ਜ਼ਿਆਦਾ ਮੰਗਤ ਏ
ਲੱਗਦੈ ਬੰਦੇ ਦੀ ਅਕਲ ਉੱਤੇ, ਜਿੱਥੇ ਫਿਰਦੀ ਨਿੱਤ ਬਹਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ ਬੜਾ ਜੁਗਾੜੀ ਆ....

ਸਰੋਏ ਮਾਨਵਤਾ ਦੀ ਗੱਲ ਕਰੇ, ਪਰਸ਼ੋਤਮ! ਲੋਕਾਂ ਨੂੰ ਰਾਸ ਨਹੀਂ,
ਜਿੱਥੇ ਕੂੜ-ਕਰੱਤਣ ਵਿੱਚੋਂ ਵੀ, ਆਉਂਦੀ ਲੋਕਾਂ
ਨੂੰ ਵਾਸ ਨਹੀਂ,
ਮਨੁੱਖਤਾਂ ਦੇ ਸਿੰਗ ਵੀ ਮਾਰ ਰਿਹਾ, ਏਥੇ
ਭੁਸਰਿਆ ਸਾਨ੍ਹ ਸਰਕਾਰੀ ਆ।
ਮੈਂ ਓਸ ਦੇਸ਼ ਦਾ ਵਾਸੀ ਹਾਂ, ਜਿੱਥੇ ਬੰਦਾ
ਬੜਾ ਜੁਗਾੜੀ ਆ....



**ਪਰਸ਼ੋਤਮ ਲਾਲ ਸਰੋਏ,**
91-92175-44348

## ਵਿਅੰਗ ਲਿਖਤ

# ਦੋਹਤੇ ਦੀ ਇਲਤ ਬਨਾਮ ਨਾਨੇ ਦਾ ਬਚਪਨ!

ਸਾਡੇ ਘਰਾਂ ਨੇੜੇ ਪਾਰਕ ਵਿੱਚ ਆਹ ਉੱਚਾ ਸ਼ਿਕੰਜਾ ਜਿਹਾ ਤਾਂ ਇਹਦੇ ਨਾਲ ਲਟਕ ਲਟਕ ਕੇ ਵਰਜ਼ਿਸ਼ ਕਰਨ ਵਾਸਤੇ ਬਣਿਆਂ ਹੋਇਆ ਹੈ ਪਰ ਸਾਡਾ ਦੋਹਤਾ ਅਮਿਤੋਜ ਸਿੰਘ ਕੱਲ੍ਹ ਕਹਿੰਦਾ ਨਾਨਾ ਜੀ ਮੈਨੂੰ ਇਹਦੇ ਉੱਤੇ ਚੜ੍ਹਾ ਕੇ ਬਿਠਾਉ ! ਮੈਂ ਉਸਨੂੰ ਬਥੇਰਾ ਮਨ੍ਹਾਂ ਕਰਦਾ ਰਿਹਾ ਪਰ ਆਖਰ ਮੈਨੂੰ 'ਬਾਲ ਹਠ' ਅੱਗੇ ਝੁਕਦਿਆਂ ਉਸਨੂੰ ਉੱਤੇ ਬਿਠਾਉਣਾ ਪਿਆ! ਇਸਤੋਂ ਮੈਨੂੰ ਬਚਪਨ ਤੋਂ ਗਭਰੇਟ ਹੋਣ ਵਾਲ਼ੇ ਆਪਣੇ ਦਿਨਾਂ ਦੀ ਇੱਕ ਗੱਲ ਚੇਤੇ ਆ ਗਈ-

ਅਸੀਂ ਤਿੰਨ ਸਾਥੀ ਗਏ ਹੋਲਾ ਮਹੱਲਾ ਦੇਖਣ ਵਾਸਤੇ ਸ੍ਰੀ ਅਨੰਦ ਪੁਰ ਸਾਹਿਬ। ਉਦੋਂ ਉੱਥੇ ਤਖਤ ਸ੍ਰੀ ਕੇਸ ਗੜ੍ਹ ਸਾਹਬ ਦੇ ਸਾਹਮਣੇ ਪਾਣੀ ਦੀ ਵੱਡੀ ਟੈਂਕੀ ਨਵੀਂ ਨਵੀਂ ਬਣੀ ਸੀ। ਅਸੀਂ ਤਿੰਨਾਂ ਮਿੱਤਰਾਂ ਨੇ ਸਲਾਹ ਕੀਤੀ ਕਿ ਟੈਂਕੀ ਦੇ ਉੱਪਰ ਚੜ੍ਹ ਕੇ ਆ਼ਲਾ ਦੁਆ਼ਲਾ ਦੇਖੀਏ! ਉਨ੍ਹਾਂ ਦਿਨਾਂ ਵਿੱਚ ਸਾਡੇ ਪੇਂਡੂਆਂ ਲਈ ਉਹ ਏਡੀ ਵੱਡੀ ਤੇ ਉੱਚੀ ਟੈਂਕੀ ਹੀ ਇੱਕ ਕਿਸਮ ਦਾ 'ਅਜੂਬਾ' ਸੀ..... ਸੋ ਅਸੀਂ ਤਿੰਨੋਂ ਜਣੇ ਟਪੂਸੀਆਂ ਮਾਰਦੇ ਟੈਂਕੀ ਦੇ ਸਿਖਰ ਜਾ ਚੜ੍ਹੇ !

ਚਲੋ ਖ਼ੈਰ,ਘਰੇ ਮੁੜਕੇ ਆ ਕੇ ਮੈਂ ਤਾਂ ਟੈਂਕੀ ਉੱਤੇ ਚੜ੍ਹਨ ਬਾਰੇ ਆਪਣੇ ਪਿਤਾ ਨੂੰ ਇਹ ਸੋਚਦਿਆਂ ਹੋਇਆਂ ਹੁੱਬ ਕੇ ਦੱਸਿਆ ਕਿ ਉਹ ਸਾਡੇ ਹੌਂਸਲੇ ਦੀ ਦਾਦ ਦੇਣਗੇ ਕਿ ਬਈ ਤੁਸੀਂ ਤਾਂ 'ਕਮਾਲ' ਕਰ ਦਿੱਤੀ !

ਪਰ ਭਾਈਆ ਜੀ ਉਲਟਾ ਕਹਿੰਦੇ-

"ਤੁਹਾਨੂੰ ਤਿੰਨਾਂ ਨੂੰ ਟੈਂਕੀ ਉੱਪਰ ਚੜ੍ਹਦਿਆਂ ਨੂੰ ਦੇਖ ਦੇਖ ਕੇ ਹੇਠਾਂ ਖੜ੍ਹੇ ਲੋਕ ਜਰੂਰ ਸੋਚਦੇ ਹੋਣੇ ਆਂ ਕਿ ਆਹ ਤਿੰਨੋਂ ਬਾਂਦਰ ਇੱਕੋ ਪਿੰਡ ਦੇ ਹੀ ਹੋਣਗੇ?"



**- ਤਰਲੋਚਨ ਸਿੰਘ 'ਦੁਪਾਲ ਪੁਰ'**
001-408-915-1268

## ਮਿੰਨੀ ਕਹਾਣੀ

# ਬਿਸਕੁਟ

ਸੁਖਦੇਵ ਸਿੰਘ ਦੀ ਰਿਟਾਇਰਮੈਂਟ ਨੇੜੇ ਸੀ। ਕਲਰਕ ਨੇ ਪਹਿਲਾਂ ਹੀ ਕਹਿਣਾ ਸ਼ੁਰੂ ਕਰ ਦਿੱਤਾ, "ਆਪਾਂ ਸਾਰੇ ਪੈਸੇ ਕਢਾਉਣ ਲਈ ਪਹਿਲਾਂ ਹੀ ਸਾਰੇ ਕਾਗਜ਼ ਤਿਆਰ ਕਰ ਦੇਣੇ ਨੇ,ਚਿੰਤਾ ਨਾ ਕਰੋ ਮੇਰੇ ਹੁੰਦੇ" ਸੁਖਦੇਵ ਸਿੰਘ ਦਾ ਅਡਵਾਂਸ ਜੀ.ਪੀ.ਐਫ. ਚਾਰ ਮਹੀਨੇ ਪਹਿਲਾਂ ਹੀ ਪਾਸ ਹੋ ਕੇ ਆ ਗਿਆ । ਬਿੱਲ ਬਣਾ ਕੇ ਖਜ਼ਾਨੇ ਭੇਜ ਦਿੱਤਾ ਗਿਆ। ਮਹੀਨਾ ਲੰਘ ਗਿਆ ।ਸੁਖਦੇਵ ਸਿੰਘ ਨੂੰ ਕੋਈ ਕਾਹਲੀ ਨਹੀਂ ਸੀ। ਉਸ ਨੂੰ ਪੈਸੇ ਦੀ ਕੋਈ ਲੋੜ ਨਹੀਂ ਸੀ। ਕਲਰਕ ਸਾਬ੍ਹ ਕਹਿਣ ਲੱਗੇ, "ਸਰਕਾਰ ਦਾ ਕੀ ਪਤਾ, ਪੈਸੇ ਲੈ ਦੇ ਕੇ ਹੱਥ 'ਚ ਕਰ ਲਓ'। ਪਰ ਸੁਖਦੇਵ ਨੇ ਕੋਈ ਹੁੰਗਾਰਾ ਨਾ ਦਿੱਤਾ। ਆਪਣੇ ਆਪ ਬਿਨ੍ਹਾਂ ਕਹੇ ਹੀ ਇੱਕ ਦਿਨ ਬਾਬੂ ਕਹਿਣ ਲੱਗਾ,

'ਖਜ਼ਾਨੇ ਤੋਂ ਫੋਨ ਆਇਆ , ਪੈਸੇ ਕਢਾਉਣੇ ਨੇ'

"ਕਢਾਉਣੇ ਹੀ ਨੇ, ਦੱਸੋ"

ਉਮੈਂ ਪਤਾ ਕਰਕੇ ਦੱਸਦਾਂ" ਥੋੜੀ ਦੇਰ ਬਾਅਦ ਫੋਨ ਕਰਨ ਤੋਂ ਬਾਅਦ,"ਪੰਜ ਹਜ਼ਾਰ ਕਹਿੰਦਾ"

"ਰਹਿਣ ਦਿਓ, ਆਪਾਂ ਨੂੰ ਕਿਹੜਾ ਕੋਈ ਲੋੜ ਏ" ਸੁਖਦੇਵ ਸਿੰਘ ਨੇ ਕੋਰਾ ਜਵਾਬ ਦੇ ਦਿੱਤਾ। ਪਰ ਦੂਜੇ ਦਿਨ ਦਸ ਕੁ ਵਜੇ ਸੁਖਦੇਵ ਸਿੰਘ ਕੋਲ ਆਕੇ ਕਹਿਣ ਲੱਗਾ ਉਅੱਜ ਪੈਸੇ ਪੈ ਜਾਣਗੇ" ਸੁਖਦੇਵ ਸਿੰਘ ਸਾਰੀ ਚਾਲ ਸਮਝ ਗਿਆ ਕਿ ਪੈਸੇ ਤਾਂ ਆਪਣੇ ਆਪ ਰੁਟੀਨ 'ਚ ਪੈਣੇ ਹੀ ਸਨ।ਬਾਰਾਂ ਵਜੇ ਬੈਂਕ ਵਲੋਂ ਸੁਖਦੇਵ ਸਿੰਘ ਨੂੰ ਖਾਤੇ 'ਚ ਪੈਸੇ ਪੈਣ ਦਾ ਮੈਸ਼ੇਜ ਆ ਗਿਆ।

ਸੁਖਦੇਵ ਸਿੰਘ ਨੇ ਫਿਰ ਵੀ ਆਪਣੇ ਕੁਲੀਗ ਦੇ ਮੂੰਹ-ਮਲ੍ਹਾਜੇ ਲਈ ਖਜਾਨੇ ਵਾਲੇ ਲਈ ਚਾਹ ਪਾਣੀ ਲਈ ਪੁੱਛ ਲਿਆ। ਅੱਗੋਂ ਕਲਰਕ ਸਾਬ੍ਹ ਨੇ ਪੰਦਰਾਂ ਸੌ ਰੁਪਏ ਫਿਰ ਵੀ ਮੰਗ ਲਏ। ਸੁਖਦੇਵ ਸਿੰਘ ਸੋਚ ਰਿਹਾ ਸੀ ਕਿ ਕਲਰਕ ਦੀ ਜ਼ਮੀਰ ਕਿਹੋ ਜਿਹੀ ਹੈ ਜਿਹੜਾ ਦਾਨ ਪੁੰਨ ਦੀਆਂ ਵਾਹਵਾ ਗੱਲਾਂ ਕਰਦਾ ਪਰ ਆਹ ਤਾਂੜੜ.। ਉਸ ਨੇ ਆਪਣੇ ਦਫਤਰ ਵਿੱਚ ਕਈ ਕਿਸਮ ਦੇ ਬਿਸਕੁਟ ਰੱਖੇ ਹੋਏ ਸਨ ਜਿਹੜੇ ਉਹ ਹਰੇਕ ਨੂੰ ਖਾਣ ਨੂੰ ਦਿੰਦਾ ,ਸੁਖਦੇਵ ਸਿੰਘ ਨੂੰ ਵੀ ਕਈ ਵਾਰ ਉਸ ਦੇ ਵਾਰ-ਵਾਰ ਕਹਿਣ ਤੇ ਬਿਸਕੁਟ ਖਾਣੇ ਪਏ ਸੀ। ਹੁਣ ਸੁਖਦੇਵ ਸੋਚ ਰਿਹਾ ਸੀ ਕਿ ਇਹ ਬਿਸਕੁਟ ਤਾਂ ਉਸ ਦੇ ਪੈਸਿਆਂ ਦੇ ਹੀ ਹਨ।



**-ਮੇਜਰ ਸਿੰਘ ਨਾਭਾ**

# ਪੰਜਾਬੀ ਫਿਲਮ ਚਰਚਾ

– ਅੰਮ੍ਰਿਤ ਪਵਾਰ



**ਯੂ.ਐਸ.ਏ.- ਫ਼ਿਲਮੀ ਸ਼ੋਅ ਤੇ ਪ੍ਰੀਤੋ ਸਾਹਨੀ**

ਨਰਗਿਸੀ ਅੱਖੀਆਂ ਨਾਲ, ਬੁੱਲ੍ਹੀਆਂ ਵਿਚੋਂ ਖੰਡ-ਮਿਸ਼ਰੀ ਲਪੇਟੇ ਲਫ਼ਜ ਕੱਢ ਮਾਇਕ ਤੇ ਬੋਲਦੀ ਪ੍ਰੀਤੋ ਸਾਹਨੀ ਯੂ.ਐਸ.ਏ. ਵਿਖੇ ਖੂਬ ਚਰਚਿਤ ਹੋ ਰਹੀ ਹੈ। ਅਭਿਨੇਤਰੀ ਤੇ ਐਂਕਰ ਪ੍ਰੀਤੋ ਨੇ ਆਰ.ਨੇਤ, ਜੋਬਨ ਸੰਧੂ ਤੇ ਰਣਜੀਤ ਬਾਵਾ ਦੇ ਸ਼ੋਅਜ 'ਚ ਆਪਣੀ ਸਟੇਜ ਪੇਸ਼ਕਾਰੀ ਨਾਲ ਬੱਲੇ-ਬੱਲੇ ਕਰਵਾਈ ਹੈ। ਹੁਣ ਤੀਆਂ ਉਹ ਸਤਵਿੰਦਰ ਬਿੱਟੀ ਨਾਲ ਮਨਾ ਰਹੀ ਹੈ। ਬੇਕਰਜਫੀਲਡ, ਫਰਿਜ਼ਨੋ, ਕੈਲੇਫੋਰਨੀਆਂ ਤੇ ਅਮਰੀਕਾ ਪ੍ਰੀਤੋ ਸਾਹਨੀ ਦੀ ਸਟੇਜ ਪੇਸ਼ਕਾਰੀ ਦਾ ਮੁਰੀਦ ਹੋ ਗਿਆ ਹੈ।

**ਪਾਲੀਵੁੱਡ ਹੋਇਆ ਪ੍ਰਵੇਸ਼-ਅਨਮੋਲ ਬਾਠ**

ਰਣਬੀਰ ਕਪੂਰ ਹੀ ਉਹ ਪੰਜਾਬੀ ਮਨੋਰੰਜਨ ਸੰਸਾਰ ਦਾ ਤੇ ਹੀਰੋ ਦਿੱਖ ਉਸ ਕੋਲ ਕੁਦਰਤੀ ਹੈ ਤੇ ਹੁਣ ਸ਼ੰਮੀ ਖਾਨ ਨਾਲ ਇੱਕ ਗਾਣਾ ਤੇ ਖੁਦ ਇੱਕ ਅਜੈ ਸਿੰਘ ਨਾਲ ਗਾਣਾ ਕਰ ਕਿ ਅਨਮੋਲ ਬਾਠ ਆਪਣਾ ਟੇਲੈਂਟ ਨਿਖਾਰ ਗਿਆ ਹੈ । ਹੁਣ ਅਨਮੋਲ ਬਾਠ ਨੂੰ ਪਾਲੀਵੁੱਡ ਫ਼ਿਲਮਾਂ ਐਕਟਰ ਵਜੋਂ ਮਿਲ ਰਹੀਆਂ ਹਨ ਤੇ ਜਲਦੀ ਹੀ ਉਹ ਸਹਿਨਾਇਕ ਬਣ ਨਜ਼ਰ ਆਵੇਗਾ।

**ਆਲੀਆ ਅਨਜਾਣ ਦਾ ਹੋਇਆ ਫੋਟੋ ਸ਼ੈਸਨ**

ਗਾਇਕਾ ਆਲੀਆ ਅਨਜਾਣ ਦੀ ਕਿਸਮਤ ਤੇਜ਼ ਹੈ। ਗਾਇਕੀ 'ਚ ਉਸਦੀ ਗੱਲ ਚੰਗੀ ਬਣ ਰਹੀ ਹੈ ਤੇ ਇਧਰ 'ਸਕਰੀਨ ਬਿਊਟੀ'' ਹੋਣ ਕਾਰਣ ਉਸਨੂੰ ਮੁੰਬਈ ਦੀ ਇੱਕ ਕੰਪਨੀ ਨੇ ਫੋਟੋ ਸ਼ੈਸ਼ਨ ਕਰਵਾਉਣ ਲਈ ਕਿਹਾ ਹੈ। ਸੰਭਵ ਹੈ ਕਿ ਪਰਦੇ ਦੀ ਸੁੰਦਰਤਾ ਵਧੀਆ ਹੋਣ ਕਰ ਕਿ ਆਲੀਆ ਅਨਜਾਣ ਜਲਦ ਹੀ ਪੰਜਾਬ ਤੇ ਮੁੰਬਈ ਚਲੀ ਜਾਵੇ। ਨਵੇਂ ਟਰੈਕ ਦਾ ਸੰਗੀਤ ਵੀ ਆਲੀਆ ਮੁੰਬਈ ਤੋਂ ਹੀ ਕਰਵਾ ਰਹੀ ਹੈ।

**ਆ ਗਈ ਰੁਖ਼ਸਾਰ**

ਲੰਡਨ 'ਚ ਮਾਂ ਦੀ ਗੋਦ 'ਚ ਪਈ ਤੇ ਗੋਆ ਆ ਕਿ ਜਵਾਨ ਹੋਈ ਅਭਿਨੇਤਰੀ ਰੁਖ਼ਸਾਰ ਹੁਣ ਪਰਿਵਾਰ ਸਮੇਤ ਮੁੰਬਈ 'ਚ ਹੈ। ਧੀਰਜ ਰਤਨ ਦੀ 'ਤੁਫਾਂਗ' ਫ਼ਿਲਮ ਦੀ ਨਾਇਕਾ ਰੁਖ਼ਸਾਰ ਢਿੱਲੋਂ ਜੱਟੀ ਹੈ । ਕੰਨੜ, ਤੇਲਗੂ ਫ਼ਿਲਮਾਂ ਦੀ ਸਟਾਰ ਰੁਖ਼ਸਾਰ ਬਹੁਤ ਖੁਸ਼ ਹੈ ਕਿ ਆਪਣੀ ਬੋਲੀ ਦੀ ਫ਼ਿਲਮ ਉਸਨੇ ਕੀਤੀ ਹੈ । ਰੁਖ਼ਸਾਰ ਢਿੱਲੋਂ ਜਿਆਦਾ ਤੋਂ ਜਿਆਦਾ ਪੰਜਾਬੀ ਸਿਨੇਮਾ 'ਚ ਸਮਾਂ ਗੁਜਾਰਨਾ ਚਾਹੁੰਦੀ ਹੈ । ਸਾਊਥ ਦੀ ਤਾਂ ਉਹ ਸਟਾਰ ਹੈ।

**ਗਾਇਕ-ਨਾਇਕ ਲਈ ਭੰਗੜਾ ਜਰੂਰੀ – ਪੰਮਾ ਮੱਲ੍ਹੀ**

'ਮੋਰਨੀ' 'ਕਰੋਨਾ' ਤੇ ਹੁਣ 'ਸਲੂਟ' ਗੀਤਾਂ ਨਾਲ ਪੰਮਾ ਮੱਲ੍ਹੀ ਦੀ ਪਛਾਣ ਹੈ। ਫ਼ਿਲਮਾਂ ਲਈ ਤਿਆਰੀ ਕਰ ਰਹੇ ਪੰਮਾ ਮੱਲ੍ਹੀ ਨੇ ਬਕਾਇਦਾ ਭੰਗੜਾ ਵੀ ਸਿੱਖਿਆ ਹੈ। ਪੰਮਾ ਮੱਲ੍ਹੀ ਅਨੁਸਾਰ ਬਿਨ ਭੰਗੜੇ ਦੇ ਸਟੇਜ ਵੀ ਨਹੀਂ ਹੁੰਦੀ ਤਾਂ ਫ਼ਿਲਮਾਂ ਲਈ ਤਾਂ ਇਹ ਖਾਸ ਜਰੂਰੀ ਹੈ। ਅੱਜ ਕੱਲ ਪੰਮਾ ਮੱਲੀ ਫ਼ਿਲਮਾਂ ਗਾਇਕੀ ਦੇ ਨਾਲ-ਨਾਲ ਪੰਜਾਬ ਪੁਲਿਸ 'ਚ ਵੀ ਸੇਵਾ ਕਰ ਰਿਹਾ ਹੈ।

**ਸੁਖਵੰਤ ਚੇਤਨਪੁਰੀ ਦੀ ਖਰੀ ਖਰੀ**

ਗਾਇਕ ਸੁਖਵੰਤ ਚੇਤਨਪੁਰੀ ਨੇ ਦੋਗਾਣਾ ਗਾਇਕੀ ਵਿੱਚ ਕਰਵਾਈ ਹੈ ਬੱਲੇ-ਬੱਲੇ ਤੇ ਹੁਣ ਉਹ ਫ਼ਿਲਮਾਂ ਵੱਲ ਯੋਜਨਾ ਬਣਾ ਰਿਹਾ ਹੈ।

ਸੁਖਵੰਤ ਚੇਤਨਪੁਰੀ ਨੇ ਖਰੀ ਗੱਲ ਕੀਤੀ ਕਿ ਚਮਕੀਲੇ ਤੇ ਬਣੀ ਫ਼ਿਲਮ 'ਚ ਉਸਦੇ ਪਰਿਵਾਰ ਨੂੰ ਅਣਗੌਲਿਆ ਕਰਨਾ ਬੁਰੀ ਗੱਲ ਹੈ । ਕਿਉਂਕਿ ਜਿਹਨਾਂ ਦੇ ਸਿਰ ਤੇ ਕਮਾਉਣਾ ਉਹਨਾਂ ਦੀ ਪੁੱਛ ਹੀ ਨਹੀਂ।















ਅੱਜ ਪ੍ਰੋਫੈਸਰ ਮਲਕੀਤ ਜੌੜਾ ਪੰਜਾਬੀ ਵਿਭਾਗ ਵਲੋਂ ਆਪਣੀ ਨੌਵੀਂ ਪੁਸਤਕ 'ਪੰਜਾਬੀ ਕਵਿਤਾ ਦਾ ਮੁਹਾਂਦਰਾ (ਆਲੋਚਨਾ) ਪ੍ਰਿੰਸੀਪਲ ਮੈਡਮ ਡਾ. ਸ਼ਸ਼ੀ ਬਾਲਾ ਨੂੰ ਭੇਟ ਕੀਤੀ ਗਈ। ਇਸ ਮੌਕੇ ਪ੍ਰਿੰਸੀਪਲ ਮੈਡਮ ਨੇ ਮਲਕੀਤ ਜੌੜਾ ਦੇ ਸਾਹਿਤ, ਸੱਭਿਆਚਾਰ ਵਿੱਚ ਪਾਏ ਯੋਗਦਾਨ ਲਈ ਉਹਨਾਂ ਨੂੰ ਮੁਬਾਰਕਬਾਦ ਦਿੱਤੀ ਗਈ ਅਤੇ ਇਸ ਕਾਰਜ ਵਿੱਚ ਇਸੇ ਤਰਾਂ ਹੋਰ ਵੱਧ ਚੜ੍ਹ ਕੇ ਯੋਗਦਾਨ ਪਾਉਣ ਲਈ ਉਤਸ਼ਾਹਿਤ ਕੀਤਾ ਗਿਆ। ਇਸ ਮੌਕੇ ਪ੍ਰੋਫੈਸਰ ਰਮਿੰਦਰਜੀਤ ਕੌਰ, ਸੋਨੀਆ ਚਾਹਲ, ਪਰਵਿੰਦਰ ਕੌਰ, ਦਕਸ਼ ਸੋਹਲ ਅਤੇ ਸ. ਭੁਪਿੰਦਰ ਸਿੰਘ ਹਾਜ਼ਰ ਸਨ।

## ਕਾਵਿ-ਵਿਅੰਗ

# ਹਾਲਾਤੇ ਪੰਜਾਬ !



ਆਖਰ ਪੈਂਦੇ ਨੇ ਰੋਕਣੇ ਬਹੁਤ ਮਹਿੰਗੇ
ਵਹਿਣ ਕੁਦਰਤੀ ਆਏ ਜੋ ਚੱਲਦੇ ਨੇ।

ਰਾਜਸਥਾਨ ਹਿਮਾਚਲ ਹਰਿਆਣੀਉਂ ਜੀ
ਦੇਖੋ 'ਹਾਲੇ-ਪੰਜਾਬ' ਅਜ ਕੱਲ੍ਹ ਦੇ ਨੇ।

ਚਾਹੁੰਦੇ ਲੁੱਟਣਾ 'ਐਸ.ਵਾਈ.ਐਲ' ਰਾਹੀਂ
ਪਾਏ ਪੁਆੜੇ ਇਹ 'ਪੰਜੇ ਤੇ ਦਲ' ਦੇ ਨੇ।

ਮਸਲਾ ਕਿਸੇ ਵੀ ਤਰਾਂ ਇਹ ਮੁੱਕਣਾ ਨਾ
'ਰਾਇਪੇਰੀਅਨ' ਰਸਤੇ ਹੀ ਹੱਲ ਦੇ ਨੇ।

ਘੱਲਦੇ 'ਪੱਕੀ ਪਕਾਈ' ਦੁਖਿਆਰਿਆਂ ਨੂੰ
ਬਖਸ਼ੇ ਹੋਏ ਇਹ 'ਬਾਬੇ ਅਟੱਲ' ਦੇ ਨੇ।

ਮਾਲਕ ਉਹੀ ਦਰਿਆਵਾਂ ਤੇ ਪਾਣੀਆਂ ਦੇ
ਜਿਹੜੇ ਹੜ੍ਹਾਂ ਦੀ ਮਾਰ ਵੀ ਝੱਲਦੇ ਨੇ!

**-ਤਰਲੋਚਨ ਸਿੰਘ ਦੁਪਾਲ ਪੁਰ**
001-408-915-1268

## ਹਾਸ-ਵਿਅੰਗ

# ਇਤਿਹਾਸਕ ਫੈਸਲਾ



**ਮੰਗਤ ਕੁਲਜਿੰਦ**
91-94177-53892
ਵੱਟਸ ਐਪ +1 425 286 0163

ਅੱਜ ਕੱਲ ਜਣਾ ਖਣਾ ਹੀ ਇਤਿਹਾਸ ਵਿੱਚ ਜੀਅ ਰਿਹਾ ਹੈ। ਲੱਗਦੈ ਵਰਤਮਾਨ ਦੀ ਜੱਗ ਤੋਂ ਤੇਰਵੀਂ ਅਸੀਂ ਦੋ ਹਜ਼ਾਰ ਦੇ ਨੋਟ ਵਾਂਗ ਕਰ ਚੁੱਕੇ ਹਾਂ। ਬੱਚੇ ਤੋਂ ਲੈ ਕੇ ਬੁਢਿਆਂ ਤੱਕ, ਬੰਦੇ ਤੋਂ ਲੈਕੇ ਬੰਦੀ ਤੱਕ,ਘਰਾਂ ਤੋਂ ਲੈ ਕੇ ਦੇਸ਼ ਵਿਦੇਸ਼ਾਂ ਤੱਕ ਅਤੇ ਸੰਸਥਾਵਾਂ, ਜੱਥੇਬੰਦੀਆਂ, ਪਾਰਟੀਆਂ ਦੇ ਕਰਤੇ-ਧਰਤੇ ਸੱਭ ਹੀ ਇਤਿਹਾਸਕ ਫੈਸਲੇ ਲੈ ਰਹੇ ਹਨ। ਵੇਖੋ ਨਾ... ਦੇਸ਼ ਦੇ ਪ੍ਰਧਾਨ ਮੰਤਰੀ ਜੀ ਨੇ ਨਵੇਂ ਬਣੇ ਸੰਸਦ ਭਵਨ ਦਾ ਉਦਘਾਟਨ ਕੀਤਾ ਜਾਣੀ ਕਿ ਲੋਕ-ਅਰਪਣ ਕੀਤਾ (ਕੀਤਾ ਤਾਂ ਲੋਕਾਂ ਨੂੰ ਅਰਪਣ ਪਰ ਲੋਕਾਂ ਲਈ ਬਣੀ ਇਸ ਇਮਾਰਤ ਦੇ ਨੇੜੇ ਆਮ ਲੋਕਾਂ ਨੂੰ ਤਾਂ ਢੁਕਣ ਨਹੀਂ ਦਿੱਤਾ ਜਾਵੇਗਾ ਇਹ ਤਾਂ ਵਿਗਿਆਨੀਆਂ ਦੀ ਮੇਹਰਬਾਨੀ ਹੈ ਕਿ ਲੋਕ ਘਰ ਬੈਠੇ ਬਿਠਾਏ ਉਸਦੇ ਦਰਸ਼ਨ ਫੋਟੋਆਂ ਰਾਹੀਂ ਕਰ ਲੈਣਗੇ, ਪਰ ਛੋਹ-ਪ੍ਰਾਪਤੀ ਦਾ ਆਨੰਦ.... ਸੁਪਨਾ ਹੀ ਸਮਝੋ।) ਪ੍ਰਧਾਨ ਜੀ ਨੇ ਇਸ ਨੂੰ ਇਤਿਹਾਸਕ ਫੈਸਲਾ ਕਹਿੰਦਿਆਂ ਆਪਣਾ ਮੋਢਾ ਥਾਪੜਿਆ ਹੈ।ਇਹ ਫੈਸਲਾ ਉਂਝ ਵੀ ਇਤਿਹਾਸਕ ਹੋ ਨਿਬੜਿਆ ਹੈ, ਅੱਜ ਤੱਕ ਕੋਈ ਵੀ ਪ੍ਰਧਾਨ ਮੰਤਰੀ ਜ਼ੁਅਰਤ ਨਹੀਂ ਕਰ ਸਕਿਆ ਕਿ ਦੇਸ਼ ਦੇ ਰਾਸ਼ਟਰਪਤੀ ਨੂੰ ਕੁਝ ਆਰਾਮ ਦਿਵਾ ਸਕੇ,ਅਕਸਰ ਹੀ ਰਾਸ਼ਟਰਪਤੀ ਵਿਚਾਰੇ ਹੱਥ 'ਚ ਕੈਂਚੀ ਫੜੀ ਫੀਤੇ ਕੱਟਣ ਦੇ ਕੰਮ 'ਚ ਹੀ ਰੁਝੇ ਰਹਿੰਦੇ ਨੇ-- ਇਸ ਗੱਲੋਂ ਤਾਂ ਇਹ ਇਤਿਹਾਸਕ ਫੈਸਲਾ ਹੀ ਹੋਇਆ ਨਾ?ਆਹ ਵੀ ਦੇਖੋ ਦੋ ਹਜ਼ਾਰ ਦੇ ਨੋਟ ਦੀ ਤੇਰਵੀਂ ਕਰਨ ਦਾ ਫੈਸਲਾ ਅਤੇ ਇਸ ਨੂੰ ਚਾਲੂ ਕਰਨ ਦਾ ਫੈਸਲਾ ਵੀ ਤਾਂ ਇਤਿਹਾਸਕ ਹੀ ਹਨ। ਜਿਵੇਂ ਖਰਬੂਜੇ ਨੂੰ ਵੇਖ ਕੇ ਖਰਬੂਜਾ ਵੀ ਰੰਗ ਫੜ੍ਹਨ ਲੱਗਦਾ ਹੈ।

ਉਸੇ ਤਰ੍ਹਾਂ ਰਾਜਾਂ ਦੀਆਂ ਸਰਕਾਰਾਂ ਨੇ ਵੀ ਸੋਚ ਲਿਆ- ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲੀ.... ਪੰਜਾਬ ਪ੍ਰਾਂਤ ਦੀਆਂ ਸਰਕਾਰਾਂ ਮੁੱਢ ਤੋਂ ਹੀ ਇਕ ਸੌ ਇਕ ਪਰਸੈਂਟ ਸੈਂਟਰ ਨੂੰ ਫਾਲੋ ਕਰ ਰਹੀਆਂ ਹਨ।ਇੰਨੀ ਤਕੜੀ ਡੀਲ ਡੌਲ ਵਾਲੇ ਪੰਜਾਬ ਨੂੰ ਕੱਟ ਵੱਢ ਕੇ ਪਿੱਦਾ ਜਿਹਾ ਬਣਾਉਣ ਦਾ ਫੈਸਲਾ,ਖੜਕਾ ਦੜਕਾ ਕਾਇਮ ਰੱਖਣ ਲਈ ਲੋਕਾਂ ਨੂੰ ਜਾਤਾਂ ਧਰਮਾਂ ਦੇ ਨਾਂ ਤੇ ਲੜਾਉਣ ਦਾ ਫੈਸਲਾ, ਹੋਰ ਤਾਂ ਹੋਰ ਅਮੀਰਾਂ ਦੀ ਅਮੀਰੀ ਨੂੰ ਕਾਇਮ ਰੱਖਣ ਲਈ ਉਹਨਾਂ ਨੂੰ ਮੁਫਤੋ-ਮੁਫਤੀ ਬਿਜਲੀ, ਪਾਣੀ, ਭੱਤਿਆ ਆਦਿ ਦੇ ਗੱਫੇ, ਲੱਗਭੱਗ ਸਾਰੀਆਂ ਸਰਕਾਰਾਂ ਦੇ ਇਤਿਹਾਸਕ ਫੈਸਲੇ ਹਨ।

ਧੰਨ ਹੈ ਸਾਡੀ ਮੌਜੂਦਾ ਸਰਕਾਰ, ਜਿਸ ਨੇ ਤਾਏ ਦੀ ਧੀ ਚੱਲੀ ਮੈਂ ਕਿਉਂ ਰਹਾਂ ਕੱਲੀ ਅਖਾਉਤ ਦੀ ਰੱਖ ਵਿਖਾਈ ਹੈ। ਮੁਫਤ ਖੋਰੀ ਨੂੰ ਬੜਾਵਾ ਦੇਣ ਲਈ ਬਿਜਲੀ ਮੁਫਤ, ਬੱਸਾਂ ਦਾ ਸਫਰ ਮੁਫਤ ਅਤੇ ਹੋਰ ਨਾ ਜਾਣੇ ਕੀ ਕੀ ਕੁਝ ਮੁਫਤ? ਕਈ ਆਂ ਨੇ ਸੋਚਿਆ ਸੀ- ਨਵੀਂ ਆਈ ਸਰਕਾਰ ਕੰਮ-ਸੱਭਿਆਚਾਰ ਪੈਦਾ ਕਰੇਗੀ। ਪਰ ਕਿੱਥੇ ਜੀ? ਅਸੀਂ ਕਿਸੇ ਦੀ ਧੀ ਭੈਣ ਤੋਂ ਘੱਟ ਆਂ? ਅਸਾਂ ਤਾਂ ਪੁਰਾਣੀਆਂ ਸਰਕਾਰਾਂ ਤੋਂ ਵੀ ਵੱਧ ਇਤਿਹਾਸਕ ਫੈਸਲੇ ਲੈ ਕੇ ਉਹਨਾਂ ਦਾ ਨੱਕ ਵੱਢਣਾ ਹੈ। ਇਸੇ ਤਰ੍ਹਾਂ ਮੁਲਾਜ਼ਮਾਂ ਦੀ ਮਹਿੰਗਾਈ ਦੀ ਰੁਕੀ ਹੋਈ ਕਿਸ਼ਤ ਨੂੰ ਜਾਰੀ ਬਾਅਦ 'ਚ ਕੀਤਾ ਐਲਾਨ ਪਹਿਲਾਂ.. 'ਅਸੀਂ ਇਤਿਹਾਸਕ ਫੈਸਲਾ ਲੈ ਲਿਆ ਹੈ।'

ਫਰਕ ਇੰਨਾਂ ਹੀ ਹੈ- ਪਹਿਲੀਆਂ ਸਰਕਾਰਾਂ ਮੁਲਾਜ਼ਮਾਂ ਨੂੰ ਇਕ ਬੁਰਕੀ ਦੇਣ ਲੱਗੀਆਂ ਪਹਿਲਾਂ ਹੀ ਗੱਜ ਬੱਜ ਕੇ ਸ਼ੋਰ-ਪ੍ਰਚਾਰ ਕਰਦੀਆਂ ਸਨ ਕਿ ਸਰਕਾਰੀ ਖਜ਼ਾਨੇ ਤੇ ਬੋਝ...ਸਰਕਾਰੀ ਖਜ਼ਾਨੇ ਤੇ ਬੋਝ! ਸਰਕਾਰ ਦੇ ਜਿੰਨੇ ਜਣੇ ਹੁੰਦੇ, ਸਾਰੇ ਹੀ ਕਈ ਕਈ ਦਿਨ ਕਲਕੂਲੇਸ਼ਨਾਂ 'ਚ ਰੁੱਝੇ ਰਹਿੰਦੇ ਬਈ ਇੰਨੇ ਮੁਲਾਜ਼ਮ,ਪ੍ਰਤੀ ਮੁਲਾਜ਼ਮ ਇੰਨੇ ਰੁਪੀਏ, ਕੁਲ ਬਣ ਗਏ ਇੰਨੇ..... ਤੇ ਇੰਨਿਆਂ ਤੋਂ ਕਈ ਗੁਣਾਂ ਵਧਾ ਕੇ ਦੱਸਣ ਲਈ ਇਹਨਾਂ 'ਚ ਜ਼ੋਰ ਅਜ਼ਮਾਈ ਹੁੰਦੀ ਰਹਿੰਦੀ। ਮੁਲਾਜ਼ਮ ਦੀ ਜੇਬ 'ਚ ਕੁਝ ਪੈਂਦਾ ਜਾਂ ਨਾ ਪਰ ਅਖਬਾਰਾਂ ਦਾ ਚਿਹਰਾ 'ਖਜ਼ਾਨੇ ਤੇ ਬੋਝ' ਸ਼ਬਦਾਂ ਨਾਲ ਭਰਿਆ ਭਰਿਆ ਲੱਗਦਾ।ਵਾਕਿਆ ਹੀ ਨਵੀਂ ਸਰਕਾਰ ਨੇ ਆਹ ਤਾਂ ਇਤਿਹਾਸਕ ਫੈਸਲਾ ਲੈ ਲਿਆ ਕਿ ਲਾਭਪਾਤਰੀਆਂ ਨੂੰ ਕੁਝ ਦੇਣ ਤੋਂ ਪਹਿਲਾਂ ਅਹਿਸਾਸ ਕਰਾਉਣ ਦੀ ਕਵਾਇਤ ਨੂੰ ਤੋੜ ਦਿੱਤਾ।

ਆਪਾਂ ਤਾਂ ਯਾਰ ਐਵੇਂ ਹੀ ਇਹਨਾਂ ਦੇ ਮਗਰ ਪੈ ਗਏ, ਆਪਾਂ ਕਿਹੜਾ ਘੱਟ ਹਾਂ ਇਤਿਹਾਸਕ ਫੈਸਲੇ ਲੈਣ 'ਚ।ਪਿੱਛੇ ਜਿਹੇ ਸਾਡੀ ਪਰਿਵਾਰਿਕ ਪਾਰਲੀਮੈਂਟ ਨੇ ਵੀ ਇਤਿਹਾਸਕ ਫੈਸਲਾ ਲੈ ਲਿਆ ਹੈ। ਪਹਿਲਾਂ ਅਸੀਂ ਅਮਰੀਕਾ ਨੂੰ ਅਮਰੀਕਾ ਹੀ ਕਹਿੰਦੇ ਸਾਂ ਪਰ ਇਤਿਹਾਸਕ ਫੈਸਲਾ ਲੈਂਦਿਆਂ ਅਸੀਂ ਹੁਣ 'ਸਾਡਾ ਅਮਰੀਕਾ' ਕਹਿਣਾ ਸ਼ੁਰੂ ਕਰ ਦਿੱਤਾ ਹੈ। ਅਸੀਂ ਬਹੁਤ ਕੋਸ਼ਿਸ਼ ਕੀਤੀ ਸੀ ਕਿ ਸਾਡੇ ਇਸ ਫੈਸਲੇ ਦਾ ਇਤਿਹਾਸਕ ਗੁਵਾਹ ਵੀ ਪ੍ਰੈਸ ਬਣੇ, ਕਈ ਪੱਤਰਕਾਰਾਂ ਨੂੰ ਸੱਦੇ-ਸੰਦੇਸ਼ ਵੀ ਭੇਜੇ ਪਰ ਪਰ ਸੱਭ ਦਾ ਜਵਾਬ ਸੀ, 'ਜੀ ਸਾਡੇ ਕੋਲ ਸਮਾਂ ਨਹੀਂ ਹੈ- ਛੋਟੇ ਮੋਟੇ ਫੈਸਲਿਆਂ ਦੇ ਗੁਵਾਹ ਬਣਨ ਦਾ, ਕਿਉਂਕਿ ਸਾਡੇ ਕੋਲੋਂ ਤਾਂ ਬਾਬਿਆਂ ਦੇ ਇਤਿਹਾਸਕ ਪ੍ਰੋਗਰਾਮਾਂ ਦੀ ਕਵਰੇਜ਼ ਹੀ ਨਹੀਂ ਨਿਬੜਦੀ।' ਅਸਲ 'ਚ ਉਹਨਾਂ ਦੀ ਕਿਸਮਤ 'ਚ ਹੈ ਹੀ ਨਹੀਂ ਸੀ ਕਿ ਉਹ ਇਤਿਹਾਸਕ ਫੈਸਲੇ ਦੇ ਗਵਾਹ ਬਣਕੇ ਇਤਿਹਾਸ ਰਚਦੇ। ਸਾਨੂੰ ਪਤਾ ਹੈ ਕਿ ਸਾਡੇ ਇਸ ਇਤਿਹਾਸਕ ਫੈਸਲੇ ਨਾਲ ਸਾਡੇ ਉਹਨਾਂ ਦੋਸਤਾਂ ਮਿੱਤਰਾਂ ਜੋ ਥੋਹੜੀ ਮੋਟੀ ਕਾਮਰੇਡੀ ਮੱਸ ਰੱਖਦੇ ਹਨ, ਦੇ ਸੀਨਿਆਂ ਤੇ ਸੱਪ ਮੇਲਿਆ ਹੋਵੇਗਾ, ਉਹਨਾਂ ਸਾਨੂੰ ਬੁਕਲ ਦੇ ਸੱਪ ਤੱਕ ਗਰਦਾਨਦਿਆਂ, ਸਾਨੂੰ ਸਾਮ-ਰਾਜੀ ਝੋਲੀਚੁੱਕ, ਚਮਚੇ, ਗਦਾਰ ਆਦਿ ਤੱਕ ਦੇ ਅਲੰਕਾਰਾਂ ਨਾਲ ਸ਼ਿੰਗਾਰਿਆ ਪਰ ਸਾਨੂੰ ਕੋਈ ਪ੍ਰਵਾਹ ਨਹੀਂ ਸੀ, ਅਸੀਂ ਫੈਸਲਾ ਤਾਂ ਲੈ ਹੀ ਲਿਆ ਸੀ ।

ਹਾਂ ਜੀ 'ਸਾਡਾ ਅਮਰੀਕਾ' ਮੁੱਢ ਤੋਂ ਹੀ ਇਤਿਹਾਸਕ ਫੈਸਲੈ ਲੈਂਦਾ ਆਇਆ ਹੈ।ਐਟਮਬੰਬਾਂ ਦੀ ਪਹਿਲੋਂ-ਪਹਿਲ ਵਰਤੋਂ, ਗਰੀਬ ਦੇਸ਼ਾਂ ਨੂੰ ਆਪਸ 'ਚ ਲੜਾਈ ਰੱਖਣ ਦਾ ਫੈਸਲਾ, ਸਾਮ-ਦਾਮ-ਦੰਡ-ਭੇਦ ਦੀ ਹਰ ਨੀਤੀ ਦੀ ਪਲ ਪਲ ਵਰਤੋਂ, ਪਿੱਛੇ ਜਿਹੇ ਤਾਂ ਬਾਰਡਰਾਂ ਤੇ ਕੰਧਾਂ ਤੱਕ ਕਢਵਾਉਣੀਆਂ, ਵਿਦੇਸ਼ੀਆਂ ਨੂੰ ਵਾਪਿਸ ਪੈਰੀਂ ਮੋੜਣਾ, ਸਹੇਲੀਆਂ ਨੂੰ ਚੁੰਮਣ ਚੱਟਣ ਤੱਕ ਦੇ ਮੌਕੇ ਦੇਣਾ ਲੈਣਾ, ਸੰਸਦ ਭਵਨ ਉਪਰ ਠਾਹ-ਠੂਹ ਕਰਨੀ ਕਰਵਾਉਣੀ ਆਦਿ ਅਨੇਕਾਂ ਇਤਿਹਾਸਕ ਫੈਸਲਿਆਂ ਦਾ ਇਹਨਾਂ ਨੇ ਇਤਿਹਾਸ ਰਚਿਆ ਹੈ। ਆਹ ਬਿਲਕੁੱਲ ਤਾਜ਼ਾ ਤਾਜ਼ਾ ਫੈਸਲਾ ਹੀ ਵੇਖ ਲਉ, 'ਚੜ੍ਹ ਜਾ ਬੱਚਾ ਸੂਲੀ, ਯੂਕਰੇਨ ਨੂੰ ਉਂਗਲ ਲਾ ਲਾ ਕੇ--'ਵਾਹ ਸ਼ੇਰਾ! ਉਡਾ ਦੇ ਰੂਸ ਦੇ ਤੋਤੇ,ਅਸੀਂ ਤੇਰੇ ਮਗਰ ਹਾਂ, ਜੇ ਹਜ਼ਾਰਾਂ ਲੱਖਾਂ ਮਰ ਵੀ ਗਏ(ਸ਼ਹੀਦ ਤਾਂ ਕਹਾਉਣਗੇ), ਘਰ ਬਰਬਾਦ ਹੋ ਗੇ, ਤਾਂ ਕੀ ਗੱਲ ਹੈ? ਅਸੀਂ ਤੇਰੇ ਮਗਰ ਖੜ੍ਹੇ ਹਾਂ, ਘਬਰਾ ਨਾ....!'

ਹੁਣ ਜਦੋਂ ਸੱਭ ਕੁਝ ਡਿਜ਼ੀਟਲ ਹੁੰਦਾ ਜਾ ਰਿਹਾ ਹੈ, ਪੰਡਿਤਾਂ, ਪ੍ਰੋਹਿੱਤਾਂ,ਪਾਦਰੀਆਂ, ਭਾਈਆਂ ਨੇ ਇਤਿਹਾਸਕ ਫੈਸਲਾ ਲੈ ਛੱਡਿਆ ਹੈ ਕਿ ਕਾਕੇ-ਕਾਕੀਆਂ ਦੇ ਫੇਰੇ ਲਾਵਾਂ ਕਰਾਉਣ ਲਈ ਕੌਣ ਘਰਾਂ, ਮੈਰਿਜ ਪੈਲੇਸਾਂ 'ਚ ਜਾਣ ਦਾ ਕਸ਼ਟ ਸਹੇੜੇ ਅਸੀਂ ਤਾਂ ਸੱਭ ਕੁਝ ਆਨਲਾਈਨ ਹੀ ਕਰਵਾ ਦਿਆ ਕਰਾਂਗੇ। ਸਾਡੀ ਫੀਸ, ਦਾਨ ਦੱਕਸ਼ਨਾ, ਖਾਤੇ 'ਚ ਜਮਾਂ ਕਰਵਾਉ ਮੈਸੇਜ਼ ਦਿਓ, ਬੱਚਿਆਂ ਨੂੰ ਸਾਡੇ ਦੱਸੇ ਮੁਤਾਬਿਕ ਬਹਾਓ ਅਸੀਂ ਕੰਪਿਊਟਰ ਤੇ ਬੈਠੇ ਹੀ ਮੰਤਰ ਪੜ੍ਹ ਦਿਆਂਗੇ ਤੇ ਉਹਨਾਂ ਨੂੰ ਪੱਕੇ ਬੰਧਨਾਂ ਦੇ ਕੋਕਿਆਂ 'ਚ ਜੜ ਦਿਆਂਗੇ। ਜਿੱਥੋਂ ਤੱਕ ਸਾਡੇ ਖਾਣੇ-ਪਾਣੇ ਦਾ ਸੰਬੰਧ ਹੈ, ਸੱਭ ਦੇ ਰੇਟ ਫਿਕਸ ਹਨ, ਆਨਲਾਈਨ ਭੇਜ ਦਿਆਂਗੇ, ਖਾਤੇ 'ਚ ਜਮ੍ਹਾਂ ਕਰਵਾ ਦਿਓ, ਤੁਹਾਡੇ ਵੱਲੋਂ ਭੋਗ ਲਵਾਏ ਖਵਾਏ ਖਾਣੇ ਦੀ ਤੁਹਾਡੇ ਪਿੱਤਰਾਂ ਕੋਲ ਪਹੁੰਚ ਤੁਹਾਡੇ ਮੁਬਾਈਲ ਤੇ ਆ ਜਾਵੇਗੀ।

ਮੁਟਿਆਰਾਂ, ਗੱਭਰੂਆਂ ਦੇ ਇਤਿਹਾਸਕ ਫੈਸਲੇ ਨੇ ਮਾਪਿਆਂ ਦੇ ਮਨਾਂ ਦੇ ਬੋਝ ਹਲਕੇ ਕਰ ਦਿੱਤੇ ਨੇ। ਕਹਿੰਦੇ, 'ਕੌਣ ਪਵੇ ਵਿਆਹਾਂ ਦੇ ਝੰਝਟਾਂ 'ਚ? ਬੱਚੇ ਪੈਦਾ ਕਰਨ, ਪਾਲਣਪੋਸ਼ਣ ਦੇ ਕੰਜਰਖਾਨਿਆਂ 'ਚ? ਖਾਉ, ਪੀਉ, ਐਸ਼ ਕਰੋ! ਰੱਜਕੇ ਚਿੱਟੇ ਖਾਉ, ਘੋੜਿਆਂ ਤੇ ਸਵਾਰ ਰਹੋ ਚੌਵੀਂ ਘੰਟੇ। ਘਿਉ ਖੁਰਾਕਾਂ ਤੋਂ ਕਰੋ ਕਿਨਾਰਾ ਐਵੇਂ ਸਰੀਰਾਂ ਦੇ ਵਧੇ ਮਾਸ ਦਾ ਬੋਝ ਚੁੱਕੀ ਫਿਰੋਗੇ। ਤੁਹਾਡੀਆਂ ਫਿਗਰਾਂ ਖਰਾਬ ਹੋਣਗੀਆਂ ਉਹ ਵਾਧੂ! ਵਾਹ ਲਾਉ ਗੈਂਗਸਟਾਰ ਬਣਕੇ ਦਹਿਸ਼ਤਾਂ ਪਾਉਣ ਦੀ। ਆਪਣੀ ਠੁਕ ਬਣਾਕੇ ਰੱਖੋ। ਸਰਕਾਰਾਂ ਦਾ ਕੰਮ ਤਾਂ ਭੌਂਕਣਾਂ ਹੁੰਦੈ ਭੌਂਕੀ ਜਾਣ ਦਿਉ। ਅਜਿਹੇ ਇਤਿਹਾਸਕ ਫੈਸਲੇ ਲੈਂਦੇ ਰਹੋ, ਕੀ ਡਰ ਹੈ? ਜਦੋਂ ਸਾਰੇ ਹੀ ਲੈ ਰਹੇ ਨੇ ਆਪਾਂ ਕਿਹੜੇ ਰੱਬ ਦੇ ਮਾਂਹ ਮਾਰੇ ਨੇ।'



# KB USED AUTO SALES



**8655 B Monterey Street Gilroy, CA 95020**

Kashmiri Bhatia,
Dealer/Broker
408-848-2365

50% OFF WARRANTY
with Qualifying Car Purchase

IN HOUSE
FINANCING AVALIABLE
www. kbusedautosales.com

**ਅਸੀਂ ਖਰੀਦਦਾਰਾਂ ਨੂੰ ਆਸਾਨ ਕਿਸ਼ਤਾਂ ਤੇ ਲੋਨ ਲਈ ਮਦਦ ਕਰਦੇ ਹਾਂ**



Kashmiri Bhatia & his wife

## K&K AUTO REPAIR and Car Wash

63 Muckelemi St
San Juan Bautista 95045

Kashmiri Bhatia (Owner)
831-623-4702

20% OFF LABOUR
on your next qualifying service

Car Care You Can Trust

## CORNING ਵਿਚ ਪੰਜਾਬੀ ਟਰੱਕਰ ਭਰਾਵਾਂ ਦਾ ਆਪਣਾ

# AAA Truck Wash, Tire, and Lube



* We Carry New and Used Tires All Major Brands
* Smart Way Tires Available
* Used Tires Start From & 135
* Old Change $ 189 + Tax
* We also do truck and car washing and waxing
* Friendly and Professional Staff
* We offer truck and car detailing

AAA TRUCKWASH
Sign of Excellence

**ਪੰਜਾਬੀ ਭਰਾਵਾਂ ਲਈ ਸੇਲ**

ਅਸੀਂ ਆਪਣੇ ਪੰਜਾਬੀ ਭਰਾਵਾਂ ਦੀ ਜ਼ਰੂਰਤ ਨੂੰ ਮੁੱਖ ਰੱਖਦੇ ਹੋਏ ਬਰਿਜਸਟੋਨ ਸਟੇਅਰਿੰਗ ਟਾਇਰਾਂ ਦੀ ਸੇਲ ਲਗਾਈ ਹੈ

ਬਰਿਜਸਟੋਨ 283 (ਦੋ ਟਾਇਰ) $1149
ਚਾਈਨੀਜ਼ 749 (ਦੋ ਟਾਇਰ) $749



**ਪੁਰਾਣੇ ਟਾਇਰਾਂ ਦੀ ਸੇਲ**

**ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ**

| | |
|---|---|
| Used Tires American Brand | $99 + Labor |
| Recap Truck Tire | $ 249 + Labor |
| Recap Trailar Tires and Kind | $ 199 + Labor |

NEW & USED
TIRES
WASH, LUBE, BRAKES

Call:
530-824-5134

LUCAS OIL LUCAS INJECTOR CLEANER $28.99

Call:
650-642-0697

**3525 Highway 99, West Corning, CA 96021**
Across the Street from TA Truck Stop